Downloaded from https:// www.studiestoday.com

ਸਰੀਰਕ ਸਿੱਖਿਆ ਅਤੇ ਖੇਡਾਂ

ਦਸਵੀਂ ਸ਼੍ਰੇਣੀ ਲਈ

ਵਿਦਿਆਰਥੀ ਕਾਰਜ ਪੁਸਤਕ

(ਐੱਨ. ਵੀ. ਈ. ਕਿਊ. ਐੱਫ. ਪੱਧਰ-2)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2016 10,000

All rights including those of translation , reproduction
and annotation etc. are reserved by the
Punjab Government

ਅਨੁਵਾਦਕ : ਸ਼੍ਰੀ ਕੁਲਦੀਪ ਵਰਮਾ
ਸੋਧਕ : ਸ਼੍ਰੀਮਤੀ ਹਰਜੀਤ ਕੌਰ
ਭਾਸ਼ਾ ਸੋਧਕ : ਸ਼੍ਰੀਮਤੀ ਬਲਦੀਪ ਕੌਰ

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਤੇ ਅੰਤਰਗਤ ਫ਼ੌਜਦਾਰੀ ਜ਼ੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ : 210/-

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਕਨਵਿਨੀਏਂਟ ਪ੍ਰਿੰਟਰਜ਼, ਜਲੰਧਰ ਰਾਹੀਂ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਪੱਧਰ ਦੇ ਪਾਠ-ਕ੍ਰਮ ਨੂੰ ਆਧੁਨਿਕ ਸੋਚ ਅਤੇ ਖੋਜ ਅਨੁਸਾਰ ਢਾਲਣ ਅਤੇ ਇਨ੍ਹਾਂ ਪਾਠ-ਕ੍ਰਮਾਂ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਰਾਸ਼ਟਰੀ ਪੱਧਰ ਦੀ ਸੋਚ ਨੂੰ ਮੁੱਖ ਰੱਖਦੇ ਹੋਏ ਬੋਰਡ ਨੇ ਪੰਜਾਬ ਸਰਕਾਰ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਵੋਕੇਸ਼ਨਲ ਸਿੱਖਿਆ ਨੂੰ ਪ੍ਰਫੁੱਲਤ ਕਰਨ ਦਾ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਹੋਇਆ ਹੈ। ਇਹ ਪਾਠ-ਪੁਸਤਕ ਇਸੇ ਪ੍ਰੋਗਰਾਮ ਦੀ ਇੱਕ ਲੜੀ ਹੈ।

ਵੱਧ ਰਹੀ ਬੇਰੁਜ਼ਗਾਰੀ ਅਤੇ ਜਨ-ਸੰਖਿਆ ਕਾਰਨ ਵੋਕੇਸ਼ਨਲ ਸਿੱਖਿਆ ਦੀ ਲੋੜ ਦਿਨੋ-ਦਿਨ ਵਧਦੀ ਜਾ ਰਹੀ ਹੈ ਕਿਉਂਕਿ ਵਿਗਿਆਨ ਅਤੇ ਤਕਨੀਕੀ ਉੱਨਤੀ ਦੇ ਯੁੱਗ ਵਿੱਚ ਕਾਰਜ ਕੁਸ਼ਲਤਾ ਵਧਾਉਣ ਲਈ ਵੋਕੇਸ਼ਨਲ ਸਿੱਖਿਆ ਦੀ ਲੋੜ ਹੈ। ਹੁਣ ਵਿਸ਼ਵ ਪੱਧਰ ਤੇ ਵੱਧ ਰਹੇ ਮੁਕਾਬਲੇ, ਉਤਪਾਦਨ ਦੀਆਂ ਬਦਲ ਰਹੀਆਂ ਤਕਨੀਕਾਂ ਅਤੇ ਕਾਰਜ ਖੇਤਰਾਂ ਦੀ ਮੁੜ ਵਿਉਂਤਬੰਦੀ ਲਈ ਵਿਦਿਆਰਥੀਆਂ ਨੂੰ ਢੁੱਕਵੇਂ ਹੁਨਰਾਂ ਰਾਹੀਂ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣਾਉਣ ਦੀ ਜ਼ਰੂਰਤ ਹੈ।

ਕਾਰਜ ਖੇਤਰ ਵਿੱਚ ਪੜ੍ਹੇ-ਲਿਖੇ ਮਾਹਿਰ ਹੁਨਰ-ਮੰਦਾਂ ਦੀ ਸਖ਼ਤ ਜ਼ਰੂਰਤ ਹੋਣ ਕਾਰਨ ਕੇਂਦਰ ਸਰਕਾਰ ਦੁਆਰਾ 'ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ' ਤਿਆਰ ਕਰਕੇ 8 ਅਕਤੂਬਰ, 2011 ਨੂੰ ਵੱਖ ਵੱਖ ਰਾਜਾਂ ਵਿੱਚ ਲਾਗੂ ਕੀਤਾ ਗਿਆ। ਪੰਜਾਬ ਸਰਕਾਰ ਦੁਆਰਾ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਫਰੇਮਵਰਕ ਅਕਾਦਮਿਕ ਸਾਲ 2014-15 ਤੋਂ 'ਨੈਸ਼ਨਲ ਸਕਿਲ ਕੁਆਲੀਫਿਕੇਸ਼ਨ ਫਰੇਮਵਰਕ' ਤਹਿਤ ਪੰਜਾਬ ਰਾਜ ਦੇ ਕੁੱਝ ਚੋਣਵੇਂ ਸਕੂਲਾਂ ਵਿੱਚ ਨੌਵੀਂ ਸ਼੍ਰੇਣੀ ਤੋਂ ਲਾਗੂ ਕੀਤਾ ਗਿਆ ਹੈ ਪਰ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ਾ ਇਸ ਅਕਾਦਮਿਕ ਸਾਲ-2015-16 ਤੋਂ ਦਸਵੀਂ ਸ਼੍ਰੇਣੀ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਇਸ ਵਿਸ਼ੇ ਨਾਲ ਸੰਬੰਧਤ ਇਹ ਪੁਸਤਕ ਵੀ ਤਿਆਰ ਕੀਤੀ ਗਈ ਹੈ। ਫਰੇਮਵਰਕ ਅਧੀਨ ਵੱਖ-ਵੱਖ ਟਰੇਡਜ਼ ਦੇ ਪ੍ਰੀਖਿਆਰਥੀਆਂ ਨੂੰ ਬੋਰਡ ਪ੍ਰੀਖਿਆ ਪਾਸ ਕਰਨ ਦੇ ਨਾਲ-ਨਾਲ ਨੈਸ਼ਨਲ ਸਕਿਲ ਡਵੈਲਪਮੈਂਟ ਕਾਰਪੋਰੇਸ਼ਨ (N.S.D.C) / ਸੈਕਟਰ ਸਕਿਲਜ ਕਾਊਂਸਲ (S.S.C) ਵਲੋਂ ਪ੍ਰੀਖਿਆਰਥੀਆਂ ਦੀ ਹੁਨਰ ਦੀ ਮਹਾਰਤਾ ਨੂੰ ਪ੍ਰਮਾਣਿਤ ਕੀਤਾ ਜਾਵੇਗਾ। ਇਸ ਪ੍ਰਮਾਣ ਪੱਤਰ ਦੇ ਅਧਾਰ ਤੇ ਵਿਦਿਆਰਥੀ ਐੱਨ. ਐੱਸ. ਕਿਊ. ਐੱਫ. ਵਲੋਂ ਨਿਰਧਾਰਿਤ ਪੱਧਰ ਅਨੁਸਾਰ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਮੰਨਿਆ ਜਾਵੇਗਾ।

ਰਾਸ਼ਟਰੀ ਸੋਚ ਨੂੰ ਮੁੱਖ ਰੱਖਦੇ ਹੋਏ ਇਹ ਪੁਸਤਕ ਸਾਲ 2015-16 ਤੋਂ ਪਹਿਲੀ ਵਾਰ ਛਪਾਈ ਜਾ ਰਹੀ ਹੈ। ਇਹ ਪੁਸਤਕ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਪੁਸਤਕ ਵਿੱਚ ਸੁਧਾਰ ਲਿਆਉਣ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ
ਪੰਜਾਬ ਸਕੂਲ ਸਿੱਖਿਆ ਬੋਰਡ

Downloaded from https:// www.studiestoday.com

Downloaded from https:// www.studiestoday.com

ਵਿਸ਼ਾ-ਵਸਤੂ

ਲੜੀ ਨੰ:	ਵਿਸ਼ਾ ਸੂਚੀ	ਪੰਨਾ ਨੰ.
A	ਯੂਨਿਟ I	
	ਸਰੀਰਕ ਸਿੱਖਿਆ ਦਾ ਵਿਕਾਸ	
1	ਭੂਮਿਕਾ	4
2	ਖੇਤਰ ਬਾਰੇ	5
3	ਧੰਨਵਾਦ	7
4	ਤੁਹਾਡੀ ਕਾਰਜ-ਪੁਸਤਕ ਬਾਰੇ	9
5	ਸ਼ੈਸ਼ਨ-1 : ਸਰੀਰਕ ਸਿੱਖਿਆ ਦੇ ਵਿਕਾਸ ਨੂੰ ਸਮਝਣਾ	12
6	ਸ਼ੈਸ਼ਨ-2 : ਪੁਰਾਤਨ ਅਤੇ ਆਧੁਨਿਕ ਉਪਲੰਪਿਕ ਖੇਡਾਂ ਦੇ ਅੰਤਰ ਨੂੰ ਸਮਝਣਾ	25
7	ਸ਼ੈਸ਼ਨ-3 : ਭਾਰਤੀ ਖੇਡ ਸਮਾਗਮਾਂ ਦੇ ਵਿਕਾਸ ਨੂੰ ਸਮਝਣਾ	32
8	ਸ਼ੈਸ਼ਨ-4 : ਸਮਾਜ ਵਿੱਚ ਖੇਡਾਂ ਦੇ ਥਾਂ ਨੂੰ ਪਹਿਚਾਨਣਾ	44
B	ਯੂਨਿਟ II	
	ਸਿਹਤ ਅਤੇ ਤੰਦਰੁਸਤੀ	
9	ਭੂਮਿਕਾ	56
1●	ਖੇਤਰ ਬਾਰੇ	58
11	ਧੰਨਵਾਦ	6●

Downloaded from https:// www.studiestoday.com

Downloaded from https:// www.studiestoday.com

12	ਤੁਹਾਡੀ ਕਾਰਜ-ਪੁਸਤਕ ਬਾਰੇ	62
13	ਸ਼ੈਸ਼ਨ-1 : ਸਿਹਤ ਸਿੱਖਿਆ, ਸਫਾਈ ਅਤੇ ਸੰਚਾਰੀ (ਛੂਤ) ਰੋਗਾਂ ਨੂੰ ਸਮਝਣਾ	65
14	ਸ਼ੈਸ਼ਨ-2 : ਮਨੁੱਖੀ ਸਰੀਰ ਦੇ ਕੰਮਾਂ ਨੂੰ ਸਮਝਣਾ	88
15	ਸ਼ੈਸ਼ਨ-3 : ਆਪਣੀ ਤੰਦਰੁਸਤੀ ਕਿਵੇਂ ਚੈੱਕ ਕਰੀਏ	95

C ਯੂਨਿਟ III

ਖੇਡਾਂ ਅਤੇ ਸਪੋਰਟਸ

16	ਭੂਮਿਕਾ	114
17	ਖੇਤਰ ਬਾਰੇ	116
18	ਧੰਨਵਾਦ	118
19	ਤੁਹਾਡੀ ਕਾਰਜ ਪੁਸਤਕ ਬਾਰੇ	12●
2●	ਸ਼ੈਸ਼ਨ-1 : ਪ੍ਰੀ ਸਕੂਲ ਬੱਚੇ ਲਈ ਬੁਨਿਆਦੀ ਹੁਨਰ ਦੇ ਗਿਆਨ ਦਾ ਪ੍ਰਦਰਸ਼ਨ	125
21	ਸ਼ੈਸ਼ਨ-2 : ਪ੍ਰਾਇਮਰੀ ਸਕੂਲ ਵਿੱਚ ਸਰੀਰਕ ਸਿੱਖਿਆ ਦੀ ਪੜ੍ਹਾਈ (ਗ੍ਰੇਡ 1 ਅਤੇ ਗ੍ਰੇਡ-2)	141
22	ਸ਼ੈਸ਼ਨ-3 : ਪ੍ਰਾਇਮਰੀ ਸਕੂਲ ਵਿੱਚ ਸਰੀਰਕ ਸਿੱਖਿਆ ਦੀ ਪੜ੍ਹਾਈ (ਗ੍ਰੇਡ 3 ਅਤੇ ਗ੍ਰੇਡ-5)	154
23	ਸ਼ੈਸ਼ਨ-4 : ਮਿਡਲ ਸਕੂਲ ਵਿੱਚ ਸਰੀਰਕ ਸਿੱਖਿਆ ਦੀ ਪੜ੍ਹਾਈ (ਗ੍ਰੇਡ 6 ਅਤੇ ਉਸ ਤੋਂ ਉਪਰ)	17●
24	ਸ਼ੈਸ਼ਨ-5 : ਯੋਗ ਕਸਰਤ ਦਾ ਪ੍ਰਦਰਸ਼ਨ (ਬੇਸਿਕ)	2●5

Downloaded from https:// www.studiestoday.com

Downloaded from https:// www.studiestoday.com

D ਯੂਨਿਟ IV

ਖਿਡਾਰੀ ਦਾ ਵਿਕਾਸ

25	ਭੂਮਿਕਾ	218
26	ਖੇਤਰ ਬਾਰੇ	220
27	ਧੰਨਵਾਦ	222
28	ਤੁਹਾਡੀ ਕਾਰਜ-ਪੁਸਤਕ ਬਾਰੇ	224
29	ਸ਼ੈਸ਼ਨ-1 : ਕਰੂਪ ਰੋਗ ਦੀ ਪਛਾਣ ਅਤੇ ਸੁਧਾਰਨ ਦੇ ਢੰਗ	227
30	ਸ਼ੈਸ਼ਨ-2 : ਬੇਸਿਕ ਟਰੇਨਿੰਗ ਦੇ ਤਰੀਕੇ ਪ੍ਰਦਰਸ਼ਿਤ ਕਰਨਾ	240
31	ਸ਼ੈਸ਼ਨ-3 : ਸਰੀਰਕ ਸਿੱਖਿਆ ਅਤੇ ਖੇਡ ਵਿੱਚ ਹਿੱਸਾ ਲੈਣ ਲਈ ਸੁਰੱਖਿਅਤ ਤਰੀਕੇ ਸਿਖਾਉਣਾ	248
32	ਸ਼ੈਸ਼ਨ-4 : ਮੁੱਢਲੀ ਸਹਾਇਤਾ ਦੀ ਸਿੱਖਿਆ	259

E ਯੂਨਿਟ V

ਟੀਚਿੰਗ-ਲਰਨਿੰਗ

33	ਭੂਮਿਕਾ	272
34	ਖੇਤਰ ਬਾਰੇ	274
35	ਧੰਨਵਾਦ	276
36	ਤੁਹਾਡੀ ਕਾਰਜ-ਪੁਸਤਕ ਬਾਰੇ	278

Downloaded from https:// www.studiestoday.com

Downloaded from https:// www.studiestoday.com

37	ਸ਼ੈਸ਼ਨ-1 : ਸਿਖਾਉਣ ਲਈ ਸਿੱਖਣਾ ਅਤੇ ਸਿੱਖਣ ਲਈ ਸਿਖਾਉਣਾ	28●
38	ਸ਼ੈਸ਼ਨ-2 : ਪੜ੍ਹਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਦੀ ਵਿਆਖਿਆ ਕਰਨਾ	293
39	ਸ਼ੈਸ਼ਨ-3 : ਪ੍ਰਭਾਵਸ਼ਾਲੀ ਸੰਚਾਰ ਕਲਾਵਾਂ ਦੀ ਵਿਆਖਿਆ	3●●
4●	ਸ਼ੈਸ਼ਨ-4 : ਕਿਸੇ ਈਵੈਂਟ ਨੂੰ ਯੋਜਨਾਬਧ ਕਰਨ ਦੀ ਵਿਆਖਿਆ	31●

F ਯੂਨਿਟ VI

ਸਪੋਰਟਸ ਈਵੈਂਟ ਦਾ ਪ੍ਰਬੰਧ ਕਰਨਾ

41	ਭੂਮਿਕਾ	32●
42	ਖੇਤਰ ਬਾਰੇ	322
43	ਧੰਨਵਾਦ	324
44	ਤੁਹਾਡੀ ਕਾਰਜ-ਪੁਸਤਕ ਬਾਰੇ	326
45	ਸ਼ੈਸ਼ਨ-1 : ਔਫੀਸੀਏਟਿੰਗ ਵਿੱਚ ਮੁੱਢਲੀ ਨਿਪੁੰਨਤਾ ਪੈਦਾ ਕਰਨੀ	329
46	ਸ਼ੈਸ਼ਨ-2 : ਗਰਾਊਂਡ ਮੈਦਾਨ ਅਤੇ ਕੋਰਟ ਮਾਰਕਿੰਗ ਦੀ ਸਿੱਖਿਆ	353
47	ਸ਼ੈਸ਼ਨ-3 : ਸਪੋਰਟਸ ਸਹੂਲਤ ਅਤੇ ਸਮਾਨ ਦੇ ਸੰਭਾਲ ਦੀ ਸਿੱਖਿਆ	362
48	ਸ਼ੈਸ਼ਨ-4 : ਖੇਡ ਦਿਵਸ ਮਨਾਉਣ ਦੀ ਸਿੱਖਿਆ ਅਤੇ ਟੂਰਨਾਮੈਂਟ	368

G ਯੂਨਿਟ VII

ਪੋਸ਼ਣ (ਟਚਵਗਜਵਜਰਅ)

49	ਭੂਮਿਕਾ	386

Downloaded from https:// www.studiestoday.com

Downloaded from https:// www.studiestoday.com

50	ਖੇਤਰ ਬਾਰੇ	388
51	ਧੰਨਵਾਦ	390
52	ਤੁਹਾਡੀ ਕਾਰਜ-ਪੁਸਤਕ ਬਾਰੇ	392
53	ਸ਼ੈਸ਼ਨ-1 : ਪੋਸ਼ਣ ਦੀ ਭੂਮਿਕਾ ਅਤੇ ਭੋਜਨ ਪਿਰਾਮਿਡ ਦੀ ਵਰਤੋਂ ਨੂੰ ਸਮਝਣਾ	394
54	ਸ਼ੈਸ਼ਨ-2 : ਕੈਲੋਰੋਫਿਕ ਮੁੱਲ ਦੀ ਗਣਨਾ ਕਰਨਾ	417
55	ਸ਼ੈਸ਼ਨ-3 : ਖੁਰਾਕ ਅਤੇ ਭਾਰ ਵਿਚਲੇ ਸੰਬੰਧ ਨੂੰ ਸਮਝਣਾ	425

Downloaded from https:// www.studiestoday.com

Downloaded from https:// www.studiestoday.com

ਸਰੀਰਕ ਸਿੱਖਿਆ ਅਤੇ ਖੇਡਾਂ

ਮਾਡਿਊਲ–1

ਸਰੀਰਕ ਸਿੱਖਿਆਂ ਦਾ ਵਿਕਾਸ

ਐੱਨ. ਐੱਸ. ਕਿਊ. ਐੱਫ. ਲੈਵਲ 2 – ਕਲਾਸ ਦਸਵੀਂ

ਵਿਦਿਆਰਥੀ ਕਾਰਜ ਪੁਸਤਕ



ਪੀ.ਐੱਸ.ਐੱਸ ਕੇਂਦਰੀ ਕਾਰਜ ਸਿੱਖਿਆ ਸੰਸਥਾ, ਐੱਨ. ਸੀ. ਈ. ਆਰ. ਟੀ, ਭੋਪਾਲ
PSS Central Institute of Vocational Education, NCERT, Bhopal

Downloaded from https:// www.studiestoday.com

Downloaded from https:// www.studiestoday.com

ਚੇਤਾਵਨੀ

ਪੀ.ਐੱਸ.ਐੱਸ. ਕੇਂਦਰੀ ਕਿੱਤਾ ਮੁਖੀ ਸੰਸਥਾ, 2014 ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ । ਕਾਪੀ ਰਾਈਟ ਐਕਟ ਅਧੀਨ ਅਧਿਕਾਰਤ ਮੰਤਵਾਂ ਤੋਂ ਇਲਾਵਾ, ਪੂਰਵ ਲਿਖਤੀ ਆਗਿਆ ਤੋਂ ਬਿਨਾਂ ਨਕਲ, ਰੂਪਾਂਤਰਣ, ਇਲੈਟ੍ਰੋਨਿਕ ਸੰਗ੍ਰਹਿਣ ਅਤੇ ਸੰਚਾਰਣ ਉਤੇ ਪੂਰੀ ਤਰ੍ਹਾਂ ਪਾਬੰਦੀ ਹੈ ।

Downloaded from https:// www.studiestoday.com

Downloaded from https:// www.studiestoday.com

ਵਿਸ਼ਾ- ਸੂਚੀ	
ਭੂਮਿਕਾ	4
ਖੇਤਰ ਬਾਰੇ	5
ਧੰਨਵਾਦ	7
ਤੁਹਾਡੀ ਕਾਰਜ ਪੁਸਤਕ ਬਾਰੇ	9
ਮਡਿਊਲ - 1 ਸਰੀਰਕ ਸਿੱਖਿਆ ਦਾ ਵਿਕਾਸ	
ਸ਼ੈਸ਼ਨ– 1 : ਸਰੀਰਕ ਸਿੱਖਿਆ ਦੇ ਵਿਕਾਸ ਨੂੰ ਸਮਝਣਾ	12
ਸ਼ੈਸ਼ਨ– 2 : ਪੁਰਾਤਨ ਅਤੇ ਆਧੁਨਿਕ ਉਪਲੰਪਿਕ ਖੇਡਾਂ ਦੇ ਅੰਤਰ ਨੂੰ ਸਮਝਣਾ	25
ਸ਼ੈਸ਼ਨ –3 : ਭਾਰਤੀ ਖੇਡ ਸਮਾਗਮਾਂ ਦੇ ਵਿਕਾਸ ਨੂੰ ਸਮਝਣਾ	32
ਸ਼ੈਸ਼ਨ –4 : ਸਮਾਜ ਵਿੱਚ ਖੇਡਾਂ ਦੇ ਰੋਲ ਨੂੰ ਪਹਿਚਾਨਣਾ	44

Downloaded from https:// www.studiestoday.com

Downloaded from https:// www.studiestoday.com

ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ (NSQF) 2015 ਵਿਦਿਆਰਥੀਆਂ ਦੇ ਸਕੂਲੀ ਜੀਵਨ ਦੀ ਸਕੂਲ ਤੋਂ ਬਾਹਰ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਗਿਆਨ ਤੋਂ ਅਜਿਹੇ ਗਿਆਨ ਦੀ ਗੱਲ ਕਰਦਾ ਹੈ ਜਿਹੜੇ ਕਿ ਸਕੂਲ, ਘਰ, ਕਮਿਊਨਿਟੀ ਅਤੇ ਕੰਮ ਵਾਲੀ ਥਾਂ 'ਤੇ ਕਿਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

NSQF (National Skill Qualification Framework) ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਤੇ ਖੇਡਾਂ ਦੇ ਲਈ ਇੱਕ ਅਜਿਹੀ ਅਭਿਆਸ ਪੁਸਤਿਕਾ ਦਿੰਦਾ ਹੈ ਜਿਹੜੀ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ (M H R D), ਭਾਰਤ ਸਰਕਾਰ (G O I) ਦੁਆਰਾ ਸਥਾਪਿਤ ਸਿਧਾਤਾਂ ਤੇ ਅਗਵਾਈ ਲੀਹਾਂ ਅਨੁਸਾਰ ਮਾਨਤਾ ਪ੍ਰਾਪਤ ਵਿਦਿਅਕ ਪ੍ਰੰਬੰਧ ਨੂੰ ਸਕੂਲਾਂ ਦੇ ਕਿੱਤਾਮਈ ਸਿੱਖਿਆ, ਟ੍ਰੇਨਿੰਗ ਸੰਸਥਾਵਾਂ, ਤਕਨੀਕੀ ਸਿੱਖਿਆ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਗੂ ਕਰਨ ਦੀ ਗੱਲ ਕਰਦਾ ਹੈ। N S Q F ਇੱਕ ਅਜਿਹੇ ਪਾਰਦਰਸ਼ੀ ਯੋਗਤਾਵਾਂ, ਅੰਤਰ-ਖੇਤਰ ਸਿੱਖਣਾ, ਵਿਦਿਆਰਥੀ ਕੇਂਦਰਤ ਸਿੱਖਣਾ ਅਤੇ ਵੱਖ-ਵੱਖ ਯੋਗਤਾਵਾਂ ਵਿੱਚ ਆਪਸੀ ਤਾਲਮੇਲ ਦੀ ਗੱਲ ਕਰਦਾ ਹੈ । ਜਿਸਦਾ ਕਿ ਜੀਵਨ ਭਰ ਪ੍ਰਭਾਵ ਰਹਿੰਦਾ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਗਰੇਡ IX ਤੋਂ ਗਰੇਡ XII ਤੱਕ ਵੱਖ-ਵੱਖ ਸੁਝਾਵਾਂ ਅਤੇ ਸੰਸਥਾਵਾਂ ਤੋਂ ਪ੍ਰਾਪਤ ਪ੍ਰਕ੍ਰਿਆ ਰਾਹੀ ਤਿਆਰ ਕੀਤੀ ਗਈ ਹੈ ।

SCEALS ਕਿ ਹਰਿਆਣਾ ਸਕੂਲ ਸਿੱਖਿਆ ਵਿਭਾਗ ਦਾ ਇੱਕ ਭਾਗ ਹੈ ਨੇ ਇੱਕ ਅਜਿਹਾ ਮੌਡੂਲਰ ਕਰੀਕੁਲਾ (Modular curricula) ਅਤੇ ਸਿੱਖਣ ਸਮੱਗਰੀ (ਇਕਾਈ) ਦਾ ਮੈਟੀਰੀਅਲ ਕਿੱਤਾਮਈ ਸਿੱਖਿਆ ਦੇ ਲਈ ਸਰੀਰਕ ਸਿੱਖਿਆ ਅਤੇ ਖੇਡਾਂ ਦੇ ਖੇਤਰ ਲਈ ਤਿਆਰ ਕੀਤਾ ਹੈ। ਸਰੀਰਕ ਸਿੱਖਿਆ ਟਰੇਨਰ ਦੀ ਭੂਮਿਕਾ N S Q F ਪੱਧਰ ਇੱਕ ਤੋਂ ਚਾਰ ਹੈ । ਪੱਧਰ ਇੱਕ ਗਰੇਡ IX ਦੇ ਸਮਾਨ ਹੈ । ਪੱਧਰ ਚਾਰ ਗਰੇਡ XII ਦੇ ਬਰਾਬਰ ਕੀਤਾ ਗਿਆ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਤੋਤਾ-ਰਟਨ ਨੂੰ ਨਿਰਉਤਸ਼ਾਹਿਤ ਕਰਦੀ ਹੈ ਅਤੇ ਵੱਖਰੇ-ਵੱਖਰੇ ਵਿਸ਼ਿਆਂ ਵਿੱਚ ਜਰੂਰੀ ਭਾਗ ਬਣਾਉਂਦੀ ਹੈ । ਅਭਿਆਸ ਪੁਸਤਿਕਾ ਦੀ ਕੋਸ਼ਿਸ਼ ਹੈ ਪ੍ਰਯੋਗੀ ਸਿੱਖਿਆ ਛੋਟੇ ਭਾਗਾਂ ਵਿੱਚ ਵਿਚਾਰ, ਚਰਚਾ ਅਤੇ ਗਤੀਵਿਧੀਆਂ ਨੂੰ ਤਜਰਬੇ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਤੋਂ ਹੈ । ਸਾਨੂੰ ਉਮੀਦ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਵਿਦਿਆਰਥੀ ਕੇਂਦਰਿਤ ਹੋਵੇ ਜਾਂ ਕੀਤੀ ਜਾਵੇ । ਇਹ ਇੱਕ ਵੱਡਾ ਕਦਮ ਹੈ ।

ਇਸ ਯਤਨ ਦੀ ਸਫਲਤਾ ਸਕੂਲ ਮੁੱਖੀਆ ਅਤੇ ਅਧਿਆਪਕਾਂ ਦੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਕਲਪਨਾ ਸ਼ੀਲਤਾ ਵੱਲ ਲੈ ਜਾ ਕੇ ਗਤੀਵਿਧੀਆਂ ਕਰਾਉਣ ਤੇ ਨਿਰਭਰ ਕਰਦੀ ਹੈ । ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਕਿਆ ਵਿੱਚ ਉਦੋਂ ਹੀ ਕੀਮਤਾਂ ਅਤੇ ਨਿਰਮਾਣ ਕਰਨ ਵਿੱਚ ਯੋਗਤਾ ਵਧੇਗੀ ਜੇਕਰ ਉਹ ਸੂਚਨਾ ਪ੍ਰਾਪਤ ਕਰਨ ਵਾਲੇ ਨਹੀ ਹੋਣਗੇ । ਰੋਜ਼ਾਨਾ ਸਮਾਂ ਸਾਰਣੀ ਵਿੱਚ ਇੰਨੀ ਕੁ ਲਚਕਤਾ ਹੋਣੀ ਚਾਹੀਦੀ ਹੈ ਜਿਸ ਨਾਲ ਇਹ ਕੰਮ ਰੂਟੀਨ ਵਿੱਚ ਜੇਕਰ ਨਾਂ ਹੋ ਸਕੇ ਤਾਂ ਪੜਾਉਣ ਦੇ ਦਿਨ ਵਧਾਉਣੇ ਚਾਹੀਦੇ ਹਨ ।

ਹਰੇਕ ਸਕੂਲ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਉਸ ਸਮੇਂ ਹੀ ਪੂਰਾ ਕਰ ਸਕੇਗਾ ਜੇਕਰ ਉਸ ਕੋਲ ਖੇਡਾਂ ਦੀ ਬੁਨਿਆਦੀ ਲੋੜਾਂ ਪੂਰੀਆਂ ਹਨ । ਇਸ ਦੇ ਲਈ ਗੁਆਂਢੀ ਇਲਾਕੇ ਦੇ ਸਕੂਲਾਂ ਦੀ ਵੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਕਿ ਸਥਾਨਕ ਪੱਧਰ ਤੇ ਖੇਡਾਂ ਦੇ ਪੱਧਰ ਨੂੰ ਪ੍ਰੰਫੁਲਿਤ ਕੀਤਾ ਜਾ ਸਕੇ ।

Downloaded from https:// www.studiestoday.com

Downloaded from https:// www.studiestoday.com

ਖੇਤਰ ਬਾਰੇ

ਸਰੀਰਕ ਸਿੱਖਿਆ ਅਤੇ ਖੇਡਾਂ ਦਾ ਖੇਤਰ ਇੱਕ ਅਜਿਹਾ ਖੇਤਰ ਹੈ ਜਿਸਦਾ ਅੱਗੇ ਬਹੁਤ ਸਕੋਪ ਹੈ, ਸਮਾਜ ਤੇ ਇਸ ਦਾ ਬਹੁਤ ਹੀ ਡੂੰਘਾ ਪ੍ਰਭਾਵ ਹੈ । ਦੇਸ਼ ਵਿੱਚ ਖੇਡਾਂ ਪ੍ਰਤੀ ਜਾਗਰੁਕਤਾ ਅਤੇ ਸਭਿਆਚਾਰ ਦੀ ਕਮੀ ਹੈ । ਆਮ ਧਾਰਨਾ ਹੈ ਕਿ ਖੇਡਾਂ ਨੂੰ ਪੜਾਈ ਦੀ ਕੀਮਤ ਤੇ ਹੀ ਵਧਾਇਆ ਜਾ ਸਕਦਾ ਹੈ । ਭਾਰਤ ਵਿੱਚ ਇਸ ਸੰਬੰਧ ਵਿੱਚ ਇੱਕ ਆਮ ਕਹਾਵਤ ਹੈ:

“ਪੜੋਗੇ ਲਿਖੋਗੇ ਬਣੋਗੇ ਨਵਾਬ, ਖੇਲੋਗੇ ਕੁਦੋਗੇ ਬਣੋਗੇ ਖਰਾਬ” ਇਸ ਤਰ੍ਹਾਂ ਦੀਆਂ ਧਾਰਨਾਵਾਂ ਸਰੀਰਕ ਗਤੀਵਿਧੀਆਂ ਵੱਲ ਸਾਡਾ ਸੰਤੁਲਨ ਵਿਗਾੜਦੀਆਂ ਹਨ ।

ਜਿਸ ਤਰ੍ਹਾਂ ਕਿ ਅਸੀਂ ਇਨਾਂ ਸਾਰੇ ਮਸਲਿਆਂ ਜਿਵੇਂ ਖੜੀ ਜੀਵਨ ਸ਼ੈਲੀ, ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਭੋਜਨ ਆਦਤਾਂ, ਤਣਾਵ ਯੁਕਤ ਜੀਵਨ ਕ੍ਰਮ ਨਾਲ ਇੱਕੀਵੀ (21 ਵੀਂ) ਸਦੀ ਵਿੱਚ ਜੀ ਰਹੇ ਹਾਂ । ਇਸ ਅਸੰਤੁਲਨ ਨੂੰ ਬਦਲਣ ਦੀ ਜ਼ਰੂਰਤ ਹੈ, ਨਹੀ ਤਾਂ ਅਸੀਂ ਉਸ ਪੀੜੀ ਦਾ ਸਾਹਮਣਾ ਕਰਾਂਗੇ ਜਿਸਦਾ ਜੀਵਨ ਪਿਛਲੀਆਂ ਪੀੜੀਆ ਤੋਂ ਘੱਟ ਹੋਵੇਗਾ । ਇੱਕ ਅਧਿਐਨ ਅਨੁਸਾਰ 30% ਬੱਚੇ ਮੋਟੇ ਹਨ । ਮੋਟਾਪਾ ਇੱਕ ਬੀਮਾਰੀ ਹੈ । ਖੋਜ ਇਹ ਵੀ ਦਰਸਾਉਂਦੀ ਹੈ ਕਿ 80% ਮੋਟੇ ਬੱਚੇ ਵੱਡੇ ਹੋ ਕੇ ਮੋਟੇ ਹੀ ਰਹਿੰਦੇ ਹਨ ਜੋ ਕਿ ਚਿੰਤਾ ਦਾ ਅੰਕੜਾ ਹੈ । ਇਸ ਕੈਟਾਗਰੀ (ਸ਼੍ਰੇਣੀ) ਵਿੱਚ ਸ਼ੂਗਰ, ਉੱਚ ਕੋਲੋਸਟ੍ਰੋਲ ਅਤੇ ਤਨਾਵ ਸੰਬੰਧਿਤ ਅਨਿਯਤਾਵਾਂ ਆਮ ਹਨ ।

ਕਿਸੇ ਵੀ ਜੀਵਨ ਸ਼ੈਲੀ ਵਿੱਚ ਸਰੀਰਕ ਕ੍ਰਿਆਵਾਂ ਦਾ ਬੀਜ ਉਸਦੇ ਬਚਪਨ ਵਿਚੋਂ ਹੀ ਬੀਜਿਆ ਜਾ ਸਕਦਾ ਹੈ । ਇਹ ਇੱਕ ਅਜਿਹੀ ਆਦਤ ਹੈ ਜੋ ਕਿ ਛੋਟੇ ਹੁੰਦਿਆਂ ਤੋਂ ਹੀ ਪਾਉਣੀ ਚਾਹੀਦੀ ਹੈ । ਇਸ ਤੋਂ ਇਹ ਸਪੱਸਟ ਹੋ ਜਾਂਦਾ ਹੈ ਕਿ ਸਰੀਰਕ ਸਿੱਖਿਆ ਸਾਡੀ ਸਿੱਖਿਆ ਦਾ ਇੱਕ ਅਟੁੱਟ ਅੰਗ ਹੈ । ਅਸੀਂ ਜੀਵਨ ਦੀਆਂ ਕਈ ਕ੍ਰਿਆਵਾਂ ਖੇਡਾਂ ਰਾਹੀ ਸਿੱਖਦੇ ਹਾਂ ਜੋ ਕਿ ਸਾਨੂੰ ਬਿਹਤਰ ਨਾਗਰਿਕ ਬਣਾਉਂਦੀਆਂ ਹਨ ।

ਸਰਕਾਰ ਨੇ ਸਿੱਖਿਆ ਵਿੱਚ ਸਰੀਰਕ ਸਿੱਖਿਆ ਨੂੰ ਇੱਕ ਅਟੁੱਟਵਾਂ ਹਿੱਸਾ ਹੋਣ ਦੀ ਜ਼ਰੂਰਤ ਨੂੰ ਪਹਿਚਾਣ ਲਿਆ ਹੈ ਅਤੇ ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਮਿਆਰੀ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ । ਭਾਰਤ ਵਿੱਚ ਇਹ ਤਾਂ ਇੱਕ ਹੇਠਲੇ ਪੱਧਰ ਦੀ ਦਖਲ ਹੈ ਜੋ ਕਿ ਹੌਲੀ-ਹੌਲੀ ਸਰੀਰਕ ਸਿੱਖਿਆ ਨੂੰ ਖੇਡ ਸੰਬੰਧੀ ਉਦਯੋਗ ਵੱਲ ਲੈ ਕੇ ਜਾਏਗੀ ।

ਇਸ ਸਮੇਂ ਫੌਰੀ ਤੌਰ ਤੇ ਵੱਖ-ਵੱਖ ਪੱਧਰ ਤੇ ਚੰਗੀ ਕਿਸਮ ਦੀ ਸਰੀਰਕ ਸਿੱਖਿਆ ਅਤੇ ਖੇਡ ਅਧਿਕਾਰੀਆਂ ਦੀ ਜ਼ਰੂਰਤ ਹੈ। ਇਹ ਜ਼ਰੂਰਤ ਆਉਣ ਵਾਲੇ ਸਾਲਾਂ ਵਿੱਚ ਇੱਕ ਧਮਾਕੇ ਨਾਲ ਉਹਨਾਂ ਸਾਰਿਆਂ ਨੂੰ ਮੌਕਾ ਪ੍ਰਦਾਨ ਕਰੇਗੀ ਜੋ ਕਿ ਖੇਡਾਂ ਨਾਲ ਜੁੜਨਾ ਅਤੇ ਖੇਡਾਂ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ।ਇਸ ਖੇਤਰ ਵਿੱਚ ਕਈ ਨੌਕਰੀਆਂ ਦੇ ਮੌਕੇ ਪਹਿਲਾਂ ਤੋ ਹੀ ਹਨ ਜਿਵੇਂ ਸਰੀਰਕ ਸਿੱਖਿਆ ਅਧਿਆਪਕ, ਸਪੋਰਟਸ ਕੋਚ, ਫਿਜੀਓਥਰੈਪਿਸਟਸ, ਪਾਲਣ ਪੋਸ਼ਣ ਕਰਤਾ, ਸਪੋਰਟਸ ਡਾਕਟਰ, ਖੇਡ ਅਧਿਕਾਰੀ, ਭਿੰਨ-ਭਿੰਨ ਖੇਡਾਂ ਦੇ ਮੈਨੇਜਰ ਆਦਿ ਕੁੱਝ ਇਨ੍ਹਾਂ ਵਿੱਚੋਂ ਹਨ ।

ਇਸ ਖੇਤਰ ਵਿੱਚ ਪੇਸ਼ਾਵਰਾਂ (Professionals) ਦੀ ਮੰਗ ਅਤੇ ਪੂਰਤੀ ਵਿੱਚ ਗੈਪ (ਪਾੜਾ) ਹੈ । ਜੋ ਕਿ ਗੁਣਤਾ ਦੇ ਨਾਲ-ਨਾਲ ਸੰਖਿਆ ਵਿੱਚ ਵੀ ਹੈ । ਸਰੀਰਕ ਸਿਖਲਾਈ ਅਤੇ ਖੇਡਾਂ ਵਾਲੇ ਕਿੱਤਾਮਈ ਕੋਰਸ (ਵੋਕੇਸ਼ਨਲ ਕੋਰਸ) ਇਸ ਖੇਤਰ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਬੁਨਿਆਦੀ ਪੱਧਰ ਵੀ ਦਿੰਦੇ ਹਨ । ਇਸ ਕੋਰਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸ਼ੁਰੂਆਤੀ ਦਰਜੇ ਦਾ ਗਿਆਨ ਹੋਣਾ ਚਾਹੀਦਾ ਹੈ । ਇਹ ਕਲਾਵਾਂ ਸਿੱਖਿਆ ਦੇ ਖੇਤਰ ਵਿੱਚ ਜਾਂ ਰੋਜਗਾਰ ਅੱਗੇ ਵੱਧਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਹਨ ।

Downloaded from https:// www.studiestoday.com

Downloaded from https:// www.studiestoday.com

ਵਿਦਿਆਰਥੀਆਂ ਨੂੰ ਖੇਡ ਦੇ ਖੇਤਰ ਵਿੱਚ ਜੋ ਮੌਕੇ ਚਾਹੀਦੇ ਹਨ, ਉਹ ਹੇਠ ਲਿਖੀ ਸਾਰਣੀ ਅਨੁਸਾਰ ਹਨ:-

ਸੈਲਫ (ਖੁੱਦ)	ਸਕੂਲਜ	ਸਪੋਰਟਸ ਅਕੈਡਮੀ	ਫਿਟਨੈੱਸ ਸੈਂਟਰ (ਕੇਂਦਰ)	ਹਸਪਤਾਲ	ਸਪੋਰਟਸ ਈਵੈਂਟਸ
ਪੇਸ਼ਾਵਰ ਖਿਡਾਰੀ	- ਸਰੀਰਕ ਸਿੱਖਿਆ ਅਧਿਆਪਕ - ਸ਼ੁਰੂਆਤ ਵਿੱਚ ਫਿਜੀਕਲ ਟਰੇਨਰਜ - ਸਪੋਰਟਸ ਕੋਚ	- ਸਪੋਰਟਸ ਕੋਚ - ਸਹੂਲਤ ਮੈਨੇਜਰ - ਅਕੈਡਮੀ ਮੈਨੇਜਰ	- ਫਿਟਨੈੱਸ ਟਰੇਨਰਜ - ਪਾਲਣ ਪੋਸ਼ਣ ਕਰਤਾ	- ਸਪੋਰਟਸ ਡਾਕਟਰ -ਫਿਜੀਓਥਰੈਪਿਟਸ - ਪਾਲਣ ਪੋਸ਼ਣ ਕਰਤਾ	-ਈਵੈਂਟ ਮੈਨੇਜਰ -ਅਧਿਕਾਰੀ -ਟਿਪਣੀਕਾਰ ਜਰਨਲਇਸਟ (ਪੱਤਰਕਾਰ)

ਜਿਵੇਂ ਕਿ ਇਸ ਖੇਤਰ ਵਿੱਚ ਜ਼ਿਆਦਾਤਰ ਨੌਕਰੀਆਂ ਕਰਨ ਵਾਲੇ ਕਰਮਚਾਰੀਆਂ ਨੂੰ ਆਪਣੇ ਨਾਲ ਦੇ ਸਾਥੀਆਂ ਨਾਲ ਵਰਤਣਾ ਪੈਂਦਾ ਹੈ, ਇਸ ਸੰਬੰਧ ਵਿੱਚ ਉਨ੍ਹਾਂ ਨੂੰ ਕਈ ਕਲਾਵਾਂ ਲੋੜੀਂਦੀਆਂ ਹਨ । ਪੱਧਰ-1 ਦਾ ਵੋਕੇਸ਼ਨਲ ਕੋਰਸ ਵਿਦਿਆਰਥੀਆਂ ਨੂੰ ਕਈ ਕਲਾਵਾਂ ਸਿਖਾਉਣ ਵਿੱਚ ਮਦਦ ਕਰੇਗਾ । ਇਸ ਖੇਤਰ ਲਈ ਤਾਂ ਜੋ ਉਨ੍ਹਾਂ ਨੂੰ ਇਸਦੇ ਸਕੋਪ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਨੂੰ ਆਪਣੀ ਅੰਦਰੂਨੀ Choice ਨੂੰ ਘੋਖਣ ਦਾ ਮੌਕਾ ਮਿਲੇ ।

ਜਿਵੇਂ ਕਿ ਕੋਰਸ ਪੱਧਰ-2 ਤੱਕ ਵੱਧਦਾ ਹੈ ਵਿਦਿਆਰਥੀ ਗਰਾਊਂਡ ਮਾਰਕਿੰਗ ਕਰਨ ਵਿੱਚ ਪੱਕਾ ਹੋਵੇਗਾ, ਸਰੀਰਕ ਸਿੱਖਿਆਂ ਅਧਿਆਪਕ ਦੀ ਸਕੂਲ ਜਾਂ ਅਕੈਡਮੀ ਵਿੱਚ ਸਹਾਇਤਾ ਕਰੇਗਾ । ਪੱਧਰ-4 ਦੇ ਵਿਦਿਆਰਥੀ ਖੁੱਦ ਸਕੂਲ ਦੇ ਸਰੀਰਕ ਸਿੱਖਿਆ ਡਾਇਰੈਕਟਰ ਜਾਂ ਟੀਮ ਕੋਚ ਦੇ ਸਾਹਮਣੇ ਆਪਣਾ ਪਾਠ ਪੂਰਾ ਕਰੇਗਾ । ਉਨ੍ਹਾਂ ਨੂੰ ਸਰੀਰਕ ਸਿੱਖਿਆ ਦਾ ਬੁਨਿਆਦੀ ਗਿਆਨ ਜਿਵੇਂ- ਸਕਿਲ, ਨਿਯਮ, ਗਰਾਊਂਡ ਮਾਰਕਿੰਗ, ਟੂਰਨਾਮੈਂਟ ਕਰਾਉਣਾ, ਬੁਨਿਆਦੀ ਫਸਟ-ਏਡ ਅਤੇ ਇਸ ਤਰ੍ਹਾਂ ਦੇ ਹੋਰ ਪਾਠ ਆਦਿ ਹੋ ਜਾਏਗਾ । ਉਨ੍ਹਾਂ ਨੂੰ Skill Verse Fitness ਅਤੇ ਉਨ੍ਹਾਂ ਦੋਵਾਂ ਦੀ ਸੁਧਾਰ ਲਈ ਕੀ ਕਰਨਾ ਚਾਹੀਦਾ ਹੈ ਤਾਂ ਗਿਆਨ ਹੋਵੇਗਾ ।

ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਟਰੇਨਰਜ਼ ਦੀ ਖਾਸ ਲੋੜ ਹੈ ਜੋ ਕਿ ਵਿਦਿਆਰਥੀਆਂ ਨੂੰ ਸਰੀਰਕ ਕ੍ਰਿਆਵਾਂ ਕਰਾਉਣ ਲਈ ਉਤਸ਼ਾਹਿਤ ਕਰਨ, ਖੇਡਾਂ ਲਈ ਦਿਲਚਸਪੀ, ਸਮਾਜ ਵਿੱਚ ਰਹਿਣ ਆਦਿ ਲਈ ਵਿਦਿਆਰਥੀਆਂ ਨੂੰ ਇਹ ਕਰਨ ਲਈ ਯੋਗ ਕਰਨਗੇ ।

Downloaded from https:// www.studiestoday.com

Downloaded from https:// www.studiestoday.com

ਧੰਨਵਾਦ

ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਨੌਜਵਾਨਾਂ ਦੀ ਹਮੇਸ਼ਾ ਹੀ ਇੱਕ ਪ੍ਰੇਰਣਾਦਾਇਕ ਦੇਣ ਰਹੀ ਹੈ ।

ਅਸੀਂ ਉਨ੍ਹਾਂ ਸਕੂਲਾਂ ਦਾ ਧੰਨਵਾਦ ਕਰਦੇ ਹਾਂ ਜਿਹੜੇ ਸਾਡਾ ਹਿੱਸਾ ਬਣੇ ਅਤੇ ਜਿਨ੍ਹਾਂ ਨੇ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਸਾਡੀ ਸਹਾਇਤਾ ਕੀਤੀ । ਉਨ੍ਹਾਂ ਨੇ ਸਾਡੇ ਵਿਚਾਰਾਂ ਉੱਤੇ ਵਿਸ਼ਵਾਸ ਕੀਤਾ ਤੇ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿਸ ਦਾ ਸਹੀ ਪ੍ਰਭਾਵ ਸਹੀ ਉਮਰ ਵਿੱਚ ਪਿਆ ।

ਅਸੀਂ ਉਨ੍ਹਾਂ ਸਰੀਰਕ ਸਿੱਖਿਆ ਕਾਲਜਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨਾਂ ਕੇਵਲ ਸਾਨੂੰ ਅਗਵਾਈ ਅਤੇ ਵਿਦਿਆਰਥੀ ਦਿੱਤੇ ਸਗੋਂ ਆਪਣਾ ਸਮਰਥਨ ਵੀ ਜਦੋਂ ਅਸੀਂ ਚਾਹਿਆ ਉਦੋਂ ਹੀ ਦਿੱਤਾ । ਅਸੀਂ ਉਨ੍ਹਾਂ ਸਰੀਰਕ ਸਿੱਖਿਆ ਪੇਸ਼ਾਵਰਾਂ (Professionals) ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਸਾਡੇ ਨਾਲ ਕੰਮ ਕੀਤਾ, ਇਨ੍ਹਾਂ ਦੀ ਸਹਾਇਤਾ ਤੋਂ ਅਸੀਂ ਸਰੀਰਕ ਸਿੱਖਿਆ ਵਿੱਚ ਉਹ ਬਦਲਾਅ ਨਹੀਂ ਲਿਆ ਸਕਦੇ ਸੀ ਜੋ ਅਸੀਂ ਲਿਆਦੇ ਕਿਉਂਕਿ ਸਕੂਲ, ਅਧਿਕਾਰੀ, ਮਾਪੇ ਅਤੇ ਵਿਦਿਆਰਥੀ ਇਨ੍ਹਾਂ ਦੇ ਨਾਲ ਸਿੱਧੇ ਸੰਪਰਕ ਵਿੱਚ ਰਹੇ ।

ਅਸੀਂ ਭਾਰਤ ਦੇ ਉਨ੍ਹਾਂ ਖਿਡਾਰੀਆਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਹ ਕੰਮ ਯੋਗ ਤਰੀਕੇ ਨਾਲ ਕਰਨ ਲਈ ਰਸਤਾ ਵਿਖਾਇਆ ।

ਅਸੀਂ ਆਪਣੇ ਉਨ੍ਹਾਂ ਸਾਰੇ ਸ਼ੁੱਭਚਿੰਤਕਾਂ, ਦੋਸਤਾਂ ਅਤੇ ਸਾਰੇ ਨਿਵੇਸ਼ ਕਰਨ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਖੁੱਲਦਿਲੀ ਨਾਲ ਸਾਡੇ ਇਸ ਯਤਨ ਨੂੰ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿੱਥੇ ਅਸੀਂ ਆਪਣੇ ਵਿਚਾਰ, ਉਤਪਾਦ ਅਤੇ ਸੇਵਾਵਾਂ ਉਨ੍ਹਾਂ ਦੇ ਸਾਹਮਣੇ ਰੱਖੀਆ ਜਿਹੜੀਆਂ ਕਿ ਉਨ੍ਹਾਂ ਦੁਆਰਾ ਦਿੱਤੇ ਮੌਕੇ ਤੇ ਵਿਸਵਾਸ਼ ਤੋਂ ਬਿਨਾਂ ਸੰਭਵ ਨਹੀਂ ਸਨ ।

ਸਾਡੀ ਇਸ ਪ੍ਰੇਰਣਾ ਨਾਲ ਕਿੱਤਾਮਈ ਕੋਰਸ ਸਕੂਲਾਂ ਵਿੱਚ ਸ਼ੁਰੂ ਹੋਏ ਅਤੇ ਸਾਨੂੰ ਵਿਦਿਆਰਥੀਆਂ ਦੇ ਚਿਹਰੇ ਤੇ ਮੁਸਕਰਾਹਟ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਅਸੀਂ ਸਿਹਤ ਅਤੇ ਤੰਦਰੁਸਤ ਰਾਸ਼ਟਰ ਵੱਲ ਇੱਕ ਕਦਮ ਵਧਾਇਆ ਹੈ।

ਅਸੀਂ ਮਨੁੱਖੀ ਸਰੋਤ ਮੰਤਰਾਲੇ (M H R D), ਭਾਰਤ ਸਰਕਾਰ (G O I) ਅਤੇ N S D C ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਸਕੂਲ ਪਾਠਕ੍ਰਮ ਦਾ ਹਿੱਸਾ ਬਣਾਉਦੇ ਹੋਏ ਸਾਡੀ ਇਸ ਸਹਿਭਗਤਾ ਨੂੰ ਸਲਾਇਆ ।

ਅਸੀਂ ਅਤੇ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਦੇ ਇੱਕਠੇ ਯਤਨਾਂ ਸਦਕਾ ਹੈਂਡ ਬੁੱਕ ਪਾਠਕ੍ਰਮ ਪੱਧਰ–II ਲਿਆਉਣ ਵਿੱਚ ਮਦਦ ਮਿਲੀ ।

Downloaded from https:// www.studiestoday.com

Downloaded from https:// www.studiestoday.com

ਅਸੀਂ Dr. Vinay Swarup Mehrotra, ਹੈੱਡ ਪਾਠਕ੍ਰਮ ਵਿਕਾਸ ਅਤੇ ਮੁਲਾਂਕਣ ਕੇਂਦਰ (C D E C) , PSSCIVE , Prof-R.B Shivagunde ਸੰਯੁਕਤ ਡਾਇਰੈਕਟਰ, PSSCIVE, ਸਕੂਲ ਸਿੱਖਿਆ ਵਿਭਾਗ ਹਰਿਆਣਾ ਜਿਨ੍ਹਾਂ ਨੇ ਆਪਣੇ ਸਮਰਥਨ ਅਤੇ ਅਗਵਾਈ ਨਾਲ N S Q F ਅਨੁਸਾਰ ਪਾਠਕ੍ਰਮ ਤਿਆਰ ਕਰਨ ਵਿੱਚ ਸਹਾਇਤਾ ਕੀਤੀ ।

ਅਸੀਂ Edusports Lasourmentਅਤੇ Wadhworm ਫਾਊਡੇਸ਼ਨ ਵੱਲੋਂ ਵੀ ਦਿਤੀ ਗਈ ਦੇਣ ਅਤੇ ਸਹਾਇਤਾ ਲਈ ਵੀ ਇਸ ਪਾਠਕ੍ਰਮ ਨੂੰ ਤਿਆਰ ਕਰਨ ਲਈ ਧੰਨਵਾਦੀ ਹਾਂ ।

ਧੰਨਵਾਦ
S C E A L S
ਹਰਿਆਣਾ ਸਰਕਾਰ
ਫਰੀਦਾਬਾਦ ।

Downloaded from https:// www.studiestoday.com

Downloaded from https:// www.studiestoday.com

ਤੁਹਾਡੀ ਕਾਰਜ ਪੁਸਤਕ ਬਾਰੇ

ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਅਗਵਾਈ ਵਿੱਚ ਅਭਿਆਸ ਪੁਸਤਕ ਵਿੱਚੋ ਕਲਾਸ ਰੂਮ ਵਿੱਚ ਕੰਮ ਕਰਨਾ ਚਾਹੀਦਾ ਹੈ।ਇਸ ਕਿਤਾਬ ਵਿੱਚ ਸੈਸ਼ਨ ਹਨ ਜੋ ਤੁਹਾਨੂੰ ਲੋੜੀਂਦਾ ਗਿਆਨ ਤੇ ਭਿੰਨ-ਭਿੰਨ ਰੂਪ ਜੋ ਇਸ ਮਾਡਿਊਲ ਵਿੱਚ ਹਨ ਬਾਰੇ ਦੱਸਣਗੇ।

ਹਰ ਸੈਸ਼ਨ ਇੰਨਾ ਕੁ ਛੋਟਾ ਹੁੰਦਾ ਹੈ ਕਿ ਅਗਲੇ ਸੈਸ਼ਨ ਤੇ ਜਾਣ ਤੋਂ ਪਹਿਲਾਂ ਇਸ ਨੂੰ ਅਸਾਨੀ ਨਾਲ ਜਜਬ ਕਰ ਲੈਂਦੇ ਹਾਂ। ਪਾਠ ਪੁਸਤਕ ਨੂੰ ਹੋਰ ਜਿਆਦਾ ਅੱਖਾਂ ਨੂੰ ਲੁਭਾਉਣ ਵਾਲੀ ਬਣਾਉਣ ਲਈ ਐਨੀਮੇਟਰ ਤਸਵੀਰਾਂ ਅਤੇ ਹੋਰ ਤਸਵੀਰਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ । ਇਸ ਦੀ ਵਿਸਥਾਰ ਪੂਰਵਕ ਸਿਰਜਨਾ ਲਈ ਤੁਸੀਂ ਆਪਣੀ ਕਲਪਨਾ ਅਨੁਸਾਰ ਕੋਸ਼ਿਸ ਕਰ ਸਕਦੇ ਹੋ ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ । ਆਓ ਦੇਖੀਏ ਸੈਸ਼ਨ ਦੇ ਇਸ ਭਾਗ ਵਿੱਚ ਤੁਹਾਡੇ ਲਈ ਕੀ ਹੈ ?

ਭਾਗ - 1 ਜਾਣ ਪਹਿਚਾਣ :- ਇਹ ਭਾਗ ਇਕਾਈ (Unit) ਦੇ ਵਿਸ਼ੇ ਨਾਲ ਜਾਣੂ ਕਰਵਾਉਂਦਾ ਹੈ।ਇਹ ਭਾਗ ਤੁਹਾਨੂੰ ਇਹ ਵੀ ਦੱਸੇਗਾ ਕਿ ਇਸ ਇਕਾਈ ਦੇ ਅੰਤਰਗਤ ਵੱਖ-ਵੱਖ ਸੈਸ਼ਨਾਂ ਰਾਹੀਂ ਤੁਸੀਂ ਕੀ ਸਿੱਖੋਗੇ ?

ਭਾਗ -2 ਢੁੱਕਵਾ ਗਿਆਨ : - ਇਹ ਭਾਗ ਤੁਹਾਨੂੰ ਇਸ ਸੈਸ਼ਨ ਦੇ ਅੰਦਰ ਆਉਦੇ ਵਿਸ਼ੇ / ਵਿਸ਼ਿਆਂ ਬਾਰੇ ਸੰਬੰਧਿਤ ਜਾਣਕਾਰੀ ਮੁੱਹਈਆ ਕਰਵਾਉਦਾ ਹੈ। ਇਸ ਭਾਗ ਰਾਹੀਂ ਪ੍ਰਾਪਤ ਕੀਤਾ ਗਿਆਨ ਤੁਹਾਨੂੰ ਕਈ ਕ੍ਰਿਆਵਾਂ ਕਰਨ ਦੇ ਯੋਗ ਬਣਾਉਂਦਾ ਹੈ । ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਨੂੰ ਵਿਸ਼ੇ ਦੇ ਵੱਖ-ਵੱਖ ਤੱਥਾਂ ਤੇ ਆਪਣੀ ਸਮਝ ਵਧਾਉਣ ਲਈ ਦਿੱਤੀ ਜਾਣਕਾਰੀ ਨੂੰ ਪੜ੍ਹਨਾ ਚਾਹੀਦਾ ਹੈ ।

ਭਾਗ -3 ਅਭਿਆਸ : ਹਰ ਸੈਸ਼ਨ ਦੇ ਅਭਿਆਸ ਹਨ । ਜਿਨ੍ਹਾਂ ਨੂੰ ਕਿ ਤੁਹਾਨੂੰ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ । ਤੁਸੀਂ ਇਹ ਕ੍ਰਿਆਵਾਂ ਜਮਾਤ ਘਰ ਜਾਂ ਮੈਦਾਨ ਵਿੱਚ ਕਰੋਗੇ । ਇਸ ਭਾਗ ਵਿੱਚ ਆਉਂਦੀਆਂ ਕ੍ਰਿਆਵਾਂ ਤੁਹਾਡੇ ਕੰਮ ਦੀ ਜਗ੍ਹਾਂ 'ਤੇ ਸਮਰਥਾ ਨਾਲ ਕੰਮ ਕਰਨ ਲਈ ਲੋੜੀਂਦੇ ਗਿਆਨ, ਹੁਨਰ ਅਤੇ ਰਵੱਈਏ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ । ਇਹ ਕ੍ਰਿਆਵਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਨਿਗਰਾਨੀ ਹੇਠ ਕਰਨੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ ਅਤੇ ਨਾਲ ਹੀ ਤੁਹਾਡੀ ਕਾਰਗੁਜ਼ਾਰੀ ਨੂੰ ਵਧੀਆ ਕਰਨ ਦਾ ਸੁਝਾਅ ਦੇਣਗੇ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਦੀ ਸਲਾਹ ਨਾਲ ਇੱਕ ਸਮਾਂ ਸਾਰਣੀ ਤਿਆਰ ਕਰੋ ਅਤੇ ਸਖ਼ਤੀ ਨਾਲ ਤੈਅ ਕੀਤੇ ਦਰਜਿਆਂ ਅਤੇ ਨਿਯਮਾਂ ਦੀ ਪਾਲਣਾ ਕਰੋ। ਆਪਣੇ ਅਧਿਆਪਕ ਜਾਂ ਟਰੇਨਰ ਤੋਂ ਕੋਈ ਵੀ ਚੀਜ਼ ਪੁੱਛਣ ਤੋਂ ਸੰਕੋਚ ਨਾ ਕਰੋ ਜੋ ਤੁਹਾਨੂੰ ਸਮਝ ਨਾ ਆਈ ਹੋਵੇ ।

ਭਾਗ -4 ਅਸੈੱਸਮੈਂਟ : ਇਸ ਭਾਗ ਵਿੱਚ ਸ਼ਾਮਲ ਰੀਵਿਊ ਪ੍ਰਸ਼ਨ ਤੁਹਾਡੀ ਤਰੱਕੀ (ਉੱਨਤੀ) ਚੈੱਕ ਕਰਨਗੇ । ਤੁਸੀਂ ਅਗਲੇ ਸੈਸ਼ਨ ਜਾਣ ਤੋਂ ਪਹਿਲਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋਣੇ ਚਾਹੀਦੇ ਹੋ ।

ਭਾਗ -5 ਅਸੈੱਸਮੈਂਟ ਚੈਕਲਿਸਟ : ਚੈਕਲਿਸਟ ਨਾਲ ਤੁਹਾਨੂੰ ਮੌਕਾ ਮਿਲੇਗਾ ਕਿ ਤੁਸੀ ਇਸ ਵਿਸ਼ੇ ਦੇ ਸਾਰੇ ਟਾਪਿਕ ਕਵਰ ਕਰ ਲਏ ਹਨ । ਆਪਣੀ ਸਿੱਖਿਆ ਮਿਣਨ ਲਈ ਇਸ ਨੂੰ ਵਰਤੋਂ ।

Downloaded from https:// www.studiestoday.com

Downloaded from https:// www.studiestoday.com

ਪੀ ਐੱਸ 201-ਐੱਨ ਕਿਊ 2014

ਸਰੀਰਕ ਸਿੱਖਿਆ ਦਾ ਵਿਕਾਸ

Downloaded from https:// www.studiestoday.com

Downloaded from https:// www.studiestoday.com

ਜਾਣ-ਪਛਾਣ



ਪੂਰੀ ਦੁਨੀਆਂ ਵਿੱਚ ਜਿਹੜੀ ਸਰੀਰਕ ਸਿੱਖਿਆ ਵਿੱਚ ਉੱਨਤੀ ਹੋ ਰਹੀ ਹੈ, ਬੜੀ ਦਿਲਚਸਪ ਹੈ ਅਤੇ ਇੱਕ ਖਾਸ ਤਰੀਕੇ ਨਾਲ ਸਮਝਿਆ ਜਾਂਦਾ ਹੈ ਤੇ ਸਰੀਰਕ ਤੰਦਰੁਸਤੀ ਨੂੰ ਚੰਗੀ ਸਿਹਤ ਵਾਸਤੇ ਹੀ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਬਲਕਿ ਇਸ ਨੂੰ ਜ਼ਿੰਦਾ ਰਹਿਣ ਵਾਸਤੇ ਜ਼ਿਆਦਾ ਜ਼ਰੂਰੀ ਮੰਨਿਆ ਜਾਂਦਾ ਹੈ । ਜਦਕਿ ਬਹੁਤ ਸਾਰੀਆਂ ਸਭਿਆਤਾਵਾਂ ਵਿੱਚ ਸਰੀਰਕ ਤੰਦਰੁਸਤੀ ਨੂੰ ਧਰਮ ਅਤੇ ਵਿਸ਼ਵਾਸ ਕਰਕੇ ਨਕਾਰਿਆ ਜਾਂਦਾ ਹੈ । ਉੱਨਵੀਂ ਸਦੀ ਤਕ ਯੂਨਾਨ ਨੂੰ ਛੱਡ ਕੇ ਕਿਸੇ ਵੀ ਰਾਜ ਵਿੱਚ ਸਰੀਰਕ ਸਿੱਖਿਆ ਦੇ ਖੇਤਰ ਵਿੱਚ ਬਹੁਤੀ ਉੱਨਤੀ ਨਹੀਂ ਹੋਈ ।

ਆਮ ਤੌਰ ਤੇ ਸਰੀਰਕ ਸਿੱਖਿਆ ਵਿੱਚ, ਪਿਤਾ ਤੋਂ ਪੁੱਤਰ ਨੂ , ਪੀੜੀ ਦਰ ਪੀੜੀ ਜਿੰਦਾ ਰਹਿਣ ਲਈ ਅਤੇ ਜੰਗ ਲਈ ਸਿਖਾਈ ਜਾਂਦੀ ਸੀ । ਉਸ ਸਮੇਂ ਮਨੁੱਖ ਦੀ ਮੁੱਖ ਲੋੜ ਆਪਣੇ ਆਪ ਨੂੰ ਸ਼ਿਕਾਰ ਵਿੱਚ ਨਿਪੁੰਨ ਬਣਾਉਣਾ , ਜੀਵਤ ਰਹਿਣ ਵਾਸਤੇ ਅਤੇ ਆਪਣੇ ਬਚਾਅ ਵਾਸਤੇ ਆਪਣੇ ਆਪ ਨੂੰ ਤਿਆਰ ਕਰਨਾ ਸੀ ਅਤੇ ਉਸ ਦਾ ਇੱਕੋ – ਇੱਕ ਹੱਲ ਇਹ ਸੀ ਕਿ ਆਪਣੇ ਆਪ ਨੂੰ ਸਰੀਰਕ ਤੌਰ ਤੇ ਤਿਆਰ ਅਤੇ ਸਿੱਖਿਅਤ ਕੀਤਾ ਜਾਵੇ । ਆਦਿ ਮਾਨਵ ਦੇ ਸਮੇਂ ਤੋਂ ਵੈਦਿਕ ਪੀਰੀਅਡ ਅਤੇ ਰੋਮਨ 146 ਬੀ. ਸੀ. ਤੱਕ ਤੈਰਾਕੀ, ਚੜ੍ਹਨਾ, ਦੌੜ ਅਤੇ ਸ਼ਿਕਾਰ ਵਿੱਚ ਨਿਪੁੰਨ ਹੋਣਾ ਉਸ ਸਮੇਂ ਦੀ ਲੋੜ ਸੀ ।

ਅੱਜਕਲ ਦੀ ਸਿੱਖਿਆ ਦੀ ਤਰ੍ਹਾਂ ਸਰੀਰਕ ਉਸਾਰੀ ਨੂੰ ਇਨਸਾਨੀ ਸ਼ਖਸ਼ੀਅਤ ਦਾ ਜਰੂਰੀ ਹਿੱਸਾ ਨਹੀਂ ਮੰਨਿਆ ਜਾਂਦਾ ਸੀ। ਇਸਦਾ ਇੱਕ ਕਾਰਨ ਇਹ ਸੀ ਕਿ ਸਰੀਰਕ ਸਿੱਖਿਆ ਵਿਕਾਸ ਨੂੰ ਦਿਮਾਗੀ ਯੋਗਤਾ ਦੇ ਬਰਾਬਰ ਨਹੀਂ ਮੰਨਿਆ ਜਾਂਦਾ ਸੀ ਹੋਸ਼ਿਆਰ ਲੋਕਾਂ ਨੂੰ ਜਿਆਦਾ ਇੱਜਤ ਮਾਣ ਦਿੱਤਾ ਜਾਂਦਾ ਸੀ ਅਤੇ ਖਾਸ ਮੰਨਿਆ ਜਾਂਦਾ ਸੀ । ਬਹੁਤ ਸਾਰੀਆਂ ਸਭਿਆਤਾਵਾਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਜੋ ਦਿਮਾਗੀ ਤੌਰ ਤੇ ਤਾਕਤਵਰ ਹਨ ਉਹ ਜ਼ਿਆਦਾ ਮਹੱਤਵਪੂਰਨ ਅਤੇ ਸਤਿਕਾਰ ਯੋਗ ਹਨ ਜਦਕਿ ਸਰੀਰਕ ਤੌਰ ਤੇ ਤੰਦਰੁਸਤ ਲੋਕ ਸਮਾਜ ਦੇ ਨੀਵੇਂ ਮੈਂਬਰ ਮੰਨੇ ਜਾਂਦੇ ਸਨ।

ਆਧੁਨਿਕ ਯੁੱਗ ਤੋਂ ਪਹਿਲਾਂ ਸਮਾਜ ਦੀਆਂ ਸੱਚੀਆਂ ਕਦਰਾਂ ਕੀਮਤਾਂ – ਧਨ ਧਰਮ ਅਤੇ ਰੀਤੀ - ਰਿਵਾਜਾਂ ਨੂੰ ਮੰਨਿਆ ਜਾਂਦਾ ਸੀ ਅਤੇ ਸਰੀਰਕ ਕਿਰਿਆ ਦਾ ਸਹੀ ਉਪਯੋਗ ਸਿਰਫ ਫੌਜ ਵਿੱਚ ਸੀ ।

ਸਰੀਰਕ ਸਿੱਖਿਆ ਦੀ ਕ੍ਰਾਂਤੀ ਤੇ ਇਹ 'module' ਸਾਡੀ ਮਦਦ ਕਰਦਾ ਹੈ ।

1. ਸਰੀਰਕ ਸਿੱਖਿਆ ਦੀ ਕ੍ਰਾਂਤੀ ਨੂੰ ਸਮਝਣ ਵਿੱਚ ।
2. ਪੁਰਾਤਨ ਅਤੇ ਆਧੁਨਿਕ ਉਲੰਪਿਕ ਖੇਡਾਂ ਦੇ ਅੰਤਰ ਨੂੰ ਸਮਝਣ ਵਿੱਚ ।
3. ਭਾਰਤੀ ਖੇਡ ਈਵੈਂਟਸ ਦੀ ਕ੍ਰਾਂਤੀ ਨੂੰ ਸਮਝਣ ਵਿੱਚ ।
4. ਸਮਾਜ ਵਿੱਚ ਖੇਡਾਂ ਦੀ ਭੂਮਿਕਾ ਨੂੰ ਸਮਝਣ ਵਿੱਚ ।

Downloaded from https:// www.studiestoday.com

Downloaded from https:// www.studiestoday.com

ਸ਼ੈਸ਼ਨ - 1 :- ਸਰੀਰਕ ਸਿੱਖਿਆ ਦੇ ਵਿਕਾਸ ਨੂੰ ਸਮਝਣਾ

ਢੁੱਕਵੀਂ ਜਾਣਕਾਰੀ

ਸਰੀਰਕ ਸਿੱਖਿਆ ਦੀ ਕ੍ਰਾਂਤੀ ਦੇ ਵੱਖ - ਵੱਖ ਪੱਧਰ

(ਪੂਰਵ ਇਤਿਹਾਸਿਕ ਕਾਲ - 500000 B. C. ਤੋਂ 50000 B. C. ਤੱਕ)

ਸਾਡੇ ਸੰਸਾਰ ਵਿੱਚ ਸਰੀਰਕ ਸਿੱਖਿਆ ਦੀ ਕ੍ਰਾਂਤੀ ਦੀ ਸ਼ੁਰੂਆਤ ਬੇਹਤਰੀਨ ਢੰਗ ਨਾਲ ਹੋਈ । ਉਸ ਸਮੇਂ ਤਾਂ ਇਸ ਨੂੰ ਜਿੰਦਾ ਰਹਿਣ ਲਈ ਜਰੂਰੀ ਮੰਨਿਆ ਜਾਂਦਾ ਸੀ ਇਹ ਇੰਨੀ ਪੁਰਾਣੀ ਹੈ ਜਿਨ੍ਹੀ ਕਿ ਮਾਨਵਤਾ । ਪੂਰਵ ਸਭਿਅਤਾ ਨੇ ਸਰੀਰਕ ਸਿੱਖਿਆ ਨੂੰ ਅਜਿਹਾ ਨਹੀਂ ਸੋਚਿਆ ਜਿਵੇਂ ਕਿ ਅੱਜ ਦੀ ਸਭਿਅਤਾ ਸੋਚ ਰਹੀ ਹੈ ।

ਪੂਰਵ ਇਤਿਹਾਸਿਕ ਮੱਨੁਖ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਭੋਜਨ ਦੀ ਭਾਲ ਵਿੱਚ ਜਾਣਾ ਪੈਂਦਾ ਸੀ, ਵੱਖ - ਵੱਖ ਤਰ੍ਹਾਂ ਦੇ ਵਾਤਾਵਰਣ ਵਿੱਚ ਆਪਣੇ ਆਪ ਨੂੰ ਢਾਲਣਾ ਪੈਂਦਾ ਸੀ । ਚੰਗੀ ਸਿਹਤ ਦੀ ਘਾਟ , ਸਹਿਣਸ਼ੀਲਤਾ ਅਤੇ ਨਿਪੁੰਨਤਾ ਦੀ ਘਾਟ ਪੂਰੀ ਸਭਿੱਅਤਾ ਲਈ ਖਤਰਨਾਕ ਸੀ । ਉਸ ਸਮੇਂ ਸਿੱਖਿਆ ਦਾ ਮੁੱਖ ਉਦੇਸ਼ ਆਪਣੀ ਰੱਖਿਆ ਕਰਨਾ ਸੀ - ਚਾਹੇ ਤਾਂ ਉਹ ਗੱਰੁਪ ਵਿੱਚ ਰਹਿ ਕੇ ਹੋਵੇ ਜਾਂ ਇਕੱਲੇ ਰਹਿ ਕੇ । ਜੀਵਿਤ ਰਹਿਣ ਦੇ ਵੱਖ - ਵੱਖ ਹੁਨਰ ਜਿਵੇਂ ਕਿ ਤੈਰਾਕੀ, ਦੌੜਨਾ, ਕੁੱਦਣਾ, ਜਿਮਨਾਸਟਿਕ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਅਤੇ ਨਾਚ ਆਦਿ ਸਨ । ਜਿਨ੍ਹਾਂ ਨੇ ਤੰਦਰੁਸਤੀ ਅਤੇ ਗੱਰੁਪ ਫਿਲਿੰਗ ਨੂੰ(group feeling)ਉਤਸ਼ਾਹਿਤ ਕੀਤਾ । ਜਿਆਦਾਤਰ ਇਹ ਹੁਨਰ ਪਿਤਾ ਦੁਆਰਾ ਪੁੱਤਰ ਨੂੰ ਅਤੇ ਵੱਡਿਆਂ ਦੁਆਰਾ ਛੋਟਿਆਂ ਨੂੰ ਸਿਖਾਇਆ ਜਾਂਦਾ ਸੀ । ਇਨਸਾਨ ਦੀ ਪਹਿਲੀ ਜ਼ਰੂਰਤ ਆਪਣੇ ਆਪ ਨੂੰ ਸ਼ਿਕਾਰ ਦੇ ਕਾਬਲ ਬਣਾਉਣਾ ਅਤੇ ਆਪਣਾ ਤੇ ਆਪਣੇ ਲੋਕਾਂ ਦਾ ਬਚਾਅ ਕਰਨਾ ਸੀ ਅਤੇ ਇਸ ਦਾ ਇੱਕੋ - ਇੱਕ ਤਰੀਕਾ ਸੀ ਆਪਣੇ ਆਪ ਨੂੰ ਸਰੀਰਕ ਤੌਰ ਤੇ ਤਿਆਰ ਕਰਨਾ ਅਤੇ ਸਿੱਖਿਅਤ ਕਰਨਾ ।

Downloaded from https:// www.studiestoday.com

Downloaded from https:// www.studiestoday.com

ਕਿਰਿਆਵਾਂ

1. ਦੋ ਗਰੁੱਪ ਬਣਾਓ ਅਤੇ Tag ਖੇਡ ਖੇਡੋ । ਇਸ ਖੇਡ ਨੂੰ ਪਕੜਾ - ਪਕੜੀ ਦੀ ਖੇਡ ਵੀ ਕਿਹਾ ਜਾਂਦਾ ਹੈ । ਇਸ ਖੇਡ ਵਿੱਚ ਇੱਕ ਦੂਜੇ ਨੂੰ ਪਕੜਿਆ ਜਾਂਦਾ ਹੈ । ਇਸ ਖੇਡ ਨੂੰ ਪੁਰਾਣੇ ਆਦਿ ਮਾਨਵ ਨਾਲ ਜੋੜ ਕੇ ਦੇਖੀਏ ਤਾਂ ਪਕੜਨ ਵਾਲੇ ਉਹ ਲੋਕ ਸਨ ਜੋ ਸ਼ਿਕਾਰ ਲਈ ਜਾਨਵਰਾਂ ਦੇ ਪਿੱਛੇ ਦੌੜਦੇ ਸਨ ਅਤੇ ਦੌੜਨ ਵਾਲੇ ਲੋਕ ਜਾਨਵਰ ਦੀ ਤਰ੍ਹਾਂ ਸਨ । ਇਸ ਤਰ੍ਹਾਂ ਇਸ ਕ੍ਰਿਆ ਦੁਆਰਾ ਜੀਵਿਤ ਰਹਿਣ ਦੇ ਸੰਘਰਸ਼ ਵਿੱਚ ਸਰੀਰਕ ਤੰਦਰੁਸਤੀ ਦੀ ਮਹੱਤਤਾ ਦੱਸੀ ਗਈ ਹੈ ।

2. ਸਰੀਰਕ ਤੌਰ ਤੇ ਮਜਬੂਤ ਬੱਚਿਆਂ ਦੀ ਚੋਣ ਲਈ ਵੱਖ - ਵੱਖ ਕਿਰਿਆਵਾਂ ਜਿਵੇਂ ਕਿ ਮੈਡੀਸਨ ਬਾਲ ਥ੍ਰੋ ਅਤੇ ਲੰਮੀ ਛਾਲ ਆਦਿ ਦੀ ਵਰਤੋਂ ਕੀਤੀ ਜਾਵੇ । ਮੈਡੀਸਨ ਬਾਲ ਥ੍ਰੋ ਇੱਕ ਭਾਰੀ ਕਸਰਤ ਬਾਲ ਹੈ ਜੋ ਕਿ ਸਰੀਰ ਦੇ ਉਪਰਲੇ ਹਿੱਸੇ ਨੂੰ ਤਾਕਤਵਰ ਬਣਾਉਣ ਲਈ ਕੀਤੀ ਜਾਂਦੀ ਹੈ । ਸਿਹਤ ਅਤੇ ਤੰਦਰੁਸਤੀ (Module – 2) ਮਡਿਊਲ - 2 ਦੇਖਿਆ ਜਾਵੇ ।

3. ਇੱਕ ਥਾਂ ਤੇ ਕੋਨ ਨੂੰ ਤਰਤੀਬ ਵਿੱਚ ਰੱਖਿਆ ਜਾਵੇ ਅਤੇ ਹਰ ਕੋਨ ਨੂੰ ਇੱਕ ਜਾਨਵਰ ਦਾ ਪ੍ਰਤਿਨਿਧੀਤਵ ਹੈ । 3 ਕੋਨੀ ਨੂੰ ਗੇਦਾਂ ਨਾਲ ਵੱਖ– ਵੱਖ ਦੂਰੀਆਂ ਤੋਂ ਮਾਰੋ ਅਤੇ ਸੁੱਟੋ ।

ਪੁਰਾਣਾ ਸਮਾਂ :- ਜਿਵੇਂ– ਜਿਵੇਂ ਸਮਾਂ ਬੀਤਦਾ ਗਿਆ ਅਤੇ ਸਭਿਅਤਾ ਅਗਾਂਹਵਧੂ ਹੁੰਦੀ ਗਈ ਤਾਂ ਲੋਕਾਂ ਨੇ ਇੱਕ ਥਾਂ ਤੋ ਦੂਜੀ ਥਾਂ ਤੇ ਭੋਜਨ ਅਤੇ ਰਿਹਾਇਸ ਦੀ ਭਾਲ ਵਿੱਚ ਜਾਣਾ ਬੰਦ ਕਰ ਦਿੱਤਾ । ਉਹਨਾਂ ਨੇ ਛੋਟੇ– ਛੋਟੇ ਦੇਸ ਅਤੇ ਰਾਜ ਸਥਾਪਤ ਕਰ ਲਏ । ਉਹਨਾਂ ਨੇ ਦੂਜਿਆਂ ਪ੍ਰਦੇਸ਼ਾਂ ਤੋਂ ਜਿਆਦਾ ਪੈਸਾ ਅਤੇ ਲੋਕ ਗੁਲਾਮਾਂ ਅਤੇ ਮਜ਼ਦੂਰੀ ਵਾਸਤੇ ਇਕੱਠੇ ਕਰਨ ਲਈ ਉਹਨਾਂ ਤੇ ਹਮਲਾਂਕਰਨਾ ਸ਼ੁਰੂ ਕਰ ਦਿੱਤਾ।ਇਸ ਲਈ ਸਰੀਰਕ ਸਿੱਖਿਆ ਦੀ ਉਨੀਂ ਹੀ ਅਹਿਮੀਅਤ ਰਹੀ ਜਿੰਨੀ ਕਿ ਇਹ ਪੁਰਾਤਨ ਇਤਿਹਾਸ ਵਿੱਚ ਹੁੰਦੀ ਸੀ।ਇਸ ਦਾ ਇਕ ਕੰਮ ਸੀ ਜੀਣਾਂ ਅਤੇ ਦੁਸ਼ਮਣ ਨੂੰ ਹਰਾਉਣਾ, ਸਰੀਰਕ ਫਿਟਨੈਸ ਅਤੇ ਨਿਪੁੰਨਤਾ ਇਸ ਕਰਕੇ ਮਹੱਤਵਪੂਰਨ ਨਹੀਂ ਸੀ ਕਿ ਇਹ ਸਿਹਤ ਲਈ ਜ਼ਰੂਰੀ ਹੈ ਸਗੋਂ ਇਕ ਜ਼ਰੂਰਤ ਸੀ । ਸਰੀਰਕ ਕਿਰਿਆਵਾਂ ਹੋਲੀ– ਹੋਲੀ ਵੱਖ– ਵੱਖ ਸਮਾਜਾਂ ਦੁਆਰਾ ਇਸ ਸੰਸਾਰ ਵਿੱਚ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਰਤੀਆਂ ਜਾਣ ਲੱਗੀਆਂ । ਸਰੀਰ ਦੇ ਵਿਸਥਾਰ ਕਰਨ ਦਾ ਅਰਥ ਆਦਮੀ ਦਾ ਵਿਸਥਾਰ ਕਰਨਾ ਹੈ ਜਿਵੇਂ ਅਸੀਂ ਅੱਜ ਦੀ ਸਿੱਖਿਆ ਵਿੱਚ ਦੇਖ ਰਹੇ ਹਾਂ, ਉਸ ਸਮੇਂ ਅਜੇ ਮਿਲਣਾ ਸੀ ਭਾਰਤ ਵਿੱਚ ,ਸਰੀਰਕ ਕ੍ਰਿਆਵਾਂ ਜਿਵੇਂ ਯੋਗਾ, ਆਸਨ ਸਾਧੂਆਂ ਦੁਆਰਾ ਮਜ਼ਬੂਤ ਤੰਦਰੁਸਤ ਸਰੀਰ ਆਤਮਿਕ ਅਭਿਆਸ ਬਣਾਉਣ ਲਈ ਕੀਤੀਆਂ ਜਾਦੀਆਂ ਹਨ।ਇਸ ਤੋਂ ਇਲਾਵਾ, ਇੱਥੇ ਕਈ ਸਰੀਰਕ ਕ੍ਰਿਆਵਾਂ ਹਨ ਜਿਵੇਂ ਰੱਥ ਦੌੜ, ਘੋੜ, ਹਾਥੀ ਰੇਸ਼ਾ, ਤਲਵਾਰਬਾਜ਼ੀ, ਘੁਲਣਾ, ਮੁੱਕੇਬਾਜ਼ੀ, ਲਾਠੀ ਬਾਜ਼ੀ ਆਦਿ ਪਰ ਜਿਨ੍ਹਾਂ ਨੇ ਇਹ ਖੋਜਾਂ ਕੀਤੀਆਂ ਹਨ ,



Downloaded from https:// www.studiestoday.com

Downloaded from https:// www.studiestoday.com

ਉਹਨਾਂ ਭਾਰਤੀਆਂ ਦੇ ਨਾਮ ਸਰੀਰਕ ਇਤਿਹਾਸ ਵਿੱਚ ਜਾਂ ਇਹਨਾਂ ਦੀਆਂ ਤਾਰੀਖਾਂ ਨਹੀਂ ਜਾਣੀਆਂ ਜਾਦੀਆਂ । ਉਹਨਾਂ ਵਿੱਚ ਕੁਝ ਖੇਡਾਂ ਅੱਜ ਵੀ ਹੋਂਦ ਵਿੱਚ ਹਨ, ਉਹ ਹਨ:–

ਭਰਾਸ਼ਰਮ:– ਇਸ ਨੂੰ ਸੁਰੂਆਤੀ ਭਾਰ ਚੁੱਕਣ ਵਾਲੀ ਖੇਡ ਕਿਹਾ ਜਾਦਾਂ ਹੈ । ਦੌੜਾਕ ਜ਼ਿਆਦਾ ਤੋਂ ਜ਼ਿਆਦਾ ਭਾਰ ਚੁੱਕਦੇ ਸਨ ਜਿਵੇਂ ਚਟਾਨ ਜਾਂ ਰੇਤ ਦੇ ਭਰੇ ਹੋਏ ਬੈਗ ਤਾਂ ਜੋ ਉਹ ਮਜ਼ਬੂਤ ਬਣ ਸਕਣ ।

ਮਾਲਾਖੰਬ:– ਇਹ ਸ਼ਬਦ 'Malla' ਅਤੇ 'Khamb' ਤੋਂ ਬਣਿਆ ਹੈ । 'Malla' ਦਾ ਅਰਥ ਤਾਕਤ ਅਤੇ 'Khamb' ਦਾ ਅਰਥ ਪੋਲ ਹੈ । ਇਸ ਲਈ ਇਸਨੂੰ ਖੰਭੇਵਾਲੀ ਜਿਮਨਾਸਟਿਕ ਖੇਡ ਕਿਹਾ ਜਾਂਦਾ ਹੈ । ਇਸ ਵਿਚ ਜਿਮਨਾਸਟਿਕ ਰੱਸੀ ਜਾਂ ਪੋਲ ਦੇ ਨਾਲ ਖੇਡੀ ਜਾਂਦੀ ਹੈ ।

ਅਤਿਆ ਪਤਿਆ:– ਇਸ ਨੂੰ ਹਮਲੇ ਵਾਲੀ ਖੇਡ ਕਿਹਾ ਜਾਂਦਾ ਹੈ । ਇਸ ਖੇਡ ਦੇ ਮੈਦਾਨ ਵਿੱਚ 9 ਖਾਨੇ ਬਣਾਏ ਜਾਂਦੇ ਹਨ । ਹਰ ਪਾਸੇ ਤੋਂ ਵਿਚਕਾਰ ਇਕ ਚੌੜਾ ਖਾਨਾ ਹੁੰਦਾ ਹੈ । ਉਸ ਸਮੇਂ ਨੰਬਰ ਦਿੱਤੇ ਜਾਂਦੇ ਹਨ ਜਦੋਂ ਬਾਹਰੀ ਆਦਮੀ ਨੂੰ ਅੰਦਰ ਆਉਣ ਤੋਂ ਰੋਕਿਆ ਜਾਂਦਾ ਹੈ । ਦੂਜਾ ਪਾਸਾ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਖਿਡਾਰੀ ਦੂਜੇ ਪਾਸੇ ਜਾਂਦਾ ਹੈ । ਇਸ ਖੇਡ ਦਾ ਨਾਂ ਚੋਰ ਪਕੜਨਾ ਵੀ ਹੈ ।

ਡੰਡਜ:– ਇਸ ਵਿਚ ਹੱਥ ਫ਼ਰਸ ਤੇ ਹੁੰਦੇ ਹਨ ਅਤੇ ਪੈਰ ਬੈਂਚ ਉੱਤੇ । ਬੈਠਕਾਂ ਨਾਲ ਵੀ ਇਸ ਨੂੰ ਜੋੜਿਆ ਜਾਂਦਾ ਹੈ ਜਿਹੜੀ ਪੱਛਮ ਤਰੀਕੇ ਨਾਲ ਘੁਟਨੇ ਭਾਰ ਬੈਠਨਾ ਉੱਠਨਾ ਹੁੰਦਾ ਹੈ । ਭਾਵੇਂ ਡੰਡ ਅਤੇ ਬੈਠਕਾਂ ਵੱਖ– ਵੱਖ ਕੀਤੀਆਂ ਜਾਂਦੀਆ ਹਨ ਪਰ ਫਿਰ ਵੀ ਇਹ ਜੋੜੇ ਹਨ । ਇਸ ਨਾਲ ਅਸੀਂ ਆਪਣੇ ਸਰੀਰ ਦੀ ਕਸਰਤ ਕਰ ਸਕਦੇ ਹਾਂ ।

ਖੋ-ਖੋ:– ਇਹ ਇਕ ਖੇਡ ਹੈ ਇਸ ਵਿੱਚ 8 ਮੈਂਬਰ ਦੋ ਖੰਭਿਆਂ ਵਿੱਚ ਇਕ ਦੂਜੇ ਤੋਂ ਉਲਟ ਦਿਸਾ ਵਿੱਚ ਬੈਠਦੇ ਹਨ ਅਤੇ ਇਕ ਮੈਂਬਰ ਪੋਲ ਦੇ ਕੋਲ ਖੜੇ ਹੋ ਕੇ ਵਾਰੀ ਦਿੰਦਾ ਹੈ । ਦੂਜੀ ਟੀਮ ਨੂੰ ਡੋਗਿੰਗ(Dodging) ਕਹਿੰਦੇ ਹਨ ਅਤੇ ਇਸ ਨੂੰ Chasing ਕਹਿੰਦੇ ਹਨ । ਡੋਗਿੰਗ(Dodging) ਟੀਮ ਆਪਣੇ ਤਿੰਨ ਮੈਂਬਰ ਵਿੱਚ ਛੱਡਦੀ ਹੈ ਅਤੇ ਚੇਜਿੰਗ(Chasing) ਦਾ ਇਕ ਇਹਨਾਂ ਨੂੰ ਹੱਥ ਲਗਾ ਕੇ ਜਾਂ ਦੂਜੇ ਮੈਂਬਰਾਂ ਦੀ ਮਦਦ ਨਾਲ ਬਾਹਰ ਕੱਢਦਾ ਹੈ । ਇਸ ਤਰ੍ਹਾਂ ਉਹ ਬਾਕੀ ਖਿਡਾਰੀਆ ਨਾਲ ਕਰਦਾ ਹੈ । ਜਦੋਂ ਸਾਰੇ Dodger ਫੜੇ ਜਾਂਦੇ ਹਨ ਜਾਂ 9 ਮਿੰਟ ਹੋ ਜਾਦੇ ਹਨ ਤਾਂ ਦੂਜਿਆਂ ਦੀ ਵਾਰੀ ਆ ਜਾਂਦੀ ਹੈ ।ਇਸ ਤਰ੍ਹਾਂ ਕਰਨ ਨੂੰ 'Inning' ਕਹਿੰਦੇ ਹਨ । ਇਹ ਖੇਡ 36 ਮਿੰਟ ਚਲਦੀ ਹੈ । ਜਿਹੜੀ ਟੀਮ ਸਮੇਂ ਦੇ ਦੌਰਾਨ ਸਾਰੇ ਖਿਡਾਰੀ ਪਕੜ ਲੈਂਦੀ ਹੈ ਉਹ ਜੇਤੂ ਘੋਸਿਤ ਹੁੰਦੀ ਹੈ ।

ਕਬੱਡੀ:– ਇਹ ਟੀਮ ਖੇਡ ਹੈ । ਹਰ ਟੀਮ ਵਿੱਚ 7 ਖਿਡਾਰੀ ਹੁੰਦੇ ਹਨ । ਇਕ ਖਿਡਾਰੀ ਟੀਮ ਵਿੱਚੋਂ ਦੂਜੇ ਪਾਸੇ ਰੇਡ ਪਾਉਣ ਜਾਂਦਾ ਹੈ । ਰੇਡਰ ਵਿਚਕਾਰਲੀ ਲਾਇਨ ਤੋਂ ਹੀ ਉੱਚੀ ਉੱਚੀ "ਕਬੱਡੀ, ਕਬੱਡੀ, ਕਬੱਡੀ" ਬਿਨਾਂ ਰੁਕੇ ਕਹਿਣਾ ਸ਼ੁਰੂ ਕਰ ਦਿੰਦੀ ਹੈ । ਉਹ ਇਕ ਪਾਸੇ ਤੋਂ ਦੂਜੇ ਪਾਸੇ ਕਬੱਡੀ, ਕਬੱਡੀ ਕਹਿੰਦੇ ਹੋਏ ਦੌੜਦਾ ਹੈ ਅਤੇ ਆਪਣੇ ਹੱਥ ਜਾਂ ਲੱਤ ਨਾਲ ਦੂਜੇ ਖਿਡਾਰੀਆਂ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ । ਫਿਰ ਉਹ ਆਪਣੀ ਟੀਮ ਵੱਲ ਵਾਪਿਸ ਆ ਜਾਂਦਾ ਹੈ ਜਿੰਨੀ ਵਾਰੀ ਉਹ ਦੂਜੀ ਟੀਮ ਦੇ ਖਿਡਾਰੀ ਨੂੰ ਹੱਥ ਲਾਉਦਾ ਹੈ । ਉਸਦੀ ਟੀਮ ਨੰਬਰ ਬਣਾਉਂਦੀ ਹੈ । ਅਗਰ ਦੂਜੀ ਟੀਮ ਉਸ ਨੂੰ ਵਿਚਕਾਰਲੀ ਲਾਇਨ ਤੱਕ ਜਾਣ ਤੋਂ ਰੋਕ ਲੈਂਦੀ ਹੈ ਜਾਂ ਪਕੜ ਲੈਂਦੇ ਹਨ ਤਾਂ ਜਦੋ ਰੇਡਰ ਕਬੱਡੀ ਕਹਿਣਾ ਬੰਦ ਕਰ ਦਿੰਦਾ ਹੈ ਉਹ ਹਾਰ ਜਾਂਦਾ ਹੈ ।

Downloaded from https:// www.studiestoday.com

Downloaded from https:// www.studiestoday.com

ਦੂਜਿਆਂ ਸੁਸਾਇਟੀਆਂ ਜਿਵੇਂ ਰੋਮਨਜ਼ (Romans), ਈਜਪਟਨਸ (Egyptians) ਅਤੇ ਗ੍ਰੀਕਸ(Greeks) ਬਹੁਤ ਸਾਰੀਆਂ ਸਰੀਰਕ ਕ੍ਰਿਆਵਾਂ ਕਰਦੇ ਹਨ ਪਰ ਅਜੇ ਤਕ ਸਰੀਰਕ ਸਿੱਖਿਆ ਕਈ ਸਭਿਆਤਾਵਾਂ ਵਿੱਚ ਨਹੀਂ ਸੀ ਮਿਲਦੀ ਜਦੋਂ ਤੱਕ ਅਧੁਨਿਕ ਸਮਾਂ ਨਹੀਂ ਆਇਆ । ਅਜੇ ਵੀ ਕਈ ਧਰਮ ਸਰੀਰਕ ਸਿੱਖਿਆ ਲਈ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੱਕੇ ਹਨ ।

ਮੱਧਕਾਲੀਨ ਦਾ ਸਮਾਂ (3150 BC- 500 CE) ਸਰੀਰਕ ਸਿੱਖਿਆ ਨੇ ਗਰੀਕ ਸਮੇਂ ਵਿੱਚ ਸਭ ਤੋਂ ਵੱਧ ਗੋਲਡਨ ਸਮਾਂ ਹੰਡਾਇਆ । ਗ੍ਰੀਸ ਨੇ ਸਰੀਰਕ ਸਿੱਖਿਆ ਨੂੰ ਇੰਨਾਂ ਸਨਮਾਨ/ਇੱਜਤ ਦਿੱਤੀ ਜਿੰਨਾ ਕਿਸੇ ਹੋਰ ਦੇਸ ਨੇ ਨਹੀਂ ਦਿੱਤਾ। ਜਿਮਨਾਸਟਿਕ, ਮੈਥ ਅਤੇ ਸੰਗੀਤ ਇਹ ਤਿੰਨ ਮਹੱਤਵਪੂਰਨ ਵਿਸ਼ੇ ਪੁਰਾਣੇ ਗ੍ਰੀਸ ਵਿੱਚ ਪੜ੍ਹਾਏ ਜਾਂਦੇ ਸਨ । ਉਹਨਾਂ ਦੀ ਸਿੱਖਿਆ ਦਾ ਮੁੱਖ ਗੋਲ ਇਨਸਾਨ ਨੂੰ ਐਕਟਿਵ ਬਣਾਉਣਾ ਅਤੇ ਉਸ ਵਿੱਚ ਵਧੀਆ ਗੁਣ ਪੈਦਾ ਕਰਨੇ ਸਨ । 19th ਸਦੀ ਤੋਂ ਪਹਿਲਾਂ ਸਿਰਫ ਇਹੀ ਇਕ ਸਭਿਅਤਾ ਸੀ ਜਿਸ ਨੇ ਸਰੀਰਕ ਸਿੱਖਿਆ ਨੂੰ ਮਹੱਤਵ ਦਿੱਤਾ ਸਪੈਸ਼ਲੀ ਅਥੀਨਸ ਨੇ (Athenians) ਗ੍ਰੀਕ ਦੀ ਨਜ਼ਰ ਵਿੱਚ ਸਰੀਰਕ ਵੱਧਣਾ ਜਿੰਦਗੀ ਜਿਉਣ ਦਾ ਮੇਨ ਹਿੱਸਾ ਹੈ । ਇਹ ਇਕ ਤਰੀਕੇ ਨਾਲ ਆਦਮੀ ਨੂੰ ਜੀਣ ਲਈ ਤਾਕਤਵਰ ਅਤੇ ਮਜਬੂਤ ਬਣਾਉਣਾ ਸੀ । ਇਹ ਕੰਨਸੈਪਟ ਅੱਜ ਦੀ ਸਰੀਰਕ ਸਿੱਖਿਆ ਨਾਲ ਮਿਲਦਾ ਹੈ । ਅਸੀਂ ਸਰੀਰਕ ਸਿੱਖਿਆ ਇਨਸਾਨ ਵਿੱਚ ਵਿਸ਼ਵਾਸ਼ ਵਧਾਉਣ ਅਤੇ ਉਸ ਨੂੰ ਆਦਮੀ ਦੀ ਤਰ੍ਹਾਂ ਬਣਾਉਣ ਲਈ ਵਰਤਦੇ ਹਾਂ । ਜੋਰ ਇਸ ਗੱਲ ਤੇ ਦਿੱਤਾ ਜਾਂਦਾ ਹੈ ਕਿ ਭਿੰਨਤਾ ਸਰੀਰਕ ਪ੍ਰਾਪਤੀ ਅਤੇ ਗੁਣਵਤਾ ਨੂੰ ਮਿਲਾ ਕੇ ਇਨਸਾਨੀਅਤ ਵਿੱਚ ਚੰਗਾ ਇਨਸਾਨ ਬਣਾਇਆ ਜਾਵੇ ਅਤੇ ਸਾਇੰਸ ਦੀ ਪਹੁੰਚ ਰੱਖੀ ਜਾਵੇ। ਪਹਿਲਾ ਛੋਟਾ ਜਿਹਾ ਰੈਫਰੈਂਸ ਦੌੜਕਾਂ ਦੇ ਕੰਪੀਟੀਸਨ ਬਾਰੇ ਪੁਰਾਣੀ ਗ੍ਰੀਕ ਕਿਤਾਬ ਵਿੱਚ ਦਿੱਤਾ ਹੈ ।

ਕਿਰਿਆ :-

1. ਦੋ ਗਰੁੱਪ ਬਣਾਓ ਅਤੇ "ਝੰਡਾ ਪਕੜੋ" ਗੇਮ/ਖੇਡ ਖੇਡੋ । ਪਹਿਲੀ ਟੀਮ ਨੂੰ ਦੂਜੀ ਕੋਲ ਜਾ ਕੇ ਉਹਨਾਂ ਦਾ ਝੰਡਾਂ ਖੋਹ ਕੇ ਲਿਆਉਣਾ ਹੈ । ਟੀਮ 2 ਨੂੰ ਵੀ ਇਹੀ ਕਰਨਾ ਹੈ । ਜਿਹੜੀ ਟੀਮ ਸਫਲਤਾਪੂਰਵਕ ਦੂਜੀ ਟੀਮ ਦਾ ਝੰਡਾ ਆਪਣੀ ਸਾਈਡ ਤੇ ਲੈ ਆਉਂਦੀ ਹੈ ਉਹੀ ਜੇਤੂ ਟੀਮ ਹੈ । ਇਸ ਤਰ੍ਹਾਂ ਉਹ ਫਿਰ ਆਪਣੀ ਸਾਈਡ ਤੋਂ ਦੂਜੇ ਪਾਸੇ ਜਾਂਦੀ ਹੈ । ਸਾਰੀ ਖੇਡ ਖੋਹਣ ਅਤੇ ਭਜਣ ਦੀ ਹੈ ।

Downloaded from https:// www.studiestoday.com

Downloaded from https:// www.studiestoday.com

ਇਸ ਵਿੱਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਤੁਸੀ ਦੂਜੀ ਟੀਮ ਨੂੰ ਚਕਮਾ ਦਿੰਦੇ ਹੋ ਅਤੇ ਉਹਨਾਂ ਦਾ ਝੰਡਾ ਖੋਹਦੇਂ ਹੋ । ਪਹਿਲਾ ਗੋਲੇ ਬਣਾਓ ਅਤੇ ਫਿਰ ਵਿਰੋਧੀ ਟੀਮ ਨੂੰ ਹਰਾਓ ।

ਵਿਆਖਿਆ ਕਰੋ ਅਤੇ ਬੱਚਿਆਂ ਨੂੰ ਇਹ ਸਮਝਾਓ ਕਿ ਕੋਈ ਵੀ ਸ਼ੁਰੂ ਤੋਂ ਮਹਾਨ ਨਹੀਂ ਹੁੰਦਾਂ ਜੇ ਉਹ ਕੋਈ ਕ੍ਰਿਆ ਕਰਨ ਤੋਂ ਅਸੱਮਰਥ ਹੋ ਜਾਂਦੇ ਹਨ ਤਾਂ ।

ਆਧੁਨਿਕ ਯੁੱਗ

ਸਾਇੰਸ ਦੇ ਵੱਖਰੇ-ਵੱਖਰੇ ਖੇਤਰਾਂ ਵਿੱਚ ਖੋਜਾਂ ਹੋ ਰਹੀਆਂ ਸਨ, ਸਪੈਸ਼ਲੀ ਮੈਡੀਕਲ ਸਾਇੰਸ ਦੇ ਖੇਤਰਾਂ ਵਿੱਚ।ਇਸ ਦਾ ਨਤੀਜਾ ਇਹ ਨਿਕਲਿਆ ਕਿ ਸਰੀਰਕ ਸਿੱਖਿਆ ਨੂੰ ਦਿਮਾਗ ਅਤੇ ਸਰੀਰ ਦੋਨਾਂ ਲਈ ਸ਼ੁਰੂ ਤੋਂ ਮਹੱਤਵਪੂਰਨ ਸਮਝਾਇਆ ਗਿਆ।ਸਰੀਰਕ ਸਿੱਖਿਆ ਅਤੇ ਸਕੂਲ ਜੀਵਨ ਵਿੱਚ 16ਵੀਂ ਅਤੇ 17ਵੀਂ ਸਦੀ ਵਿੱਚ ਇਸ ਵਿੱਚ ਤਾਲਮੇਲ ਮੰਨਿਆ ਜਾਣ ਲੱਗਾ । 18ਵੀਂ ਸਦੀ ਵਿੱਚ ਯੂਰਪ ਨੇ ਲੋਕਾਂ ਦਾ ਸਮੂਹ ਦੇਖਿਆ ਜਿਹੜੇ ਸਰੀਰਕ ਸਿੱਖਿਆ ਨੂੰ ਫੈਲਾਅ ਰਹੇ ਸਨ । Friedrich Ludwing Johann ਜਿਸ ਨੂੰ ਆਧੁਨਿਕ ਸਰੀਰਕ ਸਿੱਖਿਆ ਦਾ ਪਿਤਾ ਕਿਹਾ ਜਾਂਦਾ ਹੈ ਉਸ ਨੇ ਪਹਿਲਾ ਜਿਮਨਾਸਟਿਕ ਸਕੂਲ ਬੱਚਿਆਂ ਲਈ ਜਰਮਨੀ ਵਿੱਚ ਖੋਲਿਆ । ਜਰਮਨੀ ਤੋਂ ਇਲਾਵਾ ਇੱਥੇ ਬਹੁਤ ਸਾਰੀਆਂ ਯੂਰੋਪੀਅਨ ਦੇਸ਼ ਸਨ ਜਿਵੇਂ ਡੈਨਮਾਰਕ, ਫਰਾਂਸ, ਇੰਗਲੈਂਡ ਅਤੇ ਸਵੀਡਨ ਜਿਹਨਾਂ ਨੇ ਸਰੀਰਕ ਸਿੱਖਿਆ ਦੇ ਖੇਤਰ ਵਿੱਚ ਆਪਣੇ ਆਪ ਨੂੰ ਵੱਧਦੇ ਦੇਖਿਆ।ਇਸ ਤੋਂ ਪਹਿਲਾਂ ਕਿ ਸਰੀਰਕ ਸਿੱਖਿਆ ਸਕੂਲਾਂ ਵਿੱਚ ਮਸ਼ਹੂਰ ਹੁੰਦੀ ਯੂਰਪ ਅਤੇ ਅਮਰੀਕਾ ਨੇ ਪ੍ਰਾਈਵੇਟ ਜਿਮਨੇਜੀਅਮ ਖੋਲੇ । ਜਲਦੀ ਹੀ ਯੂਰੋਪੀਅਨ ਰਾਸ਼ਟਰ ਨੇ ਇਸਦੀ ਨਕਲ ਕੀਤੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਇਹ ਸ਼ੁਰੂ ਕੀਤੀ ਜਿਸਦਾ ਮੁੱਖ ਰੋਲ ਜਿਮਨਾਸਟਿਕ ਤਿਆਰ ਕਰਨਾ ਸੀ।1800 ਵਿੱਚ ਸਰੀਰਕ ਸਿੱਖਿਆ ਯੂਨੀਵਰਸਿਟੀ ਵਿੱਚ ਆ ਗਈ । ਨਵੀਆਂ ਖੇਡਾਂ ਦੀ ਖੋਜ ਕੀਤੀ ਗਈ । ਇਸਨੂੰ ਸਕੂਲਾਂ ਦੀ ਚਾਰ ਦੀਵਾਰੀ ਦੇ ਅੰਦਰ ਲਿਆਂਦਾ ਗਿਆ । ਔਰਤਾਂ ਨੇ ਕਸਰਤ ਕਰਨੀ ਸ਼ੁਰੂ ਕਰ ਦਿੱਤੀ, ਜਿਮਨੇਜੀਅਮ ਕਈ ਕਾਲਜਾਂ ਵਿੱਚ ਪਾਏ ਜਾ ਸਕਦੇ ਹਨ, ਬਹੁਤ ਸਾਰੇ ਕ੍ਰਿਆਵਾਂ ਕਰਨ ਦੇ ਖੇਤਰ, ਪਾਰਕ ਬਣਾਏ ਗਏ ਤਾਂ ਜੋ ਜੁਰਮ ਨੂੰ ਘਟਾਇਆ ਜਾ ਸਕੇ । 1900 ਵਿੱਚ ਨੈਸ਼ਨਲ ਕਾਲਜੀਏਟ ਐਥਲੈਟਿਕ ਐਸੋਸੀਏਸ਼ਨ ਬਣਾਈ ਗਈ ਸੀ । 1920 ਅਤੇ 1930 ਵਿੱਚ ਖੇਡਾਂ ਦਾ ਸੁਨਹਿਰੀ ਦੌਰ ਸ਼ੁਰੂ ਹੋਇਆ । ਖੇਡਾਂ ਦੇ ਸੁਨਹਿਰੀ ਸਮੇਂ ਵਿੱਚ ਗਿਣਤੀ ਵੱਧਦੀ ਗਈ, ਅਧਿਆਪਕਾਂ ਦੀ ਗਿਣਤੀ ਵੀ ਵਧੀ, ਅਤੇ ਖੇਡਾਂ ਵਿੱਚ ਕੰਪੀਟੀਸ਼ਨ ਦੀ ਭਾਵਨਾ ਵੀ ਵੱਧ ਗਈ । 1941 ਵਿੱਚ ਦੂਜੀ ਸੰਸਾਰ ਦੀ ਲੜਾਈ ਸ਼ੁਰੂ ਹੋ ਗਈ । ਪਹਿਲੀ ਵਾਰ 2 ਮਿਲੀਅਨ ਲੋਕ/ਆਦਮੀ ਜੰਗ ਲਈ ਭਰਤੀ ਕੀਤੇ ਗਏ ਅਮੈਰਿਕਨ ਫੌਜ ਵਾਸਤੇ, 45% ਤੰਦਰੁਸਤੀ ਟੈਸਟ ਵਿੱਚੋਂ ਫੇਲ ਹੋ ਗਏ । ਇਸ ਤਰ੍ਹਾਂ ਸਰੀਰਕ ਸਿੱਖਿਆ ਤੰਦਰੁਸਤੀ ਵਾਸਤੇ ਅਮੈਰਿਕਨ ਸਕੂਲਾਂ ਵਿੱਚ ਲਾਗੂ ਹੋ ਗਈ ।

ਦੂਜੀ ਸੰਸਾਰ ਦੀ ਲੜਾਈ ਹੋਣ ਦੇ ਬਾਵਜੂਦ ਯੂਨਾਇਟਡ ਸਟੇਟ ਆਫ ਅਮਰੀਕਾ ਨੇ ਸਰੀਰਕ ਸਿੱਖਿਆ ਦੀ ਮਹੱਤਤਾ ਤੇ ਜੋਰ ਦਿੱਤਾ । ਜਿਹੜਾ ਹੁਣ ਕਾਫੀ ਮੁਸ਼ਕਿਲ ਬਣ ਚੁਕਿਆ ਹੈ ਵੱਖ- ਵੱਖ ਅਨੁਸ਼ਾਸਨਿਕ ਖੇਤਰਾਂ ਵਿੱਚ । ਇਹ ਸਬ-ਅਨੁਸ਼ਾਸਨਿਕ ਖੇਤਰ ਹੇਠ ਲਿਖੇ ਹਨ:-

ਐਕਸਰਸਾਈਜ ਫਿਜੀਓਲੋਜੀ:-ਇਹ ਸਰੀਰ ਦੇ ਸਿਸਟਮ ਦੀ ਪੜ੍ਹਾਈ ਹੈ ਅਤੇ ਉਹਨਾਂ ਦੀ ਕੀ ਹਰਕਤ ਹੁੰਦੀ ਹੈ ਜਦੋਂ ਉਹ ਦਬਾਅ ਵਿੱਚ ਕਸਰਤ ਕਰਦੇ ਹਨ ।

Downloaded from https:// www.studiestoday.com

Downloaded from https:// www.studiestoday.com

ਕਿਨਸੀਕੋਲੋਜੀ(Kinesiology) : ਇਹ ਇਸ ਗੱਲ ਦੀ ਪੜ੍ਹਾਈ ਹੈ ਕਿ ਕਿਵੇਂ ਮਸਲ ਸਿਸਟਮ ਹੱਡਿਆਂ ਦੇ ਢਾਚੇ ਨੂੰ ਹਿਲਾਉਂਦਾ ਹੈ।

ਬਾਇਓ ਮਕੈਨਿਕਸ :– ਇਸ ਵਿੱਚ ਇਨਸਾਨ ਦੇ ਸਰੀਰ ਦੀ ਪੜ੍ਹਾਈ ਹੈ ਜਿਹੜੀ ਕਿ ਇਕ ਮਸ਼ੀਨ ਦੀ ਤਰ੍ਹਾਂ ਹੈ, ਸਿਧਾਂਤਾਂ ਨੂੰ ਵਰਤ ਰਹੀ ਹੈ ਅਤੇ ਫਜਿਕਸ ਵਿੱਚੋਂ ਵੀ ਹਦਾਇਤਾਂ ਲੈ ਰਹੀ ਹੈ।

ਮੋਟਰ ਪੀਅਰਿੰਗ :ਇਸ ਦਾ ਅਰਥ ਹੈ ਸੋਚ ਉੱਤੇ ਪ੍ਰਭਾਵ ਪੈਣਾ ਜਦੋਂ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਜੋ ਸਾਨੂੰ ਪੱਤਾ ਲੱਗਦਾ ਹੈ ਅਤੇ ਪ੍ਰੈਕਟਿਸ ਹੁੰਦੀ ਹੈ।

ਸਪੋਰਟਸ ਸੋਸਿਓਲੋਜੀ :ਇਸ ਵਿੱਚ ਸਮਾਜਿਕ ਬਣਤਰ, ਸਮਾਜਿਕ ਢਾਂਚਾ ਅਤੇ ਸਮਾਜਿਕ ਸੰਗਠਨ ਬਾਰੇ ਪੜਾਈ ਕੀਤੀ ਜਾਂਦੀ ਹੈ ਜੋ ਗਰੁੱਪ ਸਪੋਰਟਸ ਦੇ ਨਾਲ ਜੁੜੇ ਹਨ।

ਸਪੋਰਟਸ ਸਾਇਕੋਲੋਜੀ :–ਖੇਡਾਂ ਵਿੱਚ ਵਿਦਿਆਰਥੀਆਂ ਨੂੰ ਜੋ ਮੁਸ਼ਕਿਲਾਂ ਆਉਂਦੀਆਂ ਹਨ ਜਾਂ ਉਹਨਾਂ ਦਾ ਸੁਭਾਅ ਦਿਖਦਾ ਹੈ ਉਸ ਬਾਰੇ ਪੜ੍ਹਾਈ।

ਸਪੋਰਟਸ ਪੈਡਾਗੋਗੀ :– ਇਸ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ, ਕੋਚਿੰਗ ਦਿੱਤੀ ਜਾਂਦੀ ਹੈ।ਇਸਦਾ ਜੋ ਨਤੀਜਾ ਆਉਂਦਾ ਹੈ ਅਤੇ ਸਿਹਤਮੰਦ ਰਹਿਣ ਦੇ ਤਰੀਕੇ, ਸਰੀਰਕ ਸਿੱਖਿਆ ਅਤੇ ਖੇਡਾਂ ਦੀ ਪੜ੍ਹਾਈ ਦੇ ਪ੍ਰੋਗਰਾਮ।

ਇਹੋ ਜਿਹੇ ਸਬਅਨੁਸ਼ਾਸਿਤ ਨੇ ਲੋਕਾਂ ਲਈ ਕਈ ਨੌਕਰੀਆਂ ਕੱਢੀਆਂ ਤਾਂ ਜੋ ਪੜ੍ਹਾਈ ਦੇ ਖੇਤਰ ਵਿੱਚ ਦੂਜਿਆਂ ਨੂੰ ਸਿਖਿਅਤ ਕੀਤਾ ਜਾ ਸਕੇ।

ਸਰੀਰਕ ਸਿੱਖਿਆ ਬਿਨਾਂ ਕਿਸੇ ਛੱਕ ਦੇ ਸਪਰਥਨਸ ਅਤੇ ਅਥੀਨੀਅਨਸ ਦੇ ਸਮੇਂ ਵਿੱਚ ਹੋਂਦ ਵਿੱਚ ਆਈ ਉਸ ਸਮੇਂ ਦਬਾਅ ਸਿਸਟਮ ਨਾਲ ਲੰਬੀ ਸਮੇਂ ਤੱਕ ਚੱਲਣ ਵਾਲੀ ਸਰੀਰਕ ਸਿੱਖਿਆ ਨੂੰ ਬਹੁਤ ਸਾਰੀਆਂ ਸਾਇੰਸਾਂ ਦੇ ਵਿੱਚ ਮਿਲਾ ਕੇ ਪੜ੍ਹਾਉਣ ਅਤੇ ਗੁੰਝਲਾਂ ਨੂੰ ਦੂਰ ਕਰਨ ਲਈ ਪੜ੍ਹਾਇਆ ਜਾਂਦਾ ਸੀ ਤਾਂ ਜੋ ਦਿਮਾਗ ਅਤੇ ਸਰੀਰ ਚੰਗੇ ਰਹਿਣ।ਇਹਨਾਂ ਨਵੀਆਂ ਸਾਇੰਸਾਂ ਨੇ ਸੱਚੀ ਹੀ ਸਰੀਰਕ ਸਿੱਖਿਆ ਦੀ ਛੱਤਰੀ ਨੂੰ ਖੁੱਲ੍ਹਾ ਕੀਤਾ । ਪਰ ਜਦੋਂ ਅਸੀਂ ਆਉਣ ਵਾਲੇ ਸਮੇਂ ਨੂੰ ਦੇਖਦੇ ਹਾਂ ਤਾਂ ਇਸ ਦਾ ਕੋਈ ਅੰਤ ਦਿਖਾਈ ਨਹੀ ਦਿੰਦਾ । ਵੱਧਦੀ ਛੱਤਰੀ ਵੱਡੀ ਹੁੰਦੀ ਜਾਵੇਗੀ ਜਦੋਂ ਨਵੀਆਂ ਸੋਚਾਂ ਅਤੇ ਵਿਚਾਰ ਆਉਣਗੇ ਅਤੇ ਉਹਨਾਂ ਨਲਿ ਨਵੀਂ ਸਾਇੰਸ ਵੀ ਆਵੇਗੀ ।

ਕ੍ਰਿਆਵਾਂ :

1.ਟੀਮ ਬਣਾਓ ਅਤੇ ਫੁੱਟਬਾਲ, ਬਾਸਕਟਬਾਲ ਅਤੇ ਵਾਲੀਬਾਲ ਖੇਡਾਂ ਖੇਡੋ।

2. ਉਹਨਾਂ ਕ੍ਰਿਆਵਾਂ ਦੀ ਲਿਸਟ ਬਣਾਓ ਜੋ ਤੁਸੀਂ ਖੇਡਾਂ ਫੁੱਟਬਾਲ, ਬਾਸਕਟਬਾਲ ਅਤੇ ਵਾਲੀਬਾਲ ਵੇਲੇ ਕੀਤੀਆਂ ਹਨ ।

Downloaded from https:// www.studiestoday.com

Downloaded from https:// www.studiestoday.com

3. ਪੂਰਵ ਇਤਿਹਾਸ ਸਰੀਰਕ ਕ੍ਰਿਆਵਾਂ ਅਤੇ ਆਧੁਨਿਕ ਗੇਮਜ਼ ਅਤੇ ਸਪੋਰਟਸ ਵਿੱਚ ਅੰਤਰ ਦੱਸੋ।

ਯਾਦ ਰੱਖਣਯੋਗ ਗੱਲਾਂ

Nurturing (ਦੇਖ ਰੇਖ ਕਰਨਾ) : taking care of -ਕਿਸੇ ਦੀ ਦੇਖ ਰੇਖ ਕਰਨਾ

Era (ਸਦੀ ਸੰਨ/ ਸ਼ਤਾਬਦੀ) : a long period of time -ਸੰਨ

Pre-historic (ਇਤਿਹਾਸ ਤੋਂ ਪਹਿਲਾ/ਪੂਰਵ ਇਤਿਹਾਸ): period before recorded history - ਇਤਿਹਾਸ ਤੋਂ ਪਿਛਲਾ ਭਾਗ

Ancient (ਪ੍ਰਾਚੀਨ/ ਪੁਰਾਤਨ) : beginning of recorded human history to early middle ages - ਸਮਾਂ ਜਿਹੜਾ ਪੁਰਾਣੇ ਅਤੇ ਆਧੁਨਿਕ ਸਮੇਂ ਵਿੱਚ ਹੋਵੇ।

Medieval (ਮੱਧਕਾਲੀਨ) : Period between ancient and modern times -ਜਿਹੜਾ ਸਮਾਂ ਚਲ ਰਿਹਾ ਹੋਵੇ।

Modern (ਆਧੁਨਿਕ) : relating to the present or recent times - ਜਿਹੜਾ ਸਮਾਂ ਚਲ ਰਿਹਾ ਹੋਵੇ।

ਅਭਿਆਸ

1. ਉਹਨਾਂ ਹੁਨਰਾਂ ਦੀ ਸੂਚੀ ਦਿਓ ਜੋ ਇਹਨਾਂ ਖੇਡਾਂ ਦੁਆਰਾ ਪੈਦਾ ਹੁੰਦੀਆਂ ਹਨ ਅਤੇ ਯੁੱਧ ਵਿੱਚ ਲੋੜੀਂਦੇ ਹਨ।

ਲੜੀ ਨੰ.	ਖੇਡ	ਹੁਨਰ ਜਿਹੜੇ ਯੁੱਧ (ਲੜਾਈ) ਵਿੱਚ ਲੋੜੀਂਦੇ ਹਨ।
1	ਕਬੱਡੀ	
2	ਭਾਰ ਚੁੱਕਣਾ	
3	ਖੋ- ਖੋ	
4	ਅੱਟਾ-ਪੱਟਾ	
5	ਡੰਡ	
6	ਬੈਠਕ	

Downloaded from https:// www.studiestoday.com

Downloaded from https:// www.studiestoday.com

2. ਆਪਣੇ ਨੇੜੇ ਦੇ ਅਖਾੜੇ ਵਿੱਚ ਜਾਓ ਤੇ ਆਪਣੇ ਪ੍ਰੇਖਣਾਂ ਅਤੇ ਅਨੁਭਵਾਂ ਨੂੰ ਲਿਖੋ । ਜੋ ਤੁਸੀਂ ਵੇਖਿਆ ਹੈ ਉਸਦੀ ਤਸਵੀਰ ਖਿੱਚੋ ।

Downloaded from https:// www.studiestoday.com

Downloaded from https:// www.studiestoday.com

3. ਤੁਸੀਂ ਵਿਰੋਧੀ ਉਤੇ ਜਿੱਤ ਪ੍ਰਾਪਤ ਕਰਨ ਲਈ ਵਰਤੀ ਰਣਨੀਤੀ ਦਾ ਝੰਡਾ ਹਾਸਲ ਕਰਨ ਦੀ ਖੇਡ ਸੂਚੀ ਬਣਾਓ। ਇਹ ਤੁਹਾਡੀ ਮੱਧਕਾਲੀਨ ਪੀਰੀਅਡ ਵਿੱਚ ਖੇਡੀ ਖੇਡ ਹੈ।

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

1. ਪੂਰਵ ਇਤਿਹਾਸ ਸਮੇਂ ਦੌਰਾਨ ਸਰੀਰਕ ਕਿਰਿਆ ਦੀ ਲੋੜ ਕਿਸ ਤਰ੍ਹਾਂ ਆਧੁਨਿਕ ਸਮੇਂ ਦੀ ਸਰੀਰਕ ਕਿਰਿਆ ਦੀ ਲੋੜ ਤੋਂ ਭਿੰਨ ਹੈ ?

. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .
. . . . . .

2. ਹੇਠ ਲਿਖਿਆਂ ਦੀ ਵਿਆਖਿਆ ਕਰੋ:

ੳ) ਰਫਤਾਰ (Kinesiology)

. . . . . .
. . . . . .
. . . . . .

ਅ) ਖੇਡ ਸਿੱਖਿਆ

. . . . . .
. . . . . .
. . . . . .

Downloaded from https:// www.studiestoday.com

Downloaded from https:// www.studiestoday.com

3 . ਬਾਇਓ ਮਕੈਨਿਕਸ

.....

.....

.....

4. ਸਪੋਰਟਸ ਸਾਇਕਾਲੋਜੀ (ਖੇਡ ਮਨੋਵਿਗਿਆਨ)

.....

.....

.....

Downloaded from https:// www.studiestoday.com

Downloaded from https:// www.studiestoday.com

ਹੇਠਾਂ ਦਿੱਤੇ ਟੇਬਲ ਵਿੱਚ ਸਰੀਰਕ ਖੇਡਾਂ ਨੂੰ ਗਰੁੱਪ ਵਿੱਚ ਲਿਖੋ :-

ਦੌੜਨਾ, ਡੋਜਿੰਗ, ਹੋਪਿੰਗ, ਕੁੱਦਣਾ, ਚੜ੍ਹਨਾ, ਸਕਿਪਿੰਗ, ਸੁੱਟਣਾ, ਕੈਚ ਕਰਨਾ, ਟੋਸਿੰਗ, ਡਰੀਬਲਿੰਗ, ਸ਼ੂਟਿੰਗ, ਤਲਵਾਰਬਾਜ਼ੀ , ਕੁਸ਼ਤੀ, ਲਿਫਟਿੰਗ, ਬੈਟਿੰਗ, ਬੋਲਿੰਗ, ਬੈਟ ਨਾਲ ਸਟਰਾਇਕ ਕਰਨਾ, ਵੋਲਿੰਗ, ਸਪਾਕਿੰਗ, ਖੋਦਣਾ, ਸੈਟਿੰਗ, ਪਾਸਿੰਗ, ਪ੍ਰਾਪਤ ਕਰਨਾ, ਹੈਡਿੰਗ, ਏਮਿੰਗ, ਪਾਇਵੋਟਿੰਗ, ਹਰਡਲਿੰਗ, ਸੰਤੁਲਨ ਕਰਨਾ, ਰਿੜ੍ਹਨਾ, ਸ਼ਿਲਡਿੰਗ।

ਪੂਰਵ ਇਤਿਹਾਸ	
ਪ੍ਰਾਚੀਨ	
ਮੱਧ	
ਆਧੁਨਿਕ	

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਹੇਠ ਦਿੱਤੀ ਚੈਕਲਿਸਟ ਦੀ ਵਰਤੋਂ ਕਰਕੇ ਪੜ੍ਹਤਾਲ ਕਰੋ ਕਿ ਤੁਸੀਂ ਨਿਰਧਾਰਨ ਲਈ ਸਾਰੀਆਂ ਜ਼ਰੂਰਤਾਂ ਪੂਰੀਆ ਕਰ ਲਈਆ ਹਨ ।

ਭਾਗ (ੳ)

1 .ਪੂਰਵ ਇਤਿਹਾਸ, ਪੁਰਾਤਨ, ਮੱਧ ਯੁੱਗ ਅਤੇ ਆਧੁਨਿਕ ਯੁੱਗ ਵਿੱਚ ਸਰੀਰਕ ਸਿੱਖਿਆ ਵਿੱਚ ਅੰਤਰ ਦੱਸੋ ।

ਭਾਗ (ਅ)

ਕਲਾਸ ਵਿੱਚ ਚਰਚਾ ਕੀਤੀ–

1. ਧਰਮ ਦੇ ਵੇਖਣ ਦੇ ਬਾਵਜੂਦ ਸਰੀਰਕ ਸਿੱਖਿਆ ਵਿੱਚ ਕ੍ਰਾਂਤੀ
2. ਯੁੱਗ ਜਦੋਂ ਲੋਕਾਂ ਨੇ ਸਰੀਰਕ ਸਿੱਖਿਆ ਨੂੰ ਹਰੇਕ ਦੀ ਤਰੱਕੀ ਲਈ ਚੁਣਨਾ ਸ਼ੁਰੂ ਕੀਤਾ।

ਭਾਗ (ਏ)

ਕਾਰਗੁਜ਼ਾਰੀ ਦਾ ਮਿਆਰ

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਪੂਰਵ ਇਤਿਹਾਸਕ, ਪ੍ਰਾਚੀਨ ਮੱਧ ਕਾਲੀਨ ਅਤੇ ਆਧੁਨਿਕ ਸਮੇਂ ਦੌਰਾਨ ਜੋ ਸਰੀਰਕ ਕੰਮ ਕੀਤੇ ਉਨ੍ਹਾਂ ਦੀ ਮਿਆਰ		

Downloaded from https:// www.studiestoday.com

Downloaded from https:// www.studiestoday.com

ਸ਼ੈਸ਼ਨ - 2 - ਪੁਰਾਤਨ ਅਤੇ ਆਧੁਨਿਕ ਉਲੰਪਿਕ ਖੇਡਾਂ ਦੇ ਅੰਤਰ ਨੂੰ ਸਮਝਣਾ ।

ਸੰਬੰਧਿਤ ਗਿਆਨ

ਉਲੰਪਿਕ ਖੇਡਾਂ

ਉਲੰਪਿਕ ਮਾਟੋ

"Citius , Altius , Fortius" ਇਹ ਇੱਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੈ ਬਹੁਤ ਤੇਜ , ਬਹੁਤ ਉੱਚਾ , ਬਹੁਤ ਤਕੜਾ ।

ਉਲੰਪਿਕ ਰਿੰਗ ਅਤੇ ਝੰਡੇ :-

ਉਲੰਪਿਕ ਦਾ ਸਰਵ ਵਿਆਪਕ ਮਾਨਤਾ ਪ੍ਰਾਪਤ ਪ੍ਰਤੀਕ ਪੰਜ ਜੁੜੇ ਹੋਏ ਰਿੰਗ ਹਨ । ਇਸ ਝੰਡੇ ਦੇ ਪੰਜ ਰੰਗ ਨੀਲਾ , ਕਾਲਾ, ਲਾਲ, ਪੀਲਾ ਅਤੇ ਹਰਾ ਹਨ । ਪੰਜ ਰੰਗਾਂ ਵਿੱਚੋਂ ਘੱਟੋ - ਘੱਟ ਇੱਕ ਰੰਗ (ਚਿੱਟੇ ਬੈਸ ਤੇ) ਭਾਗ ਲੈਣ ਵਾਲੀ ਹਰੇਕ ਕੌਮ ਦੇ ਝੰਡੇ ਵਿੱਚ ਹੁੰਦਾ ਹੈ । ਪੰਜ ਚੱਕਰ ਜੋ ਕਿ ਪੰਜ ਮਹਾਂਦੀਪ ਯੂਰਪ, ਏਸ਼ੀਆ, ਸਮੁੰਦਰੀ ਮਹਾਂਦੀਪ, ਅਫਰੀਕਾ ਅਤੇ ਅਮਰੀਕਾ ਦੀ ਪ੍ਰਤੀਨਿਧਤਾ ਕਰਦੇ ਹਨ ।

ਉਲੰਪਿਕ ਖੇਡਾਂ ਜਾਂ ਉਲੰਪਿਕ 776 ਬੀ. ਸੀ. ਵਿੱਚ ਉਲੰਪੀਆ ਵਿਖੇ ਗਰੀਸ ਆਪਣੇ ਭਗਵਾਨ ਜਿਊਸ ਦੇ ਸਨਮਾਨ ਵਿੱਚ ਸ਼ੁਰੂ ਹੋਇਆ । ਉਦੋਂ ਕੁੱਝ ਅਥਲੈਟਿਕ ਤਿਉਹਾਰ ਯੂਨਾਨੀ ਸ਼ਹਿਰ ਦੇ ਰਾਜ ਦੁਆਰਾ ਉਨ੍ਹਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਯੋਜਿਤ ਕੀਤੇ ਗਏ , ਪ੍ਰੰਤੂ ਉਨ੍ਹਾਂ ਵਿੱਚੋਂ ਉਲੰਪਿਕ ਨੂੰ ਮਹਾਨ ਧਾਰਮਿਕ ਤਿਉਹਾਰ ਦੇ ਤੋਰ ਤੇ ਸਮਝਿਆ ਗਿਆ । ਉਲੰਪਿਕ ਤਿਉਹਾਰ ਸ਼ੁਰੂ ਹੋਣ ਤੋਂ ਪਹਿਲਾਂ ਵੱਖ - ਵੱਖ ਸ਼ਹਿਰਾਂ ਵਿੱਚ ਸੰਦੇਸ਼ਵਾਹਕਾਂ ਨੂੰ ਭੇਜ ਕੇ ਸੰਦੇਸ਼ ਦਿੱਤੇ ਗਏ । ਜਿਸ ਮਹੀਨੇ ਵਿੱਚ ਖੇਡਾਂ ਸ਼ੁਰੂ ਹੋਈਆਂ ਉਸ ਮਹੀਨੇ ਨੂੰ ਪਵਿੱਤਰ ਮੰਨਿਆ ਗਿਆ । ਇਸ ਸਮੇਂ ਦੌਰਾਨ ਰਾਜ ਵਿੱਚ ਲੜਾਈਆਂ ਰੋਕ ਦਿੱਤੀਆਂ ਜਾਂਦੀਆਂ ਸਨ ।

Downloaded from https:// www.studiestoday.com

Downloaded from https:// www.studiestoday.com

ਉਲੰਪਿਕ ਖੇਡਾਂ ਦੀ ਸ਼ੁਰੂਆਤ ਵਿੱਚ ਕੇਵਲ ਪੈਰ ਦੌੜ (foot race) ਦਾ ਮੁਕਾਬਲਾ ਹੀ ਸੀ । ਬਾਅਦ ਵਿੱਚ ਕੁਸ਼ਤੀ ਅਤੇ ਪੈਨਟੈਥਲਅਨ (ਪੰਜ ਖੇਡਾਂ ਵਿੱਚ ਭਾਗ ਲੈਣ ਵਾਲਾ ਮੁਕਾਬਲਾ) ਦੇ ਸ਼ਾਮਿਲ ਹੋਣ ਨਾਲ ਮੁਕਾਬਲਿਆਂ ਦੀ ਗਿਣਤੀ 20 ਹੋ ਗਈ । ਜਿੱਤਣ ਵਾਲੇ ਖਿਡਾਰੀਆਂ ਦਾ ਜਸ਼ਨ ਕਈ ਦਿਨ ਚਲਦਾ ਸੀ, ਜੇਤੂ ਖਿਡਾਰੀਆਂ ਨੂੰ ਜੈਤੂਨ ਦੇ ਪੱਤਿਆਂ ਦਾ ਮੁਕਟ ਪਹਿਨਾਇਆ ਜਾਂਦਾ ਸੀ ਉਨ੍ਹਾਂ ਦੇ ਬੁੱਤ ਬਣਾ ਕੇ ਉਹਨਾਂ ਬਾਰੇ ਕਸੀਦੇ ਪੜ੍ਹੇ ਜਾਂਦੇ ਸੀ ਅਤੇ ਜੇਤੂਆਂ ਨੂੰ ਸਾਥੀ ਖਿਡਾਰੀ ਕਈ ਤਰ੍ਹਾਂ ਦੇ ਉਪਹਾਰ ਦਿੰਦੇ ਤੇ ਘਰ ਤਕ ਛੱਡ ਕੇ ਆਉਂਦੇ ਸਨ । ਉਸ ਵੇਲੇ ਉਲੰਪਿਕ ਜੇਤੂ ਹੋਏ ਸਭ ਨਾਲੋਂ ਵੱਧ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ ।ਉਲੰਪਿਕ ਮੁਕਾਬਲੇ ਹਰ ਚਾਰ ਸਾਲ ਬਾਅਦ ਕਰਵਾਏ ਜਾਂਦੇ ਸਨ ਅਤੇ ਦੋ(2) ਮੁਕਾਬਲਿਆਂ ਦੇ ਵਿਚਾਲੇ ਜਸ਼ਨ ਨੂੰ ਉਲੰਪਿਆਡ ਕਿਹਾ ਜਾਂਦਾ ਸੀ । 6 ਵੀਂ ਸਦੀ ਈ . ਪੂ. ਦਾ ਸਭ ਤੋਂ ਪ੍ਰਸਿੱਧ ਉਲੰਪਿਕ ਖਿਡਾਰੀ ਪਹਿਲਵਾਨ ਮਿਲੋ ਆਫ ਕ੍ਰੋਟੋਨ ਸੀ , ਜੋ ਕਿ ਇਤਿਹਾਸ ਦਾ ਇਕੱਲਾ ਅਜਿਹਾ ਖਿਡਾਰੀ ਹੈ ਜਿਸ ਨੇ ਛੇ ਉਲੰਪਿਕ ਖੇਡਾਂ ਜਿੱਤੀਆਂ ਸਨ । ਪੁਰਾਤਨ ਸਮੇਂ ਵਿੱਚ ਕੇਵਲ ਨੌਜਵਾਨ ਖਿਡਾਰੀ ਹੀ ਉਲੰਪਿਕ ਵਿੱਚ ਭਾਗ ਲੈਂਦੇ ਸਨ । ਪ੍ਰਤੀਦਵੰਦੀ ਆਮ ਤੌਰ ਤੇ ਨੰਗੇ ਹੁੰਦੇ ਸਨ ਕਿਉਂਕਿ ਇਹ ਖੇਡਾਂ ਇਨਸਾਨ ਦੀ ਸਰੀਰਕ ਸਮੱਰਥਾ ਦੀ ਪੇਸ਼ਕਾਰੀ ਹੀ ਸਨ ।

ਇਹ ਖੇਡਾਂ ਕਈ ਸਾਲਾਂ ਤੱਕ ਚਲਦੀਆਂ ਰਹੀਆਂ, ਪਰੰਤੂ ਜਦੋਂ ਰੋਮਨ ਬਾਦਸ਼ਾਹਾਂ ਨੇ ਯੂਨਾਨ ਤੇ ਕਬਜਾ ਕਰ ਲਿਆ ਅਤੇ ਰੋਮਨ ਸਾਮਰਾਜ ਦਾ ਮੁੱਖ ਧਰਮ ਇਸਾਈ ਬਣ ਗਿਆ ਤਾਂ ਉਲੰਪਿਕ ਖੇਡਾਂ ਬੰਦ ਕਰ ਦਿੱਤੀਆਂ ਗਈਆਂ ਪ੍ਰਾਚੀਨ ਉਲੰਪਿਕ ਖੇਡਾਂ 12ਵੀਂ ਸਦੀ ਤੱਕ ਚਲੀਆਂ ਅਤੇ ਇਸ ਦੌਰਾਨ ਕੁੱਲ 293 ਉਲੰਪਿਕ ਖੇਡਾਂ ਦਾ ਆਯੋਜਨ ਕੀਤਾ ਗਿਆ ।

ਕਈ ਸਦੀਆਂ ਦੇ ਵਿਰਾਮ ਤੋਂ ਬਾਅਦ ਯੂਨਾਨ ਦੇ ਇੱਕ ਬਹੁਤ ਹੀ ਅਮੀਰ ਸਮਾਜ ਸੇਵੀ ਇਵੈਗਲੋਸਜ਼ਪਾਸ ਨੇ ਆਧੁਨਿਕ ਉਲੰਪਿਕ ਖੇਡਾਂ ਦੇ ਆਯੋਜਨ ਲਈ ਆਰਥਿਕ ਮਦਦ ਕੀਤੀ , ਇਹ ਪਹਿਲੀ ਵਾਰ ਏਥੰਜ਼ ਸ਼ਹਿਰ ਚੌਂਕ ਵਿੱਣ 1859 ਵਿੱਚ ਕਰਵਾਏ ਗਏ । ਇਵੈਂਗਲੋਸ ਨੇ ਪੈਨਾਥੇਨੀਅਨ ਮੈਦਾਨ ਨੂੰ ਵੀ ਠੀਕ ਕਰਵਾਇਆ ਜਿਸ ਵਿੱਚ 1870 ਦੇ ਅਤੇ 1875 ਦੇ ਉਲੰਪਿਕ ਮੁਕਾਬਲੇ ਕਰਵਾਏ ਗਏ ।ਉਲੰਪਿਕ ਮੁਕਾਬਲਿਆਂ ਵਿੱਚ ਪਹਿਲੀ ਵਾਰ ਦੋ ਦੇਸ਼ਾਂ (ਯੂਨਾਨ ਅਤੇ ਓਟੋਮਾਨ ਸਮਰਾਜ) ਦੇ ਖਿਡਾਰੀਆਂ ਨੇ ਹਿੱਸਾ ਲਿਆ ਅਤੇ ਦੋ ਅਲੱਗ - ਅਲੱਗ ਸਭਿਆਚਾਰਾਂ ਦਾ ਮੁਕਾਬਲਾ ਹੋਇਆ । ਇਹਨਾਂ ਖੇਡਾਂ ਨੇ ਯੁੱਧਾਂ ਦੇ ਦੌਰਾਨ ਵੀ ਕਈ ਅਲੱਗ - ਅਲੱਗ ਸ਼ਹਿਰਾਂ ਦੇ ਲੋਕਾਂ ਨੂੰ ਨੇੜੇ ਲਿਆਉਂਦਾ ।ਇਸ ਤੋਂ ਬਾਅਦ ਹੀ ਸਿੱਖਿਆ ਅਤੇ ਸਰੀਰਕ ਮਾਹਿਰਾਂ ਨੇ ਸਮਾਜ ਵਿੱਚ ਖੇਡਾਂ ਦੀ ਅਹਿਮੀਅਤ ਨੂੰ ਸਮਝਨਾ ਸ਼ੁਰੂ ਕੀਤਾ ।

1894 ਵਿੱਚ ਅੰਤਰ - ਰਾਸ਼ਟਰੀ ਉਲੰਪਿਕ ਕਮੇਟੀ (IOC) ਦੀ ਸਥਾਪਨਾ ਹੋਈ ਅਤੇ ਇਹ ਫੈਸਲਾ ਲਿਆ ਗਿਆ ਕਿ IOC ਉਲੰਪਿਕ ਖੇਡਾਂ ਦਾ ਆਯੋਜਨ ਏਥੰਜ਼ , ਯੂਨਾਨ ਵਿੱਚ 1896 ਵਿੱਚ ਕਰਵਾਇਆ ਜਾਵੇਗਾ , ਜਿੱਥੇ ਸੱਭ ਤੋਂ ਪਹਿਲਾਂ ਖੇਡ ਆਯੋਜਿਤ ਕੀਤੇ ਗਏ ਸਨ ।

Downloaded from https:// www.studiestoday.com

Downloaded from https:// www.studiestoday.com

ਪ੍ਰਾਚੀਨ ਅਤੇ ਅੱਜ ਦੇ ਉਲੰਪਿਕ ਬਾਰੇ ਕੁਝ ਤੱਥ :

ਪ੍ਰਾਚੀਨ	ਆਧੁਨਿਕ
1. ਖੇਡਾਂ ਗਰੀਸ ਵਿੱਚ ਕੇਵਲ ਉਲੰਪਿਆ (olympia) ਵਿਖੇ ਹੁੰਦੀਆਂ ਸਨ ।	1. ਆਧੁਨਿਕ ਉਲੰਪਿਕ ਖੇਡਾਂ ਸੰਸਾਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੁੰਦੀਆਂ ਹਨ ।
2. ਕੇਵਲ ਪੁਰਸ਼ਾਂ ਨੂੰ ਇਸ ਵਿੱਚ ਭਾਗ ਲੈਣ ਦੀ ਇਜ਼ਾਜਤ ਸੀ ।	2. ਪੁਰਸ਼ ਅਤੇ ਇਸਤਰੀ ਦੋਵੇਂ ਇਸ ਵਿੱਚ ਭਾਗ ਲੈ ਸਕਦੇ ਹਨ ।
3. ਉਹ ਲੋਕ ਜੋ ਗਰੀਸ ਵਿੱਚ ਜੰਮੇ ਸਨ ਸਿਰਫ ਉਨ੍ਹਾਂ ਨੂੰ ਹੀ ਭਾਗ ਲੈਣ ਦੀ ਇਜ਼ਾਜਤ ਸੀ ।	3. ਹਰ ਕੋਈ ਇਸ ਵਿੱਚ ਭਾਗ ਲੈ ਸਕਦਾ ਹੈ ਤੇ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰ ਸਕਦਾ ਹੈ ।
4. ਭਾਗ ਲੈਣ ਵਾਲਿਆਂ ਨੂੰ ਕੁਝ ਵੀ ਪਹਿਨਣ ਦੀ ਇਜ਼ਾਜਤ ਨਹੀਂ ਸੀ, ਉਨ੍ਹਾਂ ਨੂੰ ਪੂਰੀ ਤਰ੍ਹਾਂ ਨਿਰ ਵਸਤਰ ਰਹਿਣਾ ਪੈਂਦਾ ਸੀ ।	4. ਭਾਗ ਲੈਣ ਵਾਲਿਆਂ ਨੂੰ ਖੇਡਾਂ ਦੇ ਨਿਯਮਾਂ ਅਨੁਸਾਰ ਹੀ ਵਰਦੀ ਪਾਉਣੀ ਪੈਂਦੀ ਹੈ ।
5. ਖੇਡਾਂ ਯੂਨਾਨੀਆਂ ਲਈ ਆਪਣੇ ਦੇਵਤੇ ਦੇ ਸਨਮਾਨ ਲਈ ਧਾਰਮਿਕ ਤਿਉਹਾਰ ਸਨ ।	5. ਖੇਡਾਂ ਇੱਕ ਅੰਤਰ ਰਾਸ਼ਟਰੀ ਖੇਡ ਇਕੱਠ ਹੈ।
6. ਕੇਵਲ ਵਿਅਕਤੀਗਤ ਖੇਡ ਸਮਾਗਮ ਹੀ ਆਯੋਜਿਤ ਕੀਤੇ ਜਾਂਦੇ ਹਨ ।	6. ਵਿਅਕਤੀਗਤ ਅਤੇ ਟੀਮ ਦੋਵੇਂ ਖੇਡਾਂ ਕਰਵਾਈਆਂ ਜਾਂਦੀਆ ਹਨ ।
7. ਕੇਵਲ ਆਰਮੇਚਰ(armature) ਖਿਡਾਰੀ ਹੀ ਭਾਗ ਲੈ ਸਕਦੇ ਹਨ ।	7. ਨੌਸਿਖੀਆ ਅਤੇ ਪੇਸ਼ਾਵਰ ਦੋਵੇਂ ਖੇਡਾਂ ਵਿੱਚ ਭਾਗ ਲੈ ਸਕਦੇ ਹਨ ।
8. ਚਾਰ ਸਾਲਾਂ ਵਿੱਚ ਕੇਵਲ ਇੱਕ ਵਾਰ ਉਲੰਪਿਕ ਖੇਡਾਂ ਹੁੰਦੀਆਂ ਸਨ ।	8. ਉਲੰਪਿਕ ਹਰ ਚਾਰ ਸਾਲ ਵਿੱਚ ਇੱਕ ਵਾਰ ਕਰਵਾਈਆਂ ਜਾਂਦੀਆ ਹਨ ।
9. ਖੇਡਾਂ ਪੰਜ ਦਿਨਾਂ ਲਈ ਹੁੰਦੀਆਂ ਸਨ ।	9. ਉਲੰਪਿਕ 16 ਦਿਨਾਂ ਲਈ ਕਰਵਾਈਆਂ ਜਾਂਦੀਆ ਹਨ ।
10. ਉਲੰਪਿਕ ਖੇਡਾਂ ਯੂਨਾਨੀਆਂ ਵਿੱਚ ਏਕਤਾ ਬਣਾਈ ਰੱਖਣ ਲਈ ਕਰਵਾਈਆਂ ਜਾਂਦੀਆਂ ਸਨ ।	10. ਉਲੰਪਿਕ ਅੰਤਰਾਸ਼ਟਰੀ ਸਮਝਦਾਰੀ ਅਤੇ ਭਾਈਚਾਰਾ ਪੈਦਾ ਕਰਨ ਲਈ ਕਰਵਾਈਆਂ ਜਾਂਦੀਆ ਹਨ ।

ਉਲੰਪਿਕ ਲਹਿਰ-ਉਲੰਪਿਜਮ

ਉਦੇਸ਼ ਜਿਹੜੇ ਉਲੰਪਿਕ ਲਹਿਰ ਵਿੱਚ ਪੂਰੇ ਕਰਨੇ ਸਨ ਉਹ ਉਲੰਪਿਕ ਚਾਰਟ 1982 ਵਿੱਚ ਦਿੱਤੇ ਗਏ ਹਨ ਅਤੇ ਹੇਠ ਲਿਖੇ ਹਨ :-

- ਉਹਨਾਂ ਸਰੀਰਕ ਅਤੇ ਨੈਤਿਕ ਗੁਣਾਂ ਨੂੰ ਪੈਦਾ ਕਰਨਾ ਜਿਹੜੇ ਖੇਡਾਂ ਦਾ ਮੁੱਢ ਹਨ ।
- ਖੇਡਾਂ ਦੇ ਜਰੀਏ ਨੌਜਵਾਨਾਂ ਨੂੰ ਸਿੱਖਿਅਤ ਕਰਨਾ, ਤਾਂ ਜੋ ਉਹਨਾਂ ਵਿੱਚ ਆਪਸੀ ਸੂਝ-ਬੂਝ ਅਤੇ ਮਿੱਤਰਤਾ ਪੈਦਾ ਹੋ ਸਕੇ ਜੋ ਕਿ ਚੰਗਾ ਅਤੇ ਸ਼ਾਂਤੀਪੂਰਣ ਸੰਸਾਰ ਬਣਾਉਣ ਵਿੱਚ ਮੱਦਦਗਾਰ ਹੋਵੇ ।

Downloaded from https:// www.studiestoday.com

Downloaded from https:// www.studiestoday.com

- ਉਲੰਪਿਕ ਸਿਧਾਂਤਾਂ ਨੂੰ ਪੂਰੇ ਸੰਸਾਰ ਵਿੱਚ ਫੈਲਾਉਣਾ ਤਾਂ ਜੋ ਇੱਕ ਅੰਤਰ - ਰਾਸ਼ਟਰੀ ਸਦਭਾਵਨਾ ਦਾ ਮਾਹੌਲ ਬਣ ਸਕੇ ।
- ਸੰਸਾਰ ਦੇ ਸਾਰੇ ਖਿਡਾਰੀਆਂ ਨੂੰ ਚਾਰ ਸਾਲਾ ਮਹਾਨ ਖੇਡ ਸਮਾਰੋਹ ਵਿੱਚ ਇਕੱਠਾ ਕਰਨਾ ।

ਉਲੰਪਿਕ ਖੇਡਾਂ ਦਾ ਮੁੱਖ ਮੰਤਵ ਇਸ ਦੀ ਭਾਵਨਾ ਨੂੰ (ਖੇਡ ਭਾਵਨਾ) ਇੱਕ ਸੰਕਲਪ ਦੇ ਰੂਪ ਵਿੱਚ ਧਾਰਨ ਕਰਨਾ ਸੀ 1994 ਦੇ ਉਲੰਪਿਕ ਪਾਠ ਦੇ ਪਹਿਲੇ ਚਾਰ ਸ਼ਬਦ ਉਲੰਪਿਕ ਖੇਡਾਂ ਦੀ ਭਾਵਨਾ ਦੀ ਪ੍ਰਕਿਰਤੀ ਅਤੇ ਟੀਚੇ ਬਾਰੇ ਹੀ ਗੱਲ ਕਰਦੇ ਸਨ, ਇਹਨਾਂ ਵਿੱਚ ਮੁੱਖ ਰੂਪ ਨਾਲ ਅੱਠ ਬੁਨਿਆਦੀ ਸਿਧਾਂਤ ਹਨ, ਦੂਜਾ ਬੁਨਿਆਦੀ ਸਿਧਾਂਤ ਕਹਿੰਦਾ ਹੈ

ਉਲੰਪਿਜ਼ਮ ਜੀਵਨ ਦਾ ਫਲਸਫਾ ਹੈ , ਸਰੀਰ ਦੇ ਗੁਣਾਂ ਨੂੰ ਵਧਾਉਂਦਾ ਅਤੇ ਜੋੜਦਾ ਹੈ । ਉਲੰਪਿਜ਼ਮ ਇੱਕ ਅਜਿਹੀ ਜੀਵਨ ਜਾਂਚ ਦਾ ਨਿਰਮਾਣ ਕਰਦਾ ਹੈ ਜੋ ਖੁਸ਼ੀ ਤੇ ਆਧਾਰਿਤ ਹੈ ਅਤੇ ਸੰਕਲਪ ਵਿੱਚੋਂ ਮਿਲਦਾ ਹੈ । ਇਹ ਸਿੱਖਿਅਤ ਕਦਰਾਂ ਕੀਮਤਾਂ ਦੀ ਇੱਕ ਅਜਿਹੀ ਉਦਾਹਰਨ ਹੈ ਜੋ ਕਿ ਸੰਪੂਰਨ ਮੁੱਢਲੇ ਸਿਧਾਂਤਾਂ ਦਾ ਸਤਿਕਾਰ ਕਰਦੀ ਹੈ ।

ਉਲੰਪਿਜ਼ਮ ਨਿਮਨ ਲਿਖਤ ਆਦਰਸ਼ਾਂ ਨੂੰ ਵਧਾਉਂਦਾ ਹੈ

- ਵਿਅਕਤੀਗਤ ਅਤੇ ਇਕਸੁਰ ਮਾਨਵ ਵਿਕਾਸ ।
- ਸ਼ੇਸ਼ਟਤਾ ਅਤੇ ਪ੍ਰਾਪਤੀ ।
- ਖੇਡ ਪ੍ਰਤਿਸਪਰਧਾ ਲਈ ਯਤਨ ।
- ਆਪਸੀ ਸਨਮਾਨ, ਇਮਾਨਦਾਰੀ, ਨਿਆਂ ਅਤੇ ਬਰਾਬਰਤਾ ।
- ਸਤਿਕਾਰ , ਨਿਰਪੱਖਤਾ , ਨਿਆਂ ਅਤੇ ਸਮਾਨਤਾ ।
- ਮਿਤੱਰਤਾ ਅਤੇ ਸਥਾਈ ਭਾਈਚਾਰਾ ।
- ਸ਼ਾਤੀ , ਸਹਿਣਸ਼ੀਲਤਾ ਅਤੇ ਸਮਝ ਦੇ ਅੰਤਰ - ਰਾਸ਼ਟਰੀ ਰਿਸ਼ਤੇ ।

ਯਾਦ ਰੱਖਣ ਯੋਗ ਗੱਲਾਂ

1. ਟਰਾਇਅੰਫ : ਜਿੱਤ, ਵਿਜੇ, ਫਤਿਹ ।
2. ਪੈਂਟਾਥਲਅਨ : ਪੰਜ ਮੁਕਾਬਲਿਆਂ ਦੀ ਖੇਡ (ਲੰਮੀ ਛਾਲ, ਬਰਛਾ ਸੁੱਟ , ਚਕਲੀ ਸੁੱਟ, ਪੈਰ ਦੌੜ ਅਤੇ ਕੁਸ਼ਤੀ ।
3. ਅਲੰਪਿਐਡ : ਪ੍ਰਾਚੀਨ ਯੂਨਾਨ ਵਿੱਚ ਉਲੰਪਿਕ ਖੇਡਾਂ ਵਿਚਲਾ ਚਾਰ ਸਾਲ ਦਾ ਸਮਾਂ ।
4. ਫਿਲੈਨਥਰਅਪਟਿਸ : ਜਨ ਹਿਤੈਸ਼ੀ, ਮਾਨਵ ਪ੍ਰੇਮੀ , ਸਮਾਜ ਸੇਵੀ ।
5. ਟਰੂਸ : ਅਸਥਾਈ ਯੁੱਧਬੰਦੀ, ਥੋੜੇ ਚਿਰ ਦੀ ਸੰਧੀ ।
6. ਜਿਮਨਿਜਿਅਮ : ਕਸਰਤ ਘਰ, ਖੇਡਾਂ ਦਾ ਛੱਡਿਆ ਹੋਇਆ ਮੈਦਾਨ ।

Downloaded from https:// www.studiestoday.com

Downloaded from https:// www.studiestoday.com

ਅਭਿਆਸ

1. ਆਧੁਨਿਕ ਉਲਪਿੰਕ ਵਿੱਚੋ ਖੇਡਾਂ ਚੁਣ ਕੇ ਆਪਣੇ ਸਕੂਲ ਵਿੱਚ ਇੱਕ ਈਵੈਂਟ ਦੀ ਵਿਵਸਥਾ ਕਰੋ। ਹੇਠ ਦਿੱਤੇ ਤੱਥਾਂ ਤੇ ਆਪਣੇ ਅਨੁਭਵਾਂ ਬਾਰੇ ਇੱਕ ਸੰਖੇਪ ਨੋਟ ਲਿਖੋ।

ੳ) ਯੋਜਨਾ

ਅ) ਸੰਸਥਾ

ੲ) ਭਾਗ ਲੈਣ ਵਾਲਿਆਂ ਦਾ ਜਵਾਬ

.....

.....

.....

.....

.....

.....

.....

.....

2. ਉਲਪਿਜ਼ਮ ਕੀ ਹੈ ? ਇਹ ਕਿਸ ਆਦਰਸ਼ ਨੂੰ ਪ੍ਰਫੁੱਲਤ ਕਰਦਾ ਹੈ ?

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

1. ਪੁਰਾਤਨ ਅਤੇ ਆਧੁਨਿਕ ਉਲਪਿੰਕ ਖੇਡਾਂ ਵਿੱਚ ਅੰਤਰ ਦੱਸੋ ?

.....

.....

.....

.....

.....

.....

.....

2. ਸ਼੍ਰੇਣੀ ਏ.ਓ.ਜੀ. (AOG) ਜਾਂ ਐੱਮ.ਓ.ਜੀ. (MOG)

ਪ੍ਰਾਚੀਨ ਉਲਪਿੰਕ ਖੇਡਾਂ
(Ancient Olympic Games)–

1. ਦੋਨੋਂ ਵਿਅਕਤੀਗਤ ਅਤੇ ਟੀਮ ਖੇਡ ਦਾ ਸੰਚਾਲਨ ਕਰ ਰਹੇ ਹਨ_____

2. ਖਿਡਾਰੀ ਨਿਰਵਸਤਰ_____

3. ਅੰਤਰਰਾਸ਼ਟਰੀ ਸੋਚ ਅਤੇ ਭਾਈਚਾਰੇ ਦੀ ਸਮਝ ਪੈਦਾ ਕਰਨ ਲਈ_____

4. ਗਰੀਸ ਵਿੱਚ ਜੋ ਪੈਦਾ (ਜੰਮੇ) ਹੋਏ ਸਨ ਉਨ੍ਹਾਂ ਨੂੰ ਹੀ ਭਾਗ ਲੈਣ ਦੀ ਇਜ਼ਾਜਤ_____

ਆਧੁਨਿਕ ਉਲਪਿੰਕ ਖੇਡਾਂ -
(Modern Olympic Games)

5. ਮਹਿਲਾਵਾਂ ਨੂੰ ਭਾਗ ਲੈਣ ਦੀ ਇਜ਼ਾਜਤ ਦਿੱਤੀ ਗਈ ਸੀ_____

6. ਖੇਡਾਂ 16 ਦਿਨ ਲਈ ਕਰਵਾਈਆਂ ਗਈਆਂ_____

7. ਕੇਵਲ ਆਰਮੇਚਰ ਖਿਡਾਰੀ ਨੂੰ ਹੀ ਭਾਗ ਲੈਣ ਦੀ ਆਗਿਆ ਸੀ_____

8. ਕੌਮਾਂ ਵਿਚਕਾਰ ਅਸਥਾਈ ਜੰਗਬੰਦੀ ਘੋਸ਼ਿਤ ਕਰਨਾ ।

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਹੇਠ ਦਿੱਤੀ ਚੈਕਲਿਸਟ ਦੀ ਵਰਤੋਂ ਕਰਕੇ ਪੜਤਾਲ ਕਰੋ ਕਿ ਤੁਸੀਂ ਨਿਰਧਾਰਨ ਲਈ ਸਾਰੀਆਂ ਜਰੂਰਤਾਂ ਪੂਰੀਆਂ ਕਰ ਲਈਆਂ ਹਨ ?

ਭਾਗ (ਓ)

1. ਪੁਰਾਤਨ ਅਤੇ ਆਧੁਨਿਕ ਉਲਪਿੰਕ ਖੇਡਾਂ ਵਿੱਚ ਜੋ ਬੁਨਿਆਦੀ ਬਦਲਾਓ ਆਏ ਸਨ, ਉਹਨਾਂ ਵਿੱਚ ਅੰਤਰ ਦੱਸੋ ।

ਭਾਗ (ਅ)

ਹੇਠ ਦਿੱਤਿਆਂ ਤੇ ਜਮਾਤ ਵਿੱਚ ਚਰਚਾ ਕੀਤੀ ਗਈ

1. ਪ੍ਰਾਚੀਨ ਗਰੀਸ ਵਿੱਚ ਮੁਕਾਬਲਾ ਕਰਨ ਵਾਲੇ ਸ਼ਹਿਰਾਂ ਵਿੱਚ ਸ਼ਾਤੀ ਸਥਾਪਤ ਕਰਨ ਵਿੱਚ ਉਲਪਿੰਕ ਖੇਡਾਂ ਦਾ ਯੋਗਦਾਨ ।
2. ਸਾਡੇ ਰੋਜ਼ਾਨਾ ਜੀਵਨ ਵਿੱਚ ਉਲਪਿੰਜ਼ਮ ਦੇ ਆਦਰਸ਼ਾਂ ਦਾ ਉਪਯੋਗ, ਉਦਾਹਰਣਾਂ ਨਾਲ ਵਿਸਤ੍ਰਿਤ ਕਰੋ ।

ਭਾਗ (ਏ)

ਪ੍ਰਦਰਸ਼ਨ ਦਾ ਮਿਆਰ ਪਰ ਸੀਮਿਤ ਨਹੀਂ

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਦੂਜੇ ਵਿਦਿਆਰਥੀਆਂ ਨਾਲ ਸਪੋਰਟਸ ਈਵੈਂਟਸ ਕਰਾਉਣ ਦੀ ਯੋਗਤਾ ਦਿਖਾਉਣਾ ।		
ਭਿੰਨ - ਭਿੰਨ ਖੇਡਾਂ ਦੀਆਂ ਕਿਰਿਆਵਾਂ ਵਿੱਚ ਉਲੰਪਿਜਮ ਦੇ ਮਹਤੱਵਪੂਰਨ ਨਿਯਮਾਂ ਦੀ ਪਹਿਚਾਣ ਕਰਨਾ ।		

Downloaded from https:// www.studiestoday.com

Downloaded from https:// www.studiestoday.com

ਸ਼ੈਸ਼ਨ 3 :: ਭਾਰਤੀ ਖੇਡ ਸਮਾਗਮਾਂ ਦੇ ਵਿਕਾਸ ਨੂੰ ਸਮਝਣਾ

ਸੰਬੰਧਿਤ ਗਿਆਨ

ਭਾਰਤੀ ਖੇਡ ਇਤਿਹਾਸ

ਉਸ ਸਮੇਂ ਯੋਗਾ ਮੁਕੰਮਲ ਸਿਹਤ ਅਤੇ ਮਾਨਸਿਕ ਸੰਤੁਲਨ ਪ੍ਰਾਪਤ ਕਰਨ ਦਾ ਇੱਕ ਬੁਨਿਆਦੀ ਇਲਮ ਸੀ। ਚੀਨੀ ਯਾਤਰੀ ਹਿਊਨ ਸਾਂਗ ਨੇ 'ਯੋਗ ਸ਼ਾਸਤਰ' ਸਿੱਖਣ ਲਈ ਨਾਲੰਦਾ ਵਿਸ਼ਵ -ਵਿਦਿਆਲਾ ਦੀ ਯਾਤਰਾ ਕੀਤੀ।

ਭਾਰਤ ਵਿੱਚ ਖੇਡਾਂ ਦਾ ਇਤਿਹਾਸ ਵੈਦਿਕ ਯੁਗ ਤੋਂ ਸ਼ੁਰੂ ਹੁੰਦਾ ਹੈ। ਪ੍ਰਾਚੀਨ ਭਾਰਤ ਵਿੱਚ ਸਰੀਰਕ ਸਭਿੱਆਚਾਰ ਨੂੰ ਧਾਰਮਿਕ ਸੰਸਕਾਰਾਂ ਨਾਲ ਜੋੜਿਆ ਜਾਂਦਾ ਸੀ। 975 ਈ. ਪੂ: ਦੇ ਆਸ ਪਾਸ ਰੱਥ ਦੌੜ ਅਤੇ ਕੁਸ਼ਤੀ ਦੀ ਰੀਝ ਭਾਰਤ ਅਤੇ ਯੂਨਾਨ ਦੌਵੇਂ ਦੇਸ਼ਾਂ ਦਰਮਿਆਨ ਇੱਕ ਬਹੁਤ ਹੀ ਆਕਰਸ਼ਕ ਸੰਬੰਧ ਬਣਾਉਂਦੀ ਸੀ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿ ਅੱਜ - ਕਲ੍ਹ ਦੇ ਉਲੰਪਿਕ ਖੇਡ ਮੁਕਾਬਲੇ ਪ੍ਰਾਚੀਨ ਭਾਰਤ ਵਿੱਚ ਪ੍ਰੱਫੁਲਿਤ ਹੋਏ ਮੁਕਾਬਲਿਆਂ ਦਾ ਇੱਕ ਆਸਾਨ ਰੂਪ ਹਨ।

ਸਿੰਧੂ ਘਾਟੀ ਸਭਿਅਤਾ (3250 BC ਤੋਂ 2750 BC)

ਮੋਹੰਜੋਦਾਰੋ ਅਤੇ ਹੜੱਪਾ ਵਿੱਚ ਹੋਇਆ ਪੁਰਾਤੱਤਵ ਖੁਦਾਈਆਂ ਭਾਰਤੀ ਲੋਕਾਂ ਵਿੱਚ ਪੂਰਵ ਵੈਦਿਕ ਕਾਲ ਤੋਂ ਹੀ ਖੇਡਾਂ ਵਿੱਚ ਦਿਲਚਸਪੀ ਹੋਣ ਦੇ ਪੁਖਤਾ ਸਬੂਤ ਦਿੰਦੀਆਂ ਹਨ। ਖੁਦਾਈ ਵਿੱਚੋਂ ਪ੍ਰਾਪਤ ਹੋਇਆ ਇੱਕ ਨੱਚਦੀ ਹੋਈ ਲੜਕੀ ਦਾ ਬੁੱਤ ਉਸ ਕਾਲ ਵਿੱਚ ਹੋਣ ਵਾਲੀਆਂ ਮਨੋਰੰਜਕ ਗਤੀਵਿਧੀਆਂ ਦੀ ਮਿਸਾਲ ਹੈ। ਦੂਜਾ ਮੁੱਖ ਮੁਕਾਬਲਾ ਤੈਰਾਕੀ ਜਾਪਦਾ ਹੈ, ਜਿਸਦਾ ਪਤਾ ਖੁਦਾਈ ਵਿੱਚ ਮਿਲੇ ਇੱਕ ਵਿਸ਼ਾਲ ਇਸ਼ਨਾਨ ਘਰ ਤੋਂ ਲਗਦਾ ਹੈ ਜੋ ਕਿ ਕਿਸੇ ਤੈਰਾਕੀ ਕੁੰਡ ਵਰਗਾ ਦਿਸਦਾ ਹੈ।

Downloaded from https:// www.studiestoday.com

Downloaded from https:// www.studiestoday.com

ਵੈਦਿਕ ਕਾਲ (2500 BC – 600 BC) **ਈ. ਪੂ:** ਰਿਗ ਵੇਦ ਦੇ ਕਾਲ ਦੌਰਾਨ ਰੱਥ ਦੌੜ, ਤੀਰ ਅੰਦਾਜ਼ੀ, ਘੁੜ ਸਵਾਰੀ, ਫੌਜੀ ਰਣਨੀਤੀ, ਕੁਸ਼ਤੀ, ਭਾਰ ਤੋਲਣ, ਤੈਰਾਕੀ ਅਤੇ ਸ਼ਿਕਾਰ ਵਿੱਚ ਨਿਪੁੰਨ ਵਿਅਕਤੀ ਨੂੰ ਹੀ ਉੱਚੇ ਦਰਜੇ ਦਾ ਵਿਅਕਤੀ ਮੰਨਿਆ ਜਾਂਦਾ ਸੀ ।

ਭਾਰਤੀ ਖੇਡਾਂ ਵਿੱਚੋਂ ਗੁਰੁ-ਸ਼ਗਿਰਦ/ਪ੍ਰਥਾ ਉਨੰਤ ਸਮੇਂ ਤੋਂ ਇੱਕ ਅਹਿਮ ਰੋਲ ਅਦਾ ਕਰਦੀ ਆ ਰਹੀ ਹੈ । ਤਿਰੁਵੇਦਾਚਾਰੀਆ ਨੇ ਵੀ ਤੀਰ ਅੰਦਾਜ਼ੀ, ਘੁੜ ਸਵਾਰੀ, ਗੋਲਾ ਸੁੱਟ ਅਤੇ ਰੱਥ ਦੌੜ ਵਰਗੇ ਖੇਡ ਮੁਕਾਬਲਿਆਂ ਦਾ ਜਿਕਰ ਕੀਤਾ ਹੈ । ਮਾਨਸ ਉਲਾਸ (1135 ਈ.) ਵਿੱਚ ਸੋਮੇਸ਼ਵਰ ਨੇ ਹੀ ਭਰਾਸ਼ੁਮ (ਭਾਰ ਤੋਲਣ) ਬ੍ਰਹਮਾਸ਼੍ਰਮ (ਪੈਦਲ ਤੁਰਨਾ) ਅਤੇ ਮਾਲਸਤੰਭਾ (ਕੁਸ਼ਤੀ 0 ਬਾਰੇ ਲਿਖਿਆ ਹੈ । ਵੈਦਿਕ ਕਾਲ ਦੌਰਾਨ ਇੱਕ ਖਾਸ ਕਿਸਮ ਦੀ ਰੱਥ ਦੌੜ ਬਹੁਤ ਪ੍ਰਸਿੱਧ ਸੀ । ਲੋਕ ਤੈਰਾਕੀ ਦੇ ਸ਼ੌਕੀਨ ਸਨ । ਗੇਂਦ ਨਾਲ ਸੰਬੰਧਿਤ ਮੁਕਾਬਲੇ ਵੀ ਮਰਦਾਂ ਅਤੇ ਔਰਤਾਂ ਵਿੱਚ ਪ੍ਰਚਲਿਤ ਸਨ । ਇਸ ਤੋਂ ਇਲਾਵਾ ਬਾਹਰ ਵਿਹੜੇ ਵਿੱਚ ਖੇਡੇ ਜਾਣ ਵਾਲੇ ਖੇਲ ਜਿਵੇਂਕਿ ਲੁੱਕਣ - ਮਿੱਚੀ, ਛੂ - ਛਲੀਕਾ ਲੜਕੀਆਂ ਵਿਚਾਲੇ ਵਧੇਰੇ ਪਸੰਦ ਕੀਤੇ ਜਾਂਦੇ ਸਨ । ਰਿਗ ਵੇਦ ਤੋਂ ਪਤਾ ਲਗਦਾ ਹੈ ਕਿ ਵੈਦਿਕ ਆਰਿਯਨ ਲੋਕ ਮੁੱਕੇਬਾਜ਼ੀ ਵੀ ਜਾਣਦੇ ਸਨ ।

ਮੁੱਢਲਾ ਹਿੰਦੂ ਕਾਲ (600 ਈ . ਪੂ: ਤੋਂ 320 ਈ. ਪੂ:)

ਲੋਕਾਂ ਵਿੱਚ ਖੇਡਾਂ ਪ੍ਰਤੀ ਸੱਭ ਤੋਂ ਵੱਧ ਦਿਲਚਸਪੀ ਇਸ ਕਾਲ ਦੌਰਾਨ ਵੇਖੀ ਗਈ । ਅਯੋਧਿਆ, ਕਿਸ਼ਕਿੰਦਾ ਅਤੇ ਲੰਕਾ ਇਸ ਕਾਲ ਦੇ ਮੁੱਖ ਖੇਡ ਕੇਂਦਰ ਸਨ । ਰੱਥ ਦੌੜ ਅਤੇ ਘੁੜ ਸਵਾਰੀ ਮੁੱਖ ਸਨ । ਸ਼ਿਕਾਰ ਨੂੰ ਸ਼ਾਹੀ ਖੇਡ ਮੰਨਿਆ ਜਾਂਦਾ ਸੀ, ਤੈਰਾਕੀ ਵੀ ਪਸੰਦ ਕੀਤੀ ਜਾਂਦੀ ਸੀ ਅਤੇ ਮੰਨਿਆ ਜਾਂਦਾ ਹੈ ਕਿ ਰਾਵਨ ਨੇ ਅਸ਼ੋਕ ਵਾਟਿਕਾ ਵਿੱਚ ਇੱਕ ਵਿਸ਼ਾਲ ਤੈਰਾਕੀ ਕੁੰਡ ਬਣਵਾਇਆ ਸੀ । ਚੌਸਰ ਦੀ ਖੇਡ ਵੀ ਪ੍ਰਚਲਿਤ ਸੀ । ਚਤੁਰੰਗ ਜਿਸ ਨੂੰ ਅੱਜ ਦੇ ਸਮੇਂ ਵਿੱਚ ਸ਼ਤਰੰਜ ਕਿਹਾ ਜਾਂਦਾ ਹੈ, ਵੀ ਇਸ ਕਾਲ ਦੌਰਾਨ ਉਨੱਤ ਹੋਇਆ ਅਤੇ ਭਾਰਤ ਇਸ ਖੇਡ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ । ਗੇਂਦ ਵਾਲੇ ਖੇਡ ਔਰਤਾਂ ਵਿੱਚ ਪ੍ਰਸਿੱਧ ਸਨ ।

ਇਸ ਕਾਲ ਦੌਰਾਨ ਜਿਮਨਾਸਟਿਕ ਬਾਰੇ ਵੀ ਖਾਸ ਤੌਰ ਤੇ ਦੱਸਿਆ ਗਿਆ ਹੈ । ਕੁੱਦਣਾ, ਪੰਜਾ ਲੜਾਉਣਾ, ਕੁਸ਼ਤੀ, ਲੁੱਕਣ-ਮੀਟੀ ਅਤੇ ਜਾਨਵਰਾਂ ਦਾ ਪਿੱਛਾ ਕਰਨਾ ਹੋਰ ਮਸ਼ਹੂਰ ਖੇਡ ਮੁਕਾਬਲੇ ਸਨ । ਗੇਂਦ ਖੇਡਾਂ ਬਾਰੇ ਕਿਹਾ ਗਿਆ ਹੈ ਕਿ ਭਗਵਾਨ ਕਿਸ਼ਨ ਵੀ ਗੋਪੀਆਂ ਨਾਲ ਇਹ ਖੇਡ ਖੇਡਦੇ ਸਨ । ਗੁੱਲੀ ਡੰਡਾ, ਜਿਸ ਵਿੱਚ ਇੱਕ ਵੱਡਾ ਤੇ ਇੱਕ ਛੋਟਾ ਲੱਕੜੀ ਦਾ ਟੁਕੜਾ ਸੀ, ਵੀ ਖੇਡਿਆ ਜਾਂਦਾ ਸੀ । ਮਹਾਭਾਰਤ ਵਿੱਚ ਵੀ ਕੌਰਵਾਂ ਅਤੇ ਪਾਂਡਵਾ ਦੇ ਗੁੱਲੀ ਡੰਡਾ ਖੇਡਣ ਦਾ ਜ਼ਿਕਰ ਆਉਂਦਾ ਹੈ ।

Downloaded from https:// www.studiestoday.com

Downloaded from https:// www.studiestoday.com

ਯੁਧਿਸ਼ਟਰ ਡਾਈਸ (Dice) ਨੂੰ ਬਹੁਤ ਪਸੰਦ ਕਰਦਾ ਸੀ ਇਹ ਜਾਣਿਆਂ ਜਾਂਦਾ ਹੈ ਕਿ ਉਹ ਆਪਣਾ ਸਾਰਾ ਰਾਜ, ਆਪਣੇ ਭਰਾਵਾਂ ਅਤੇ ਆਪਣੀ ਪਤਨੀ ਨੂੰ ਇਸ ਖੇਡ ਵਿੱਚ ਦੁਸ਼ਮਣਾਂ ਤੋਂ ਸਭ ਕੁਝ ਹਾਰ ਗਿਆ । ਲੋਕਾਂ ਨੇ ਪਾਣੀ ਦੀਆਂ ਖੇਡਾਂ ਦਾ ਵੀ ਆਨੰਦ ਮਾਣਿਆਂ । ਭੀਮ ਅਤੇ ਦੁਰਯੋਧਨ ਤੈਰਾਕੀ ਵਿੱਚ ਮਾਹਿਰ ਸਨ ਸਾਰੇ ਪਾਂਡਵ ਅਤੇ ਕੌਰਵ ਰਾਜਕੁਮਾਰ ਦੁਰਯੋਧਨ ਦੇ ਸੱਦੇ ਤੇ ਪਾਣੀ ਦੀਆਂ ਖੇਡਾਂ ਲਈ ਗੰਗਾ ਵਿੱਚ ਜਾਂਦੇ ਸਨ ।

ਬਾਅਦ ਦਾ ਹਿੰਦੂ ਪੀਰੀਅਡ (Later Hindu Period (320AD-1200 AD))

ਤਕਸ਼ੀਲਾ ਅਤੇ ਨਾਲੰਦਾ ਯੂਨੀਵਰਸਿਟੀਆਂ ਇਸ ਸਮੇਂ ਆਈਆਂ । ਤਕਸ਼ੀਲਾ ਫੌਜੀ ਸਿਖਲਾਈ, ਕੁਸ਼ਤੀ ਅਤੇ ਪਹਾੜ ਤੇ ਚੜ੍ਹਨ ਦੀ ਸਿਖਲਾਈ ਲਈ ਮਸ਼ਹੂਰ ਸੀ । ਨਾਲੰਦਾ ਵਿੱਚ ਤੈਰਾਕੀ, ਸਾਹ ਦੀਆਂ ਕਸਰਤਾਂ ਅਤੇ ਯੋਗ ਨੂੰ ਪਾਠਕ੍ਰਮ ਦਾ ਇਕ ਅਟੁੱਟ ਹਿੱਸਾ ਬਣਾਇਆ । ਗੁਪਤ ਰਾਜ ਦਾ ਹਰਸ਼ਵਰਧਨ ਇਕ ਮਾਹਨ ਖਿਡਾਰੀ ਸੀ ਅਤੇ ਉਸਨੇ ਆਪਣੀ ਪਰਜਾ ਨੂੰ ਇਨ੍ਹਾਂ ਵਿਸ਼ਿਆਂ ਵਿੱਚ ਉਤਸ਼ਾਹਿਤ ਕੀਤਾ । ਨਰਸਿਮਨ ਇਕ ਮਹਾਨ ਪਹਿਲਵਾਨ ਸੀ । ਅਤੇ ਉਹ ਪਲਵ ਰਾਜਵੰਸ ਨਾਲ ਸੰਬੰਧਤ ਸੀ ।

ਮੁਗਲ ਪੀਰੀਅਡ (Mughal Period (1000A.D – 1757 A.D.)

ਕੁੱਝ ਭਾਰਤੀ ਦੇਸੀ ਖੇਡਾਂ ਜਿਵੇਂ ਮਲਖੰਬ (Malkhamb) ਆਦਿ ਨੂੰ ਨਵਾਂ ਰੂਪ ਦੇ ਕੇ ਹੈਗਿੰਗ ਮਲਖੰਬ (Hanging malkhamb) ਅਤੇ ਰੋਪ ਮਲਖੰਬ (Rope malkhamb) ਨਵਾਂ ਰੂਪ ਦਿੱਤਾ ਗਿਆ । ਸਵਾਮੀ ਸਮਰੱਥ ਰਾਮਾਦਾਸ ਜੋ ਕਿ ਹਰ ਰੋਜ਼ 1200 ਵਾਰ ਸੂਰਿਯਾ ਨਮਸਕਾਰ (Surya namaskar) ਕਰਦਾ ਸੀ ਉਸਨੇ ਵੀ ਸਰੀਰਕ ਸਿੱਖਿਆ ਦੀ ਮਹੱਤਤਾ ਨੂੰ ਸਮਝਿਆ । ਉਸ ਨੇ ਸਾਰੀ ਦੁਨਿਆ ਦਾ ਸਫ਼ਰ ਤੈਅ ਕੀਤਾ । ਜ਼ਿੰਮਨੇਜ਼ੀਅਮ ਹਨੁੰਮਾਨ ਦੇ ਮੰਦਰ ਅਤੇ ਇਸ ਸੂਰਿਯਾ ਨਮਸਕਾਰ, ਢੰਡ, ਹੈਵੀ ਕਲੱਬ ਸਵਿਮਇੰਗ, ਮਲਖੰਬ, ਕੁਸ਼ਤੀ, ਤਲਵਾਰ ਬਾਜ਼ੀ ਆਦਿ ਦਾ ਅਭਿਆਸ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ । ਮੁਗਲਾਂ ਨੂੰ ਖੇਡਾਂ ਜਿਵੇਂ ਕਿ ਘੋੜਸਵਾਰੀ ਆਦਿ ਨਾਲ ਬਹੁਤ ਪਿਆਰ ਸੀ । ਇਸ ਖੇਡ ਨੂੰ ਪੋਲੋ ਖੇਡ ਦੀ ਸ਼ੁਰੂਆਤ ਵਾਲੀ ਸਟੇਜ ਮੰਨਿਆ ਗਿਆ ।

ਵਿਸ਼ਵ ਦੀ ਖੇਡਾਂ ਦੀ ਭਾਰਤੀ ਖੇਡਾਂ ਨਾਲ ਅਨੁਕੂਲਤਾ

ਪੁਰਾਤਨ ਭਾਰਤੀ ਖੇਡਾਂ	ਆਧੁਨਿਕ ਨਾਮ
ਸ਼ਤਰੰਜ	ਚੈਸ
ਤੀਰ ਅੰਦਾਜ਼ੀ	ਆਰਚਰੀ
ਗੁਲੀ ਡੰਡਾ	ਕ੍ਰਿਕੇਟ
ਚਤੁਰੰਗ	ਡਾਈਸ
ਪਾਸੀ - ਯੁੱਧਾ	ਟੱਗ ਆਫ਼ ਵਾਰ
ਭਰਾਸ਼ਰਮ	ਭਾਰ ਚੁੱਕਣਾ
ਯੋਗਾ ਸ਼ਾਸ਼ਤਰ	ਸਾਰੇ ਚਲ ਰਹੇ ਅਤੇ ਆਧੁਨਿਕ ਕਿਸਮ ਦਾ ਯੋਗਾ

Downloaded from https:// www.studiestoday.com

Downloaded from https:// www.studiestoday.com

ਭਾਰਤ ਵਿੱਚ ਖੇਡਾਂ

ਭਾਰਤ ਵਿੱਚ ਅੰਗਰੇਜੀ ਸ਼ਾਸਨ ਦੌਰਾਨ, ਸਰੀਰਕ ਸਿੱਖਿਆ ਦਾ ਭਾਰਤੀ ਤਰੀਕੇ ਦਾ ਸਾਰਾ ਸਿਸਟਮ ਬਦਲ ਦਿੱਤਾ । ਬਹੁਤ ਸਾਰੇ ਵਿਦੇਸ਼ੀ ਹਮਲੇ ਜਿਵੇਂ ਮੁਗਲ, ਪੁਰਤਗਾਲੀ, ਫਰੈਂਚ ਅਤੇ ਬ੍ਰਿਟਿਸ਼ ਹੋਏ ਸਨ ਅਤੇ ਵਿਦੇਸ਼ੀ ਹਾਕਮ ਆਪਣੇ ਨਾਲ ਆਪਣੀ ਖੇਡ ਲੈ ਆਏ । ਇਹਨਾਂ ਵਿਦੇਸ਼ੀ ਖੇਡਾਂ ਨੇ ਭਾਰਤੀ ਨੌਜਵਾਨਾਂ ਨੂੰ ਪ੍ਰਭਾਵਿਤ ਕੀਤਾ । ਇਹ ਸੱਚ ਹੈ ਕਿ ਭਾਰਤੀ ਨੌਜਵਾਨ ਇਨ੍ਹਾਂ ਵਿਦੇਸ਼ੀ ਖੇਡਾਂ ਵਿੱਚ ਮਾਹਿਰ ਹਨ ਅਤੇ ਕੁੱਝ ਵਿੱਚ ਅਜੇ ਵੀ ਉਹ ਵਿਸ਼ਵ ਵਿੱਚ ਵਧੀਆ ਹਨ । ਆਓ ਹੁਣ ਭਾਰਤੀ ਖੇਡ ਪ੍ਰਾਪਤੀਆਂ ਬਾਰੇ ਕੁੱਝ ਸਿੱਖੀਏ ।

ਭਾਰਤੀ ਖੇਡ ਦੀਆਂ ਪ੍ਰਾਪਤੀਆਂ

- ਪਹਿਲਾ ਉਲਪਿੰਕ ਸੋਨੇ ਦਾ ਤਗਮਾ 1928 ਵਿੱਚ ਭਾਰਤ ਨੇ ਹਾਕੀ ਵਿੱਚ ਜਿੱਤਿਆ । ਭਾਰਤ ਨੇ ਮੇਜ਼ਬਾਨ ਦੇਸ਼ ਹਾਲੈਂਡ ਨੂੰ ਫਾਈਨਲ ਵਿੱਚ 3-0 ਨਾਲ ਹਰਾਇਆ । 1970 ਦੇ ਮੱਧ ਤੱਕ ਭਾਰਤ ਨੇ ਇੰਟਰਨੈਸ਼ਨਲ ਹਾਕੀ ਵਿੱਚ 8 ਸੋਨ ਤਗਮੇ ਜਿੱਤੇ । 1975 ਵਿੱਚ ਭਾਰਤ ਨੇ ਉਦਘਾਟਨੀ ਪੁਰਸ਼ ਹਾਕੀ ਵਿਸ਼ਵ ਕੱਪ ਵੀ ਜਿੱਤਿਆ ।

  ਮੇਜਰ ਧਿਆਨ ਚੰਦ ਜਿਸ ਨੂੰ ਕਿ ਹਾਕੀ ਦਾ ਜਾਦੂਗਰ ਕਿਹਾ ਜਾਂਦਾ ਹੈ ਉਹ ਹਮੇਸ਼ਾ ਹਾਕੀ ਦਾ ਬਹੁਤ ਵਧੀਆ ਖਿਡਾਰੀ ਰਿਹਾ ।

- ਕ੍ਰਿਕੇਟ ਭਾਰਤ ਦੀ ਬਹੁਤ ਮਸ਼ਹੂਰ ਖੇਡ ਹੈ ਭਾਰਤੀ ਕੌਮੀ ਕ੍ਰਿਕੇਟ ਟੀਮ ਨੇ ਬਹੁਤ ਟੂਰਨਾਮੈਂਟ ਜਿੱਤੇ ।

  1983 ਕ੍ਰਿਕੇਟ ਵਰਲਡ ਕੱਪ ਇੰਗਲੈਂਡ ਵਿੱਚ:- ਕਪਿਲ ਦੇਵ ਦੀ ਕਪਤਾਨੀ ਵਿੱਚ ਭਾਰਤ ਨੇ ਵੈਸਟ ਇੰਡੀਸ ਨੂੰ 43 ਦੌੜਾਂ ਨਾਲ ਹਰਾਇਆ । ਉਸ ਦਿਨ ਦੇ ਮੈਚ ਵਿੱਚ ਮਹਿੰਦਰ ਅਮਰਨਾਥ (3/12 ਅਤੇ 26) ਅਤੇ ਕ੍ਰਿਸ ਸ੍ਰੀ ਕਾਂਤ ਦਾ 38 ਸਕੋਰ ਸਭ ਤੋਂ ਵੱਧ ਰਿਹਾ ।

- **2002 ਆਈ. ਸੀ. ਸੀ. ਚੈਪਿੰਅਨ ਟਰਾਫ਼ੀ**:- ਸ੍ਰੀ ਲੰਕਾ ਨਾਲ ਸਾਂਝੇ ਜੇਤੂ ਰਹੇ ।

- **2007 ਆਈ. ਸੀ. ਸੀ. ਵਰਲਡ 20-20 ਸਾਊਥ ਅਫਰਿਕਾ ਵਿੱਚ**:- ਮਹਿੰਦਰ ਸਿੰਘ ਧੋਨੀ ਦੀ ਕਪਤਾਨੀ ਵਿੱਚ ਭਾਰਤ ਨੇ ਇਹ ਮੈਚ ਜਿੱਤਿਆ । ਭਾਰਤ ਨੇ ਪਕਿਸਤਾਨ ਨੂੰ 5 ਦੌੜਾਂ ਨਾਲ ਹਰਾਇਆ ਅਤੇ ਪਹਿਲੇ ਟੀ–20 ਦਾ ਚੈਪਿੰਅਨ ਰਿਹਾ।

- **2011 ਕ੍ਰਿਕੇਟ ਵਰਲਡ ਕੱਪ ਭਾਰਤ ਵਿੱਚ** : ਮਹਿਮਾਨ ਨਵਾਜ਼ ਭਾਰਤ ਨੂੰ ਵਧੀਆ ਪ੍ਰਦਰਸ਼ਨ ਦੀ ਉਮੀਦ ਸੀ । ਭਾਰਤ ਦਾ ਫਾਇਨਲ ਮੈਚ ਦਾ ਮੁਕਾਬਲਾ ਵਨਖੜੇ ਸਟੇਡੀਅਮ (**Wankhede Stadium**) ਮੁੰਬਈ ਵਿਖੇ ਹੋਇਆ ।

Downloaded from https:// www.studiestoday.com

Downloaded from https:// www.studiestoday.com

ਸ੍ਰੀ ਲੰਕਾ ਦੀਆਂ 214 ਦੌੜਾਂ ਦਾ ਪਿੱਛਾ ਕਰਕੇ, ਕਪਤਾਨ ਧੋਨੀ ਨੇ ਅਖੀਰਲੀ ਗੇਂਦ ਤੇ ਛੱਕਾ ਮਾਰ ਕੇ ਛੇ ਵਿਕਟਾਂ ਨਾਲ ਫਾਇਨਲ ਮੈਚ ਭਾਰਤ ਦੀ ਝੋਲੀ ਪਾਇਆ । ਧੋਨੀ ਨੂੰ ਮੈਨ ਆਫ ਦੀ ਮੈਚ ਘੋਸ਼ਿਤ ਕੀਤਾ ਗਿਆ ।ਇਸ ਮੈਚ ਨਾਲ ਭਾਰਤ ਨੇ 1983 ਤੋਂ ਬਾਅਦ ਪਹਿਲਾ ਵਰਲਡ ਕੱਪ ਜਿੱਤਿਆ ।

- **2013 ਆਈ. ਸੀ. ਸੀ. ਚੈਪੀਅਨ ਟਰਾਫ਼ੀ** :- ਇਹ ਵੀ ਭਾਰਤ ਨੇ ਇੰਗਲੈਂਡ ਨੂੰ ਪੰਜ ਦੌੜਾਂ ਨਾਲ ਹਰਾ ਕੇ ਜਿੱਤਿਆ । ਜੇਤੂ ਹੋਣ ਦੇ ਨਾਤੇ ਭਾਰਤ ਨੂੰ $2 ਮਿਲੀਅਨ ਇਨਾਮ ਵਜੋਂ ਪ੍ਰਾਪਤ ਹੋਏ । ਸਚਿਨ ਤੇਂਦੁਲਕਰ ਮਾਸਟਰ ਬਲਾਸਟਰ ਜਿਸ ਨੂੰ ਕ੍ਰਿਕੇਟ ਦਾ ਪ੍ਰਮਾਤਮਾ ਵੀ ਕਿਹਾ ਜਾਂਦਾ ਹੈ ਉਸਨੇ ਵੀ ਭਾਰਤੀ ਕ੍ਰਿਕੇਟ ਲਈ ਬਹੁਤ ਕੰਮ ਕੀਤਾ ਬਹੁਤ ਮਿਹਨਤ ਸਦਕਾ ਹਾਰਦੇ ਮੈਚਾਂ ਨੂੰ ਜਿੱਤਿਆ । ਉਹ ਕ੍ਰਿਕੇਟ ਦੇ ਸਾਰਿਆਂ ਪਾਸਿਆਂ ਤੋਂ ਨਵੰਬਰ 2013 ਵਿੱਚ ਰਿਟਾਇਰ ਹੋ ਗਏ । ਉਸ ਨੂੰ ਭਾਰਤ ਰਤਨ ਐਵਾਰਡ ਨਾਲ ਨਵਾਜਿਆ ਗਿਆ । ਉਹ ਹੁਣ ਤੱਕ ਦੇ ਸਾਰੇ ਖਿਡਾਰਿਆਂ ਵਿਚੋਂ ਛੋਟਾ ਕ੍ਰਿਕੇਟ ਖਿਡਾਰੀ ਸੀ ਜਿਸ ਨੂੰ ਇਹ ਐਵਾਰਡ ਮਿਲਿਆ ।

- ਭਾਰਤ 1950 ਅਤੇ 1960 ਵਿੱਚ ਫੁੱਟਬਾਲ ਵਿੱਚ ਏਸ਼ੀਅਨ ਪਾਵਰ ਹਾਊਸ ਸੀ । 1950 ਵਿੱਚ ਫੀਫਾ ਵਰਲਡ ਕੱਪ ਨੂੰ ਕੁਆਲੀਫਾਈ ਕਰਨ ਦੇ ਬਾਵਜੂਦ ਭਾਰਤੀ ਟੀਮ ਨੂੰ ਫੀਫਾ ਦੇ ਨਿਯਮਾਂ ਦੀ ਉਲੰਘਣਾ ਕਾਰਨ ਭਾਗ ਨਹੀਂ ਲੈਣ ਦਿੱਤਾ ।ਭਾਰਤੀ ਟੀਮ ਦੀ ਉਲੰਘਣਾ ਇਹ ਸੀ ਕਿ ਭਾਰਤੀ ਟੀਮ ਮੈਚ ਨੰਗੇ ਪੈਰ ਖੇਡਣਾ ਚਾਹੁੰਦੀ ਸੀ । ਸੁਨਿਹਰੀ ਯੁੱਗ ਦੌਰਾਨ ਭਾਰਤ ਨੇ ਇਤਿਹਾਸ ਰਚਿਆ ਕਿ ਭਾਰਤੀ ਟੀਮ 1956 ਸਮਰ ਉਲੰਪਿਕ ਜੋ ਕਿ ਮੈਲਬੋਰਨ ਵਿੱਚ ਹੋਈਆਂ ਸਨ, ਵਿੱਚ ਭਾਰਤੀ ਟੀਮ ਏਸ਼ੀਅਨ ਟੀਮਾਂ ਵਿਚੋਂ ਇਕੋ ਟੀਮ ਸੀ ਜੋ ਕਿ ਸੈਮੀਫਾਈਨਲ ਵਿੱਚ ਪੁੱਜੀ ਨੇਵੀਲੀ ਡੀ ਸੋਜ਼ਾ(Neville D' Souza) ਖਿਡਾਰੀ ਨੇ ਤਿੰਨ ਗੋਲ ਇੱਕਠੇ ਕੀਤੇ । ਉਸਦਾ ਰਿਕਾਰਡ ਉਲੰਪਿਕ ਮੈਚ ਵਿੱਚ ਕੋਈ ਨਹੀਂ ਤੋੜ ਸਕਿਆ ।

- ਲੈਂਡਰ ਪੇਸ ਅਤੇ ਮਹੇਸ਼ ਭੁਪਤੀ ਨੇ ਪੁਰਸ਼ ਡਬਲਜ਼ ਅਤੇ ਮਿਕਸਡ ਡਬਲਜ਼ ਟੈਨਿਸ ਗਰੈਂਡ ਖਿਤਾਬ ਜਿੱਤੇ ।

Downloaded from https:// www.studiestoday.com

Downloaded from https:// www.studiestoday.com

- ਪਿਛਲੇ ਕੁੱਝ ਦਹਾਕਿਆਂ ਤੋਂ ਸਤਰੰਜ਼ ਦਾ ਭਾਰਤ ਵਿੱਚ ਸ਼ੌਂਕ ਵੱਧ ਚੁੱਕਾ ਹੈ । ਜਿਸਦਾ ਕਾਰਨ ਇਸਦਾ ਸਟਾਰ ਪਲੇਅਰ ਜੀ. ਐਮ. ਵਿਸ਼ਵਨਾਥਨ ਆਨੰਦ ਹੈ । ਉਹ ਪਿਛਲਾ ਵਿਸ਼ਵ ਚੈਂਪੀਅਨ ਵੀ ਹੈ । ਭਾਰਤ ਬਿਲਿਆਰਦ ਖੇਡ ਵਿੱਚ ਸੰਸਾਰ ਵਿੱਚ ਜੇਤੂ ਸੀ ।
- ਬਿਲਿਅਡ ਮੁਕਾਬਲੇ ਵਿੱਚ ਭਾਰਤ ਨੂੰ ਵਿਲਸਨ ਜੋਨਸ ਮਾਈਕਲ ਫਰੇਗ ਅਤੇ ਗੀਤ ਸੇਠੀ ਨੇ ਬਹੁਤ ਵਧੀਆ ਦਰਜਾ ਦਵਾਇਆ ।

ਅਭਿਨਵ ਸਿੰਘ ਬਿੰਦਰਾ ਇੱਕ ਭਾਰਤੀ ਸ਼ੂਟਰ ਹੈ ਜੋ 10 ਮੀਟਰ ਏਅਰ ਰਾਈਫਲ ਵਿੱਚ ਸੰਸਾਰ ਤੇ ਉਲੰਪਿਕ ਚੈਂਪੀਅਨ ਰਿਹਾ । ਉਹ ਇੱਕ ਪਹਿਲਾ ਭਾਰਤੀ ਹੈ ਜਿਸ ਨੇ ਇਕੱਲੇ ਨੇ ਉਲੰਪਿਕ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ।

ਸੁਸ਼ੀਲ ਕੁਮਾਰ ਸੋਲੰਕੀ ਪਹਿਲਵਾਨ ਹੈ ਨੇ 66 ਕਿਲੋਗ੍ਰਾਮ ਵੀ ਸਟਾਇਲ ਮੁਕਾਬਲਾ ਜੋ ਕਿ ਫਿਲਾ ਵਿੱਚ 2010 ਵਿੱਚ ਸੰਸਾਰ ਕੁਸ਼ਤੀ ਮੁਕਾਬਲੇ ਵਿੱਚ ਹੋਇਆ ਵਿੱਚ ਗੋਲਡ ਮੈਡਲ ਜਿੱਤਿਆ , ਪੁਰਸ਼ਾਂ ਦੇ 66 ਕਿਲੋਗ੍ਰਾਮ ਫ੍ਰੀ ਸਟਾਇਲ ਕੁਸ਼ਤੀ ਮੁਕਾਬਲਾ ਜੋ ਕਿ ਲੰਡਨ 2012 ਉਲੰਪਿਕ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ ਅਤੇ ਪੁਰਸ਼ 66 ਕਿਲੋ ਫ੍ਰੀ ਸਟਾਇਲ ਕੁਸ਼ਤੀ ਮੁਕਾਬਲਾ ਜੋ ਕਿ 2008 ਵਿੱਚ ਬੀਜਿੰਗ ਉਲੰਪਿਕਸ ਵਿੱਚ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ । ਇਹ ਇੱਕ ਪਹਿਲਾ ਭਾਰਤੀ ਹੈ ਜਿਸ ਨੇ ਕਿ ਪਿਛਲੇ ਸਮੇਂ ਤੋਂ ਉਲੰਪਿਕਸ ਵਿੱਚ ਮੈਡਲ ਪ੍ਰਾਪਤ ਕੀਤੇ ।

· ਸਾਇਨਾ ਨੇਹਵਾਲ ਇੱਕ ਬੈਡਮਿੰਟਨ ਦੀ ਖਿਡਾਰਨ ਹੈ ਜਿਸ ਨੂੰ ਕਿ ਦਸੰਬਰ 2010 ਵਿੱਚ ਬੈਡਮਿੰਟਨ ਵਰਲਡ ਫ਼ੈਡਰੇਸ਼ਨ ਨੇ ਦੂਜੇ ਨੰਬਰ ਦਾ ਰੈਂਕ ਦਿੱਤਾ । ਇੱਕ ਪਹਿਲੀ ਭਾਰਤੀ ਹੈ ਜਿਸ ਨੂੰ ਕਿ ਉਲੰਪਿਕ ਵਿੱਚ ਬੈਡਮਿੰਟਨ ਵਿੱਚ ਮੈਡਲ ਪ੍ਰਾਪਤ ਹੋਇਆ । ਇਹ ਪਹਿਲੀ ਭਾਰਤੀ ਹੈ ਜਿਸ ਨੇ ਵਰਲਡ ਜੂਨੀਅਰ ਬੈਡਮਿੰਟਨ ਚੈਂਪੀਅਨਸ਼ਿਪ ਜਿੱਤਿਆ । ਇਹ ਪਹਲੀ ਭਾਰਤੀ ਹੈ ਜਿਸ ਨੇ ਜੂਨ 2009 ਵਿੱਚ ਸੁਪਰ ਸੀਰੀਜ਼ ਟੂਰਨਾਮੈਂਟ ਜਿੱਤਿਆ ।

· ਵੀਜੇਂਦਰ ਸਿੱਘ ਬਾਕਸਰ ਨੇ 2008 ਬੀਜਿੰਗ ਸਮਰ ਉਲੰਪਿਕ ਵਿੱਚ ਪਹਿਲਾ ਉਲੰਪਿਕ ਮੈਡਲ ਜਿੱਤਿਆ ।

Downloaded from https:// www.studiestoday.com

Downloaded from https:// www.studiestoday.com

- ਐਮ. ਸੀ. ਮੈਰੀ ਕਾਮ (M C Mary Kom) ਇੱਕ ਬਾਕਸਰ ਹੈ ਉਹ ਪੰਜ ਵਾਰ ਵਰਲਡ ਬਾਕਸਿੰਗ ਚੈਂਪੀਅਨ ਰਹੀ । ਇਹ ਹੀ ਇੱਕਲੀ ਔਰਤ ਬਾਕਸਰ ਹੈ ਜਿਸਨੇ ਛੇ ਵਾਰੀਆਂ ਵਿੱਚੋਂ ਪੰਜ ਵਾਰੀ ਮੈਡਲ ਜਿੱਤੇ । ਇਸਨੇ ਭਾਰਤ ਲਈ 2012 ਵਿੱਚ ਲੰਡਨ ਉਲਪਿੰਕ ਵਿੱਚ ਤਾਂਬੇ ਦਾ ਤਗਮਾ ਜਿੱਤਿਆ ।

- ਗਗਨ ਨਾਰੰਗ ਏਅਰ ਰਾਈਫਲ ਸ਼ੂਟਿੰਗ ਵਿੱਚ ਸ਼ੂਟਰ ਹੈ । ਉਹ ਪਹਿਲਾ ਭਾਰਤੀ ਹੈ ਜਿਸਨੇ ਲੰਡਨ ਉਲਪਿੰਕ ਨੂੰ ਕੁਆਲੀਫਾਈ ਕੀਤਾ । ਇਸਨੇ 10 ਮੀਟਰ ਏਅਰ ਰਾਈਫਲ ਵਿੱਚ ਲੰਡਨ ਉਲਪਿੰਕ 2012 ਵਿੱਚ ਭਾਰਤ ਲਈ ਤਾਂਬੇ ਦਾ ਤਗਮਾ ਜਿੱਤਿਆ ।
- ਮਿਲਖਾ ਸਿੰਘ ਜਿਸਨੂੰ ਕਿ ਫਲਾਇੰਗ ਸਿੱਖ ਕਿਹਾ ਜਾਂਦਾ ਹੈ ਉਹ ਭਾਰਤੀ ਐਥਲੀਟ ਹੈ ਜਿਸਨੇ ਭਾਰਤ ਲਈ ਕਾਮਨ ਵੈਲਥ ਗੇਮਜ਼ ਵਿੱਚ ਸੋਨੇ ਦਾ ਤਗਮਾ ਜਿੱਤਿਆ ਉਸਨੇ ਭਾਰਤ ਵਲੋਂ 1956 ਵਿੱਚ ਸਮਰ ਉਲਪਿੰਕ ਮੈਲਬੋਰਨ ਵਿੱਚ ਭਾਗ ਲਿਆ, 1960 ਵਿੱਚ ਸਮਰ ਉਲਪਿੰਕ ਰੋਮ ਵਿੱਚ ਅਤੇ 1964 ਵਿੱਚ ਸਮਰ ਉਲਪਿੰਕ ਟੋਕੀਓ ਵਿੱਚ ਭਾਗ ਲਿਆ । ਉਸ ਨੂੰ ਉਸਦੀਆਂ ਪ੍ਰਾਪਤੀਆਂ ਸਦਕਾ ਪਦਮ ਸ਼੍ਰੀ Indian's Fourth highest civilian ਨਾਲ ਨਿਵਾਜਿਆ ਗਿਆ ।

Downloaded from https:// www.studiestoday.com

Downloaded from https:// www.studiestoday.com

- ਕਰਨਲ ਰਾਜਵਰਧਨ ਸਿੰਘ ਰਾਠੌਰ ਜੋ ਇੱਕ ਸ਼ੂਟਰ (ਨਿਸ਼ਾਨੇਬਾਜ) ਹੈ । ਅਥੇਨਸ (Athens) ਵਿੱਚ 2004 ਉਲਪਿੰਕ ਵਿੱਚ ਪੁਰਸ਼ ਡਬਲ ਟੈਰਪ ਵਿੱਚ ਸਿਲਵਰ ਮੈਡਲ ਜਿੱਤ ਕੇ ਪ੍ਰਸਿੱਧੀ ਪ੍ਰਾਪਤ ਕੀਤੀ।
- ਪ੍ਰਕਾਸ਼ ਪਾਦੂਕੌਣ ਸਾਰੇ ਇੰਗਲੈਂਡ ਵਿੱਚ ਬੈਡਮਿੰਟਨ ਚੈਮਪਿਅਨਸ਼ਿਪ ਨੂੰ ਜਿੱਤਣ ਵਾਲੇ ਪਹਿਲੇ ਭਾਰਤੀ ਸਨ ਉਸਨੇ 1980 ਵਿੱਚ ਸਾਰੇ ਇੰਗਲੈਂਡ ਵਿੱਚੋਂ ਓਪਨ ਖਿਤਾਬ ਜਿੱਤਿਆ ।
- ਪਰਿ ਮਾਰਜ਼ਨ ਨੇਗੀ ਇੱਕ ਸ਼ਤਰੰਜ ਖਿਡਾਰੀ ਹੈ ਉਹ ਭਾਰਤ ਦਾ ਛੋਟੀ ਉਮਰ ਦਾ ਗਰੈਂਡ ਮਾਸਟਰ ਹੈ ਉਹ ਖੇਡਾਂ ਦੇ ਇਤਿਹਾਸ ਵਿੱਚ ਦੂਜਾ ਛੋਟਾ ਜੀ. ਐਮ. ਹੈ ਅਤੇ ਅੱਜਕਲ੍ਹ ਦੀਆਂ ਖੇਡਾਂ ਵਿੱਚ ਸਾਰੇ ਜੀ. ਐਮ. ਵਿੱਚੋਂ ਨੌਜਵਾਨ ਹੈ ।

- ਪੀ. ਟੀ. ਊਸ਼ਾ ਉਲਪਿੰਕ ਫਾਇਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਸੀ ਉਹ 400 ਮੀਟਰ ਹਰਡਲ ਵਿੱਚ 1984 ਲਾੱਸ ਏਂਜਲਸ ਵਿੱਚ ਪਹੁੰਚੀ ਸੀ । ਊਸ਼ਾ 1/100 ਵਾਂ ਸੈਕਿੰਡ ਪਿੱਛੇ ਰਹਿ ਕੇ ਤਾਂਬੇ ਦਾ ਮੈਡਲ ਖੋ ਬੈਠੀ ।

ਭਾਰਤ ਵਿੱਚ ਮੁੱਖ ਖੇਡ ਘਟਨਾਵਾਂ(Major sporting events in india)

Major sporting events ਜੋ ਕਿ ਭਾਰਤ ਵਿੱਚ ਸਾਲਾਨਾ ਹੁੰਦੇ ਹਨ ।

ਕ੍ਰਿਕੇਟ (Cricket)

1. ਇੰਡੀਅਨ ਪ੍ਰੀਮੀਅਰ ਲੀਗ –20 ਆਈ. ਪੀ. ਐਲ.

2. ਰਣਜੀ ਟਰਾਫੀ (ਪਹਿਲੀ ਸ਼੍ਰੇਣੀ ਰਾਜ ਕ੍ਰਿਕੇਟ)

ਫੁੱਟਬਾਲ (Football)

1. 1– ਲੀਗ (ਆਲ ਇੰਡੀਆ ਫੁੱਟਬਾਲ ਫੈਡਰੇਸ਼ਨ)

2. IFA ਸ਼ੀਲਡ , ਸੰਤੋਸ਼ ਟਰਾਫੀ (ਫੁੱਟਬਾਲ)

ਹਾਕੀ (Hockey)

1. ਹਾਕੀ :– ਹਾਕੀ ਇੰਡੀਆ ਲੀਗ (ਐਚ ਆਈ ਐਲ)

Downloaded from https:// www.studiestoday.com

Downloaded from https:// www.studiestoday.com

ਬੈਡਮਿੰਟਨ (Badminton)

1. ਇੰਡੀਅਨ ਬੈਡਮਿੰਟਨ ਲੀਗ

ਫਾਰਮੂਲਾ ਵਨ ਰੇਸਿੰਗ (Formula One racing)

1. ਇੰਡੀਅਨ ਗਰੈਂਡ ਪਰੀਕਸ (Indian Grand Prix - Motor Sport)

ਲਾਅਨ ਟੈਨਿਸ (Lawn Tennis)

1. ਚੇਨਈ ਓਪਨ (ਲਾਅਨ ਟੈਨਿਸ)

ਅੰਤਰਰਾਸ਼ਟਰੀ ਖੇਡਾਂ ਜਿਹੜੀਆਂ ਪਹਿਲਾਂ ਭਾਰਤ ਵਿੱਚ ਹੋਈਆਂ ।

1. Asian Games (1951 ਅਤੇ 1982)
2. Cricket World cup (1987, 1996 ਅਤੇ 2011)
3. Afro – Asian Games (2003)
4. Hockey World cup (2010)
5. Common wealth Games (2010)

Major International Sporting events in the world

1. ਉਲਪਿੰਕ ਗੇਮਜ਼ (ਸਾਰੇ ਵਰਗ) The Olympic Games
2. ਫੀਫਾ ਵਰਲਡ ਕੱਪ (Fifa world cup)
3. ਕੋਮਨਵੈਲਥ ਗੇਮਜ਼ (Common wealth Games)
4. ਏਸ਼ੀਅਨ ਗੇਮਜ਼ (Asian Games)
5. ਆਲ - ਅਫਰੀਕਾ ਗੇਮਜ਼ (All – Africa Games)
6. ਪੈਨ ਅਮਰੀਕਾ ਗੇਮਜ਼ (Pan American Games)
7. ਗਰੈਂਡ ਸਲੈਮ - ਟੈਨਿਸ ਅਲੱਗ - ਅਲੱਗ ਸਥਾਨ ਤੇ (Grand slam – Tennis in different location)
8. ਪੀ ਜੀ ਏ ਟੂਰ - ਗੋਲਫ਼ (PGA Tour – Golf)
9. ਵਰਲਡ ਅਥਲੈਟਿਕ ਚੈਮਪੀਅਨਸ਼ਿਪ (World Athletic championship)

ਯਾਦ ਰੱਖਣਯੋਗ ਗੱਲਾਂ	
Doctrines	ਕਿਸੇ ਚੀਜ਼ ਬਾਰੇ ਵਿਸ਼ਵਾਸ
Poise	ਸੰਤੁਲਿਤ ਕਰਨਾ
Zest	ਓਤਸ਼ਾਹ
Prevalent	ਪ੍ਰਚਲਿਤ
Invasion	ਹੱਲਾ/ਚੜ੍ਹਾਈ
Embraced	ਸਵਿਕਾਰ ਕਰਨਾ

Downloaded from https:// www.studiestoday.com

Downloaded from https:// www.studiestoday.com

ਅਭਿਆਸ

1. ਉਹਨਾਂ ਭਾਰਤੀ ਖੇਡਾਂ ਦੀ ਸੂਚੀ ਬਣਾਉ ਜਿਨ੍ਹਾਂ ਨੇ ਆਪਣੇ ਆਪ ਨੂੰ ਆਧੁਨਿਕ ਅੰਤਰਰਾਸ਼ਟਰੀ ਖੇਡਾਂ ਵਿੱਚ ਬਦਲ ਲਿਆ ਹੈ ।

2. ਮਿਲਾਣ ਕਰੋ :-

ਕਾਲਮ ੳ	ਕਾਲਮ ਅ
1. Cricket (ਕ੍ਰਿਕੇਟ)	• Vijender Singh (ਵਿਜੇਂਦਰ ਸਿੰਘ)
2. Football (ਫੁੱਟਬਾਲ)	• Abinav Singh Bindra (ਅਭਿਨਵ ਸਿੰਘ ਬਿੰਦਰਾ)
3. Hockey (ਹਾਕੀ)	• Neville D' Souza (ਨੇਵੀਲੀ ਡੀ ਸੂਜਾ)
4. Shooting (ਸ਼ੂਟਿੰਗ)	• Mary Com (ਮੈਰੀ ਕਾੱਮ)
5. Chess (ਚੈੱਸ)	• Sachin Tendulkar (ਸਚਿਨ ਤੇਂਦੂਲਕਰ)
6. Billiards (ਬਿੱਲੀਅਰਡ)	• Major Dhyan Chand (ਮੇਜਰ ਧਿਆਨ ਚੰਦ)
7. Boxing (ਬਾੱਕਸਿੰਗ)	• Sania Nehwal (ਸਾਇਨਾ ਨੇਹਵਾਲ)
8. Badminton (ਬੈਡਮਿੰਟਨ)	• Sushil Kumar Solanki (ਸੁਸ਼ੀਲ ਕੁਮਾਰ ਸੋਲੰਕੀ)
9. Wrestling (ਰੇਸਲਿੰਗ)	• Vishwanathan Anand (ਵਿਸ਼ਵਨਾਥਨ ਆਨੰਦ)
10. Boxing (ਬਾੱਕਸਿੰਗ)	• Geet Sethi (ਗੀਤ ਸੇਠੀ)

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

1. ਭਾਰਤ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਦੀ ਸੂਚੀ ਬਣਾਓ ।

.....
.....
.....
.....
.....
.....

2. ਮਿਲਾਣ ਕਰੋ :-

ਕਾਲਮ A	ਕਾਲਮ B
1. Indian Premier League (ਇਡੀਅਨ ਪ੍ਰੀਮੀਅਰ ਲੀਗ)	• Football (ਫੁੱਟਬਾਲ)
2. Ranji Trophy (ਰਣਜੀ ਟਰਾਫੀ)	• Cricket (ਕ੍ਰਿਕੇਟ)
3. Fifa World Cup (ਫੀਫਾ ਵਰਲਡ ਕੱਪ)	• Golf (ਗੋਲਫ਼)
4. Grand Slam (ਗਰੈਂਡ ਸਲੈਮ)	• Motor sport (ਮੋਟਰ ਸਪੋਰਟ)
5. PGA Tour (ਪੀ ਜੀ ਏ ਟੂਰ)	• Cricket (ਕ੍ਰਿਕੇਟ)
6. Indian Grand Prix (ਇੰਡੀਅਨ ਗਰੈਂਡ ਪਰੀਕਸ)	• Lawn Tennis (ਲਾਅਨ ਟੈਨਿਸ)

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਹੇਠ ਦਿੱਤੀ ਚੈਕਲਿਸ਼ਟ ਨੂੰ ਚੈੱਕ ਕਰੋ ਕਿ ਤੁਹਾਡੇ ਵਿਦਿਆਰਥੀ ਨਿਰਧਾਰਨ ਲਈ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕਣਗੇ ।

ਭਾਗ (ੳ)

1. ਭਾਰਤੀ ਖੇਡਾਂ ਅਤੇ ਅੰਤਰਰਾਸ਼ਟਰੀ ਖੇਡਾਂ ਨੂੰ ਸੂਚੀਬੱਧ ਕਰੋ ।

2. ਫੁੱਟਬਾਲ , ਸ਼ਤਰੰਜ , ਕ੍ਰਿਕੇਟ , ਸ਼ੂਟਿੰਗ , ਕੁਸ਼ਤੀ , ਮੁੱਕੇਬਾਜੀ ਅਤੇ ਬੈਡਮਿੰਟਨ ਵਿੱਚ ਭਾਰਤ ਦੀ ਪ੍ਰਾਪਤੀਆਂ ਨੂੰ ਸੂਚੀਬੱਧ ਕਰੋ ।

ਭਾਗ (ਅ)

ਹੇਠ ਲਿਖੇ ਦੀ ਕਲਾਸ ਵਿੱਚ ਚਰਚਾ ਕਰੋ :-

1. ਖੇਡਾਂ ਵਿੱਚ ਕ੍ਰਾਂਤੀ ਜਿਵੇਂ ਸ਼ਤਰੰਜ , ਗੁੱਲੀ ਡੰਡਾ ਅਤੇ ਤੀਰ ਅੰਦਾਜੀ ।

ਇਨ੍ਹਾਂ ਖੇਡਾਂ ਦੀ ਆਧੁਨਿਕ ਖੇਡਾਂ ਨਾਲ ਸਮਾਨਤਾ

ਭਾਗ (ਏ)

ਕਾਰਗੁਜ਼ਾਰੀ ਦਾ ਮਿਆਰ

ਪ੍ਰਦਰਸ਼ਨ ਦਾ ਮਿਸ਼ਾਰ ਪਰ ਸੀਮਿਤ ਨਹੀਂ :-

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਮੁੱਖ ਖੇਡਾਂ ਅਤੇ ਭਾਰਤ ਦੇ ਖੇਡ ਸਮਾਗਮ ਦੀ ਸੂਚੀ		

Downloaded from https:// www.studiestoday.com

Downloaded from https:// www.studiestoday.com

ਸੈਸ਼ਨ -4 : ਸਮਾਜ ਵਿੱਚ ਖੇਡਾਂ ਦੇ ਰੋਲ ਨੂੰ ਪਹਿਚਾਨਣਾ

ਚੁੱਕਵੀਂ ਜਾਣਕਾਰੀ

ਸਮਾਜ ਵਿੱਚ ਖੇਡਾਂ ਦੀ ਥਾਂ (Importance of Sports in a Society)

ਗੇਮਜ਼ ਅਤੇ ਸਪੋਰਟਸ ਇਕ ਵਿਅਕਤੀ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਦਾ ਹੈ । ਇਹ ਨਾ ਕੇਵਲ ਵੱਖ - ਵੱਖ ਕਿਰਿਆਵਾਂ ਕਰਕੇ ਸਿਹਤ ਅਤੇ ਤੰਦਰੁਸਤੀ ਵਿੱਚ ਸੁਧਾਰ ਕਰਦਾ ਹੈ ਬਲਕਿ ਜੀਵਨ ਵਿੱਚ ਮਿਹਨਤ ਕਰਕੇ ਕਿਵੇਂ ਸਫਲਤਾ ਹਾਸਲ ਕਰਨੀ ਹੈ , ਵੀ ਸਿਖਾਉਂਦਾ ਹੈ । ਸਮਾਜ ਵਿੱਚ ਹਰ ਵਿਅਕਤੀ ਨੂੰ ਸਮਾਜ ਦੇ ਪ੍ਰਭਾਵ ਦਾ ਅਤੇ ਸਮਾਜ ਦੇ ਹਰ ਵਿਅਕਤੀ ਨੂੰ ਜਿਸ ਤਰ੍ਹਾਂ ਦੇ ਲੋਕ ਰਹਿੰਦੇ ਹਨ , ਦਾ ਅਸਰ ਹੁੰਦਾ ਹੈ । ਗੇਮਜ਼ ਅਤੇ ਸਪੋਰਟਸ ਵਿਅਕਤੀ ਦੇ ਭਾਵਨਾਤਮਕ ਅਤੇ ਮਾਨਸਿਕ ਸੱਮਸਿਆਵਾਂ ਨੂੰ ਦੂਰ ਕਰਦੀ ਹੈ । ਨਤੀਜੇ ਵੱਜੋ ਵਿਅਕਤੀ ਊਰਜਾ ਭਰਪੂਰ ਅਤੇ ਖੁਸ਼ ਹੋ ਜਾਂਦਾ ਹੈ । ਖੇਡਾਂ ਵਿਅਕਤੀ ਅੰਦਰ ਲੀਡਰਸ਼ੀਪ ਦੇ ਗੁਣ ਪੈਦਾ ਕਰਦੀਆਂ ਹਨ । ਖੇਡਾਂ ਟੀਮ ਦੇ ਰੂਪ ਵਿੱਚ ਨਿੱਜੀ ਅਤੇ ਸਮਾਜਿਕ ਹੁਨਰ (ਸਕਿਲ) ਸਿਖਾਉਂਦੀਆਂ ਹਨ । ਇਕ ਟੀਮ ਦੇ ਰੂਪ ਵਿੱਚ ਖੇਡਣ ਵੇਲੇ ਖੇਡਾਂ ਤੋਂ ਮਨ ਵਿੱਚ ਡਰ ਦੂਰ ਹੁੰਦਾ ਹੈ ਅਤੇ ਦ੍ਰਿੜ੍ਹਤਾ ਆਦਿ ਜਿਹੇ ਗੁਣ ਪੈਦਾ ਹੁੰਦੇ ਹਨ । ਦੂਜਿਆਂ ਨਾਲ ਗੱਲਬਾਤ ਕਰਨਾ , ਸਹਾਇਤਾ ਕਰਨਾ , ਕਮਜ਼ੋਰਾਂ ਨੂੰ ਉਤਸ਼ਾਹਿਤ ਕਰਨਾ ਆਦਿ ਖੇਡਾਂ ਵਿੱਚ ਸਮਾਜਿਕ ਸਕਿਲ ਹਨ । ਖੇਡਾਂ ਵਿੱਚ ਜੋ ਵਿਅਕਤੀਗਤ ਖੇਡ ਹੈ ਤਾਂ ਸਾਰੇ ਹੀ ਖਿਡਾਰੀਆਂ ਦੇ ਨੰਬਰਾਂ ਦੀ ਗਿਣਤੀ ਕਰਕੇ ਟੀਮ ਜਾਂ ਟੋਲੀ ਦੀ ਜਿੱਤ ਹੋਣੀ ਹੈ ਅਤੇ ਜੇ ਸਮੂਹ ਟੋਲੀ ਦੀ ਖੇਡ ਹੈ ਤਾਂ ਸਾਰਿਆਂ ਦੇ ਇਕੱਠੇ ਸੰਘਰਸ਼ ਨਾਲ ਹੀ ਜਿੱਤ ਹਾਸਲ ਹੋਣੀ ਹੈ । ਟੀਮ ਖੇਡਾਂ ਵਿੱਚ ਇਕੱਲਾ - ਇਕੱਲਾ ਖਿਡਾਰੀ ਕੁੱਝ ਨਹੀਂ ਕਰ ਸਕਦਾ । ਟੀਮ ਦੀ ਜਿੱਤ ਵਾਸਤੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ । ਜਿਸ ਨਾਲ ਖੇਲ - ਕੁਦ ਰਾਹੀਂ ਵਿਅਕਤੀ ਅਤੇ ਸਮੂਹਾਂ ਦਾ ਸਮਾਜੀਕਰਨ ਹੁੰਦਾ ਹੈ ।ਗੇਮਜ਼ ਅਤੇ ਸਪੋਰਟਸ ਅੱਜ ਦੇ ਸਿੱਖਿਆ ਦੇ ਯੁੱਗ ਵਿੱਚ ਬਹੁਤ ਜ਼ਰੂਰੀ ਹਨ ।

ਸਮਾਜੀਕਰਨ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਵਿਅਕਤੀ ਆਪਣੇ ਸਮੁਦਾਏ ਦਾ ਕਿਰਿਆਸ਼ੀਲ ਮੈਂਬਰ ਬਣਦਾ ਹੈ, ਉਸ ਦੀਆਂ ਪਰੰਪਰਾਵਾਂ ਦਾ ਪਾਲਣ ਕਰਦਾ ਹੈ , ਸਮਾਜਿਕ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲਣਾ ਸਿੱਖਦਾ ਹੈ ਅਤੇ ਉਸ ਵਿੱਚ ਕਾਫ਼ੀ ਮਾਤਰਾ ਵਿੱਚ ਸਹਿਣਸ਼ੀਲਤਾ ਦਾ ਵਿਕਾਸ ਹੁੰਦਾ ਹੈ ।

ਸਰੀਰਕ ਸਿੱਖਿਆ ਅਤੇ ਖੇਡ ਕੁੱਦ ਦਾ ਟੀਚਾ ਮੱਨੁਖ ਦੀ ਸ਼ਖਸੀਅਤ ਦਾ ਵਿਕਾਸ ਕਰਨਾ ਹੈ ਜਿਸ ਨਾਲ ਉਹ ਆਪਣੇ ਜੀਵਨ ਦੀਆਂ ਗੁਂਝਲਾਂ ਦੇ ਉਤਾਰ - ਚੜ੍ਹਾਅ ਨੂੰ ਸਹਿਣ ਕਰਨ ਦੇ ਯੋਗ ਹੋ ਸਕੇ ਅਤੇ ਸਮਾਜ ਦਾ ਸਨਮਾਨਿਤ ਨਾਗਰਿਕ ਬਣ ਸਕੇ । ਇੰਨ੍ਹਾਂ ਹੀ ਨਹੀਂ , ਉਹ ਸਮਾਜ ਵਿੱਚ ਰਹਿੰਦੇ ਹੋਏ ਖੁਸ਼ੀ ਭਰਿਆ ਜੀਵਨ ਗੁਜ਼ਾਰ ਕੇ ਸਮਾਜ ਵਿੱਚ ਆਪਣਾ ਯੋਗਦਾਨ ਦੇ ਸਕੇ । ਇਸ ਟੀਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਅਕਤੀ ਦੇ ਵਿਕਾਸ ਲਈ ਸਾਰੇ ਜਰੂਰੀ ਪੱਖਾਂ ਨੂੰ ਵੇਖਣਾ ਬਹੁਤ ਹੀ ਜਰੂਰੀ ਹੈ । ਸਰੀਰਕ ਸਿੱਖਿਆ ਵਿਅਕਤੀ ਨੂੰ ਅਨੁਭਵ ਕਰਾਉਂਦੀ ਹੈ ਕਿ ਸਮੂਹ ਦੇ ਤੌਰ ਤੇ ਵਿਚਰਨਾ ਸਮਾਜਿਕ ਚੇਤਨਾ ਲਈ ਜਰੂਰੀ ਹੈ ।ਸਮੂਹ ਉਹ ਹੀ ਸਮਾਜਿਕ ਹੋਏਗਾ ਜਿਸਦੇ ਵਿਚਾਰ ਸਮਾਜ ਉਸਾਰੀ ਲਈ ਲਾਹੇਵੰਦ ਹੋਣਗੇ ।ਗੇਮਜ਼ ਅਤੇ ਸਪੋਰਟਸ ਤੋਂ ਅਸੀਂ ਸਮਾਜੀਕਰਨ ਦਾ ਉਦੇਸ਼ ਸਿਖਦੇ ਹਾਂ । ਭਿੰਨ -ਭਿੰਨ ਸੱਭਿਆਚਾਰ ਦੇ ਲੋਕ ਇਕ ਗੱਰੁਪ ਵਿਚ ਖੇਡਣਾ ਸਿੱਖਦੇ ਹਨ । ਇਕ ਖੇਡ ਗਰਾਉਂਡ ਅਜਿਹਾ ਪਲੇਟਫਾਰਮ ਹੈ ਜਿਸ ਵਿੱਚ ਭਿੰਨ -ਭਿੰਨ ਸਮੁਦਾਇ ਦੇ ਲੋਕ ਇੱਕ ਦੂਜੇ ਤੋਂ ਕੁੱਝ ਨਾ ਕੁੱਝ ਸਿੱਖਦੇ ਹਨ । ਖੇਡ ਮੈਦਾਨ ਵਿੱਚ ਇੱਕ ਖਿਡਾਰੀ ਆਪਣੀ ਕਾਰਗਜ਼ਾਰੀ , ਸਕਿਲ ਪ੍ਰਦਰਸ਼ਿਤ ਕਰਦਾ ਹੈ ।

Downloaded from https:// www.studiestoday.com

Downloaded from https:// www.studiestoday.com

ਸ਼ਾਂਤੀ ਨੂੰ ਵਧਾਉਣ ਲਈ ਖੇਡ ਦੀ ਭੂਮਿਕਾ ਦੀਆ ਕੁੱਝ ਉਦਾਹਰਨਾਂ

ਉਲਪਿੰਕ ਦਾ ਇਤਿਹਾਸ ਇਹ ਦੱਸਦਾ ਹੈ ਕਿ ਗੇਮਜ਼ ਅਤੇ ਸਪੋਰਟਸ ਇਸ ਲਈ ਹੋਂਦ ਵਿਚ ਲਿਆਂਦੀਆਂ ਹਨ ਤਾਂ ਜੋ ਲੋਕ ਲੜਾਈਆਂ ਤੋਂ ਬਚ ਸਕਣ । ਉਲਪਿੰਕ ਖੇਡਾਂ ਖਾਸ ਕਰਕੇ ਉਨ੍ਹਾਂ ਦੇਸ਼ਾਂ ਵਾਸਤੇ ਸ਼ੁਰੂ ਕੀਤੀਆਂ ਗਈਆਂ । ਜਿਸ ਕਾਰਣ ਲੜਾਈਆਂ ਅਸਥਾਈ ਰੂਪ ਵਿੱਚ ਬੰਦ ਹੋ ਸਕਣ ਅਤੇ ਲੋਕ ਇਨ੍ਹਾਂ ਵਿੱਚ ਰੁੱਝ ਕੇ ਖੇਡਾਂ ਖੇਡਣ ਅਤੇ ਖੇਡਾਂ ਤੋਂ ਕੋਈ ਨਸੀਹਤ ਪ੍ਰਾਪਤ ਹੋ ਸਕੇ । ਇਨ੍ਹਾਂ ਖੇਡਾਂ ਦੌਰਾਨ ਹਰੇਕ ਬੰਦੇ ਨੂੰ ਅਜ਼ਾਦੀ ਸੀ ਕਿ ਉਹ ਕਿਸੇ ਵੀ ਦੇਸ਼ ਵਿੱਚ ਬਿਨ੍ਹਾਂ ਕਿਸੇ ਰੋਕ ਤੋਂ ਅਜ਼ਾਦੀ ਨਾਲ ਘੁੰਮ ਸਕਦਾ ਸੀ ।

- **ਹੋਮਲੈਸ ਵਰਲਡ ਕੱਪ**

  ਇਹ ਇੱਕ ਬਹੁਤ ਵਧੀਆ ਉਦਾਹਰਨ ਹੈ ਜਿਸ ਵਿੱਚ ਸਮਾਜ ਦੇ ਬੇਘਰ ਲੋਕਾਂ ਨੂੰ ਖੇਡਣ ਦਾ ਮੌਕਾ ਮਿਲਦਾ ਸੀ ਤਾਂ ਜੋ ਉਹ ਇੱਕਠੇ ਰਹਿ ਸਕਣ । ਇਸ ਕੱਪ ਦੀ ਖੋਜ ਇਹ ਦੱਸਦੀ ਹੈ ਕਿ 77 % ਖਿਡਾਰੀਆਂ ਦੇ ਰਹਿਣ - ਸਹਿਣ ਵਿੱਚ ਲੰਮੇ ਸਮੇਂ ਵਾਸਤੇ ਤਬਦੀਲੀ ਆ ਜਾਂਦੀ ਸੀ । ਹੋਮਲੈਸ ਕੱਪ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਯੋਜਨਾਬੰਦੀ, ਕੰਮ - ਸੰਬੰਧੀ, ਖੇਡਣ ਸੰਬੰਧੀ ਡਿਉਟੀਆਂ ਦਿੱਤੀਆਂ ਜਾਂਦੀਆਂ ਸਨ ।

- **The North American Indigenous Games** ਹਰੇਕ ਤਿੰਨ ਸਾਲ ਬਾਅਦ ਹੋਰ ਖੇਡਾਂ ਨਾਲ ਹੁੰਦੀਆਂ ਸਨ । ਇਨ੍ਹਾਂ ਨੂੰ ਕਰਾਉਣ ਦਾ ਉਦੇਸ਼ ਜ਼ਿੰਦਗੀ ਨੂੰ ਬੇਹਤਰ ਬਣਾਉਣਾ ਸੀ ।

- **ਬਰਾਜ਼ੀਲ (Brazil)** ਨੇ ਵੀ ਸ਼ਾਂਤੀ ਲਿਆਉਣ ਲਈ ਖੇਡਾਂ ਦੀ ਸਹਾਇਤਾ ਲਈ । ਉਨ੍ਹਾਂ ਨੇ Luta pela paz ਪ੍ਰੋਗਰਾਮ ਉਸ ਖੇਤਰ ਵਿੱਚ ਸ਼ੁਰੂ ਕੀਤਾ ਜਿੱਥੇ ਲੜਾਈਆਂ, ਹਿੰਸਾ ਦੀਆਂ ਘਟਨਾਵਾਂ, ਅਪਰਾਧਿਕ ਕਿਰਿਆਵਾਂ ਨੂੰ ਰੋਕ ਪੈ ਸਕੇ । ਇਸ ਪ੍ਰੋਗਰਾਮ ਦੀ ਪ੍ਰਾਇਮਰੀ ਕਿਰਿਆ ਬਾਕਸਿੰਗ ਸੀ ਅਤੇ ਇਸ ਵਿਚ 60% ਪ੍ਰੋਗਰਾਮ ਟਰੇਨਰ ਪਹਿਲੇ ਹਨ ਜੋ ਕਿ ਆਪਣੇ ਤਜਰਬੇ ਅਨੁਸਾਰ ਪ੍ਰੋਗਰਾਮ ਨੂੰ ਅੱਗੇ ਚਲਾ ਰਹੇ ਹਨ ।

- **Australian Institute Of Criminology** ਦੀ ਖੋਜ ਇਹ ਦੱਸਦੀ ਹੈ ਕਿ ਸਰੀਰਕ ਕਿਰਿਆਵਾਂ ਨੂੰ ਖੇਡ ਦੇ ਰੂਪ ਵਿੱਚ ਲੈਣ ਨਾਲ ਅਪਰਾਧ ਘੱਟ ਜਾਣਗੇ ।

- **Georgia Peace Camp ਅਤੇ Summer Peace Camp Bulgaria** ਨੇ ਰਲ ਕੇ ਇਹ ਤੱਤ ਕੱਢਿਆ ਕਿ ਬੱਚਿਆਂ ਅਤੇ ਨਾਬਾਲਗਾਂ ਦੇ ਨਵੇਂ ਵਧੀਆ ਸੰਬੰਧ ਖੇਡਾਂ ਰਾਂਹੀ ਹੀ ਪੈਦਾ ਕੀਤੇ ਜਾ ਸਕਦੇ ਹਨ ਜਿਸ ਨਾਲ ਕਿ ਦੂਰ - ਦੁਰਾਡੇ ਅਮਨ, ਸਬਰ, ਸੰਤੋਖ ਦੀ ਭਾਵਨਾ ਪੈਦਾ ਹੋ ਸਕਦੀ ਹੈ ।

- **National Republic cf Tanzania 'S Sports Development** ਵਿਭਾਗ ਨੇ **Tanzania** ਦੇ ਰਫ਼ੂਜੀਆਂ ਦੀ ਅਬਾਦੀ ਦੀ ਲੜਾਈ ਖੇਡਾਂ ਰਾਹੀਂ ਦੂਰ ਕੀਤੀ ।

Downloaded from https:// www.studiestoday.com

Downloaded from https:// www.studiestoday.com

ਸਮਾਜਿਕ ਨਾ - ਬਰਾਬਰੀ ਨੂੰ ਸੰਬੋਧਨ ਵਿਚ ਖੇਡ ਦੀ ਭੂਮਿਕਾ ਦੇ ਕੁੱਝ ਉਦਾਹਰਣ *

- ਛੱਤੀਸਗੜ੍ਹ ਵਿੱਚ ਸੁਕਮਾ ਜਿਲ੍ਹੇ ਵਿੱਚ **ਇੰਡਿਆ - ਯੂਨੀਸੈਫ** (**India- UNICEF's**) ਦੀ ਇੱਕ ਸੱਟਡੀ ਵਿੱਚ ਉਨ੍ਹਾਂ ਦੇ ਉਭਰੇ ਮੁੱਦੇ ਨੂੰ ਹਲ ਕਰਨ ਲਈ ਇਸ ਖੇਤਰ ਵਿੱਚ ਹੋਰ ਕਿਰਿਆਵਾਂ ਤੋਂ ਇਲਾਵਾ ਸਪੋਰਟਸ ਅਤੇ ਸਰੀਰਕ ਸਿੱਖਿਆ ਦੀ ਕਿਰਿਆਵਾਂ ਬੱਚਿਆਂ ਵਿੱਚ ਲਿਆਂਦੀਆਂ ਗਈਆਂ ਤਾਂ ਜੋ ਹਿੰਸਾ ਦੀਆਂ ਘਟਨਾਵਾਂ ਆਦਿ ਤੋਂ ਬਚ ਕੇ ਸਰੀਰਕ ਸਿੱਖਿਆ ਅਤੇ ਖੇਡਾਂ ਦੀਆਂ ਕਿਰਿਆਵਾਂ ਵਿੱਚ ਹਿੱਸਾ ਲੈਣ । ਇਸ ਸੰਬੰਧ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਪੋਰਟਸ ਕਿੱਟਾ ਸਕੂਲਾਂ ਅਤੇ ਕੈਂਪਾਂ ਵਿੱਚ ਵੰਡੀਆਂ ਗਈਆਂ ਅਤੇ ਉਨ੍ਹਾਂ ਵਿੱਚ ਕਈ ਪ੍ਰੋਗਰਾਮ ਉਲੀਕੇ ਗਏ । ਇੱਕ ਅਸਥਾਈ ਸਕੂਲ ਦੇ ਪ੍ਰਿੰਸੀਪਲ Errabore ਜਿਸ ਨੂੰ ਕਿ ਆਮ ਤੌਰ ਤੇ Porta cabins ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਨੇ ਕਿਹਾ ਕਿ ਇਨ੍ਹਾਂ ਕੈਂਪਾਂ ਦੇ ਬੱਚਿਆਂ ਦੇ ਮਨੋਬਲ ਨੂੰ ਸੁਧਾਰਨ ਲਈ ਖੇਡਾਂ ਸ਼ੁਰੂ ਕੀਤੀਆਂ ਹਨ ਅਤੇ ਇਨ੍ਹਾਂ ਕੈਂਪਾਂ ਦੇ ਬੱਚੇ ਬਹੁਤ ਉਤਸ਼ਾਹਿਤ ਹੋਏ । ਮੇਨ ਸਿੰਘ ਧਰੁਵ ਦੇ ਅਨੁਸਾਰ ਇਨ੍ਹਾਂ ਬੱਚਿਆਂ ਦੇ ਮਨ ਤੇ ਜੋ ਤਣਾਅ ਸੀ ਉਹ ਖੇਡਾਂ ਨੇ ਦੂਰ ਕਰ ਦਿੱਤਾ ।

- **ਯੂਨੀਫਾਈਡ ਸਪੋਰਟਸ** : ਵਿਸ਼ੇਸ਼ ਉਲਪਿੰਕ ਇੰਟਰਨੈਸ਼ਨਲ , ਯੂਨੀਫਾਈਡ ਸਪੋਰਟਸ ਪ੍ਰੋਗਰਾਮ ਨੇ ਭਿੰਨ - ਭਿੰਨ ਕਾਬਲੀਅਤ ਦੇ ਅਥਲੀਟ ਲਿਆਂਦੇ ।ਯੂਨੀਫਾਈਡ ਸਪੋਰਟਸ ਨੇ ਇੱਕ ਸਾਂਝੇ ਗਰਾਉਂਡ ਵਿੱਚ ਅਥਲੀਟ ਅਤੇ ਅਪਾਹਜ ਅਥਲੀਟ ਲਿਆਂਦੇ ਜਿਨ੍ਹਾਂ ਦੇ ਮੁਕਾਬਲੇ ਕਰਵਾਏ ਜਾਂਦੇ ਸਨ ਅਤੇ ਟੀਮ ਵਰਕ ਦੇ ਤੌਰ ਤੇ ਵੀ ਕੰਮ ਕਰਦੇ ਸਨ । ਇਸ ਅਮਲ ਨੂੰ ਹੋਰ ਮਜ਼ੇਦਾਰ ਬਣਾਉਣ ਲਈ ਉਨ੍ਹਾਂ ਵਿੱਚ ਖੇਡਾਂ ਦੌਰਾਨ ਦੋਸਤੀ ਦਾ ਵੱਧ ਜਾਣਾ ਹੈ ।

- **GRS** (**ਜੀ ਆਰ ਐਸ**) :– ਜ਼ਮੀਨੀ ਫੁੱਟਬਾਲ ਵਰਤ ਕੇ ਅਫਰੀਕਾ HIV ਨੂੰ ਰੋਕਣ ਲਈ ਕੰਮ ਕਰ ਰਿਹਾ ਹੈ । ਸੰਸਾਰ ਭਰ ਦੀ ਪਾੱਪਲਰ ਗੇਮ ਫੁੱਟਬਾਲ ਨਾਲ GRS (Grass Root Soccer) GRS ਲੋਕਲ ਪ੍ਰੋਫੈਸ਼ਨਲ ਅਥਲੀਟ ਨੂੰ ਟਰੇਨਿੰਗ ਦੇ ਰਹੀ ਹੈ ਜਿਸ ਨਾਲ ਕਿ HIV ਸਿੱਖਿਅਕ ਅਤੇ ਕੋਚ ਤਿਆਰ ਹੋਣਗੇ । ਇਹ ਪ੍ਰੋਗਰਾਮ ਲੋਕਲ ਸਕੂਲਾਂ ਵਿੱਚ ਉਨ੍ਹਾਂ ਦੇ ਪਾਠਕ੍ਰਮ ਵਿੱਚ ਲਿਆਂਦਾ ਜਾਵੇਗਾ ।

- **ਮੈਜਿਕ ਬੱਸ** : ਮੈਜਿਕ ਬੱਸ ਇੱਕ ਬਹੁਤ ਵਧੀਆ ਉਦਾਹਰਣ ਹੈ । ਇਨਸਾਨਾਂ ਨੂੰ ਸੁਧਾਰਨ ਦੀ ਅਤੇ ਉਹਨਾਂ ਦੀ ਆਰਥਿਕ ਸਥਿਤੀ ਠੀਕ ਕਰਨ ਦੀ, ਜਿਹੜੇ ਬੱਚੇ ਆਰਥਿਕ ਤੌਰ ਤੇ ਔਖੇ ਹਨ ਉਹਨਾਂ ਨੂੰ ਉੱਥੇ ਰੱਖਿਆ ਜਾਂਦਾ ਹੈ ਜਾਂ ਸਕੂਲ ਭੇਜਿਆ ਜਾਂਦਾ ਹੈ ਅਤੇ ਉਸ ਜਗ੍ਹਾਂ ਤੇ ਟਰੇਨਿੰਗ ਦਿੱਤੀ ਜਾਂਦੀ ਹੈ ਜਿਥੇ ਉਹ ਕੰਮ ਵੀ ਕਰ ਸਕਣ । ਸਰਕਾਰ ਨਾਲ ਸਾਂਝੇ ਤੌਰ ਤੇ ਕੰਮ ਕਰਕੇ ਜਾਂ ਪ੍ਰਾਈਵੇਟ ਸੰਸਥਾਵਾਂ ਨਾਲ ਜਾਂ ਸਮਾਜ ਦੀ ਮਦਦ ਨਾਲ ਮੈਜਿਕ ਬੱਸ ਸਿੱਖਿਅਕ ਦੀ ਫਿਲਾਸਫੀ ਅਤੇ ਆਪਸੀ ਤਾਲਮੇਲ ਦੀ ਮਾਤਰਾ–ਕੋਸ਼ਿਸ਼ ਕਰ ਰਹੀ ਹੈ ਆਪਣਾ ਪ੍ਰਭਾਵ ਛੱਡਣ ਦੀ ਥੋੜੀ ਰਕਮ ਵਿੱਚ ਹਰ ਬੱਚੇ 'ਤੇ ।

- **ਕਿਟਸ ਫਾਰ ਅਫਰੀਕਾ** ਗੈਰ ਪੇਸ਼ੇਵਾਰ ਖਿਲਾੜੀ ਪ੍ਰੋਗਰਾਮ ਉਹਨਾਂ ਬੱਚਿਆਂ ਲਈ ਹੈ ਜਿਹੜੇ ਸਾਉਥ ਅਫਰੀਕਾ ਵਿੱਚ ਗ਼ਰੀਬ ਇਲਾਕਿਆਂ ਵਿੱਚ ਰਹਿੰਦੇ ਹਨ । ਇਹਨਾਂ ਪੁਰਾਣੀਆਂ ਅਤੇ ਪਰਿਸ਼ਦ, ਪ੍ਰਾਤਿਕ ਅਤੇ ਰਾਸ਼ਟਰੀ ਖੇਲ ਸੰਸਥਾਵਾਂ ਦਾ ਇਕ ਹੀ ਮਕਸਦ ਹੈ ਗਰੀਬੀ ਘਟਾਉਣੀ ਅਤੇ ਬੱਚਿਆਂ ਲਈ ਸੰਘਰਸ਼ ਕਰਨਾ । ਇਹ ਯੂਥ ਅਗ਼ਾਹਵਧੂ ਪ੍ਰੋਗਰਾਮ ਬੱਚਿਆਂ ਦੀ ਹਿੰਮਤ ਬਨਾਉਣ, ਉਹਨਾਂ ਵਿੱਚ ਨਵੀਆਂ ਯੋਜਨਾਵਾਂ ਅਤੇ ਸਿਧਾਤਾਂ ਨੂੰ ਪੱਕਿਆਂ ਕਰਨਾ ਹੈ । ਇਹ ਜੋ ਫੰਡ ਕਿਟਸ ਫਾਰ ਅਫਰੀਕਾ ਇੱਕਠੇ ਕੀਤੇ ਜਾਂਦੇ ਹਨ ਇਹ ਕਿੱਟਾਂ ਖਰੀਦਣ ਲਈ ਕੰਮ ਆਉਂਦੇ ਹਨ ।

Downloaded from https:// www.studiestoday.com

Downloaded from https:// www.studiestoday.com

- **ਮੂਵਿੰਗ ਦਾ ਗੋਲਪੋਸਟ(MTG):** ਕੀਨੀਆ ਲੋਕਲ ਅਤੇ ਯੂਥ ਸੰਸਥਾਵਾਂ ਦਾ ਸਹਾਰਾ ਲੈ ਕੇ ਲਿੰਗ ਭੇਦ ਭਾਵ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਲੜਕੀਆਂ ਦਾ ਖੇਡਾਂ ਵਿੱਚ ਭਾਗ ਲੈਣਾ, ਲੀਡਰਸ਼ਿਪ ਅਤੇ ਫੈਸਲਾ ਲੈਣ ਦਾ ਹੱਕ ਦੇਣਾ। ਇਹ ਪ੍ਰੋਜੈਕਟ ਫੁੱਟਬਾਲ ਖੇਡ ਰਾਹੀਂ ਜਿੰਦਗੀ ਦੀਆਂ ਯੋਜਨਾਵਾਂ, ਹਿੰਮਤ, ਲੀਡਰਸ਼ਿਪ ਅਤੇ ਲੜਕੀਆਂ ਦੇ ਸਵੈ–ਅਭਿਮਾਨ ਨੂੰ ਸੱਟ ਨਾ ਲੱਗਣ ਵਾਲੀਆਂ ਕ੍ਰਿਆਵਾ ਨੂੰ ਉਤਸ਼ਾਹਿਤ ਕਰਦਾ ਹੈ। ਫੁੱਟਬਾਲ ਰਾਹੀਂ ਕੀਤਾ ਜਾ ਰਿਹਾ ਪ੍ਰਿਆਸ ਔਰਤ ਨੂੰ ਜਣਨ ਸਬੰਧੀ, ਆਰਥਿਕ ਅਤੇ ਸਮਾਜਿਕ ਅਧਿਕਾਰ ਵਿਸ਼ੇਸ ਸ਼ੁਰੂਆਤ ਹੈ।

ਯਾਦ ਰੱਖਣ ਯੋਗ ਗੱਲਾਂ

Acquiring:-	ਸਿੱਖਣਾ/ਵਿਕਾਸ ਕਰਨਾ।
Indigenous:-	ਦੇਸ਼ ਵਿੱਚ ਹੀ ਹੋਣ ਵਾਲਾ।
Personalskills:-	ਨਿੱਜੀ ਨਿਪੁੰਨਤਾ।
Social skills:-	ਸਮਾਜਿਕ ਨਿਪੁੰਨਤਾ।
Socialization:-	ਸਮਾਜੀਕਰਨ।
Tolerance:-	ਸਹਿਣਾ।
Behaviour:-	ਸੁਭਾਅ।
Gedibillity:-	ਵਿਸ਼ਵਾਸਯੋਗਨੀ।
Gender sensitivity:-	ਲਿੰਗ ਸੰਵੇਦਨਸ਼ੀਲਤਾ।
Equality:-	ਸਮਾਨਤਾ।
Community:-	ਸਮਾਜ।
Communal:-	ਸੰਪ੍ਰਦਾਈ।
Specially-abled:-	ਵਿਸ਼ੇਸ਼ਰੂਪ ਨਾਲ ਸਰੀਰਕ ਤੌਰ ਤੇ ਠੀਕ ਨਾ ਹੋਣਾ/ਅਪਾਹਿਜ।

Downloaded from https:// www.studiestoday.com

Downloaded from https:// www.studiestoday.com

ਅਭਿਆਸ

ਖੇਡਾਂ ਦੇ ਯੋਗਦਾਨ ਦੇ ਨਾਲ ਭਾਵਨਾਤਮਿਕ ਅਤੇ ਸਰੀਰਕ ਤਣਾਅ , ਚਿੰਤਾ ਦੇ ਤਣਾਅ ਨੂੰ ਘੱਟ ਕਰਨ ਲਈ ਪ੍ਰਸ਼ਨਾਵਲੀ ਤਿਆਰ ਕਰੋ । ਪ੍ਰਸ਼ਨਾਵਲੀ ਦਾ ਪ੍ਰਬੰਧ ਕਰੋ ਜਿਸ ਵਿੱਚ ਕਿ ਘੱਟੋ - ਘੱਟ ਵੀਹ ਲੋਕ ਓਮਰ ਗੁੱਟ ਸਮਾਜਿਕ ਅਤੇ ਆਰਥਿਕ ਪਿਛੋਕੜ ਦੇ ਹੋਣ ।

ਜਾਣਕਾਰੀ ਇਕੱਠੀ ਕਰੋ ਤੇ ਰਿਪੋਰਟ ਤਿਆਰ ਕਰੋ ਵਿਦਿਆਰਥੀ ਪੋਰਟ ਫੋਲੀਓ ਦੇ ਅਨੁਸਾਰ ਰਿਪੋਰਟ ਅਧਿਆਪਕ ਨੂੰ ਜਮਾਂ ਕਰਵਾਓ ।

ਉਦਾਹਰਣ ਲਈ ਪ੍ਰਸ਼ਨ

ਨਾਂ :

ਉਮਰ:

ਕਿੱਤਾ : ਵਿਦਿਆਰਥੀ ਦਫ਼ਤਰੀ ਕੰਮ ਕੋਈ ਹੋਰ_____

		ਹਾਂ	ਨਹੀਂ
1.	ਕੀ ਤੁਸੀਂ ਕੋਈ ਖੇਡ ਖੇਡਦੇ ਹੋ ?		
2.	ਕੀ ਤੁਸੀਂ ਸਵੇਰੇ ਕੋਈ ਖੇਡ ਖੇਡਦੇ ਹੋ ?		
3.	ਕੀ ਤੁਸੀਂ ਸਕੂਲ ਵਿੱਚ ਕੋਈ ਖੇਡ ਖੇਡਦੇ ਹੋ ?		
4.	ਕੀ ਤੁਸੀਂ ਦਫ਼ਤਰ ਵਿੱਚ ਕੋਈ ਖੇਡ ਖੇਡਦੇ ਹੋ ?		
5.	ਕੀ ਹਰ ਰੋਜ਼ ਖੇਡ ਖੇਡਣ ਨਾਲ ਤੁਹਾਨੂੰ ਭਾਵਾਤਮਕ ਦਬਾਉ ਤੋਂ ਆਰਾਮ ਮਿਲਦਾ ਹੈ ?		
6.	ਕੀ ਹਰ ਰੋਜ਼ ਖੇਡਣ ਨਾਲ ਤੁਹਾਡੀ ਚਿੰਤਾ ਅਤੇ ਦਬਾਉ ਦੂਰ ਹੋ ਜਾਂਦਾ ਹੈ ?		
7.	ਜਿਸ ਦਿਨ ਤੁਸੀਂ ਕੋਈ ਖੇਡ ਨਹੀਂ ਖੇਡਦੇ ਕੀ ਉਸ ਦਿਨ ਤੁਸੀਂ ਅਣਸੁਖਾਵੇਂ ਮਹਿਸੂਸ ਕਰਦੇ ਹੋ ?		

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

1. ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ :-

ੳ) ਸਮਾਜਿਕ ਰਚਨਾ

.....
.....
.....
.....
.....
.....

ਅ) ਸਮਾਜਿਕ ਰਚਨਾ ਵਿੱਚ ਖੇਡਾਂ

.....
.....
.....
.....
.....

ੲ) ਖੇਡਾਂ ਸਮੁੱਚੀ ਸ਼ਖਸੀਅਤ ਦੇ ਵਿਕਾਸ ਲਈ ਮਦਦ ਕਰਦੀਆਂ ਹਨ

.....
.....
.....
.....
.....

2. ਹੇਠ ਲਿੱਖੇ ਮੁੱਦਿਆਂ ਨੂੰ ਸੰਬੋਧਨ ਕਰਨ ਲਈ ਵਰਤੀਆਂ ਖੇਡਾਂ ਦੀਆਂ ਦੋ -ਦੋ ਉਦਾਹਰਣਾਂ ਦਿਉ ।

1) ਕੌਮਾਂ ਵਿੱਚ ਜੰਗ

ੳ)_____

ਅ)_____

2. ਸਮਾਜਿਕ ਅਸਮਾਨਤਾ

ੳ)_____

ਅ)_____

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਹੇਠ ਦਿੱਤੀ ਚੈਕਲਿਸਟ ਦੀ ਵਰਤੋਂ ਕਰਕੇ ਪੜ੍ਹਤਾਲ ਕਰੋ ਕਿ ਤੁਸੀਂ ਨਿਰਧਾਰਨ ਲਈ ਸਾਰੀਆਂ ਜਰੂਰਤਾਂ ਪੂਰੀਆਂ ਕਰ ਲਈਆਂ ਹਨ ?

ਭਾਗ (ੳ)

1. ਲਿੰਗ ਸੰਵੇਦਨਸ਼ੀਲਤਾ ਅਤੇ ਲਿੰਗ ਸਮਾਨਤਾ ਵਿੱਚ ਅੰਤਰ ਦੱਸੋ ।

2. ਸਿਹਤ ਅਤੇ ਤੰਦਰੁਸਤੀ ਵਿੱਚ ਅੰਤਰ ਪਤਾ ਕਰੋ ।

ਭਾਗ (ਅ)

ਕਲਾਸ ਵਿੱਚ ਹੇਠ ਲਿਖੇ ਦੀ ਚਰਚਾ ਕਰੋ ।

1. ਵਿਦਿਆਰਥੀਆਂ ਵਿੱਚ ਭਰੋਸਾ ਬਣਾਉਣ ਲਈ ਖੇਡਣ ਦੀ ਰਣਨੀਤੀ ਬਣਾਉ ।

2. ਨਿੱਜੀ ਅਤੇ ਸਮਾਜਿਕ ਹੁਨਰ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਤਰੀਕੇ ।

ਭਾਗ (ਏ)

ਕਾਰਗੁਜ਼ਾਰੀ ਦਾ ਮਿਆਰ

ਪ੍ਰਦਰਸ਼ਨ ਦਾ ਮਿਸ਼ਾਰ ਪਰ ਸੀਮਿਤ ਨਹੀਂ :–

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਸਿਹਤ ਵਿੱਚ ਸੁਧਾਰ ਕਰਨ ਲਈ ਬਹੁਤ ਜਿਆਦਾ ਤਣਾਅ ਤੋਂ ਆਪਣੇ ਆਪ ਨੂੰ ਰਾਹਤ ਦੇਣ ਲਈ ਤੰਦਰੁਸਤੀ ਪ੍ਰੋਗਰਾਮ ਬਣਾਇਆ ਗਿਆ		

Downloaded from https:// www.studiestoday.com

Downloaded from https:// www.studiestoday.com

Further Reading

ਕਿਤਾਬਾਂ

Essentials of physical Education : Ajmer singh , Jagdish Bains , Jagtar singh

ਐਕਨਾਲਜੇਮੇਂਟ ਅਤੇ ਰੈਫਰੈਂਸ

ਉਲਪਿੰਕ ਲਹਿਰ ਦੇ ਸਰਕਾਰੀ ਵੈਬਸਾਈਟ

www. Dympic .org.

ਅਥਲੈਟਿਕਸ ਫੈਡਰੇਸ਼ਨ ਦੇ ਇੰਟਰਨੈਸ਼ਨਲ ਐਸ਼ੋਸ਼ੀਏਸ਼ਨ

www. iaaf .org.

ਅੰਤਰਰਤਸ਼ਟਰੀ ਫੁੱਟਬਾਲ ਦੀ ਐਸ਼ੋਸ਼ੀਏਸ਼ਨ ਫੈਡਰੇਸ਼ਨ

www. fifa. Com.

ਪ੍ਰੋਫੈਸ਼ਨਲ ਗੋਲਫ ਐਸ਼ੋਸ਼ੀਏਸ਼ਨ

www. Pga.com

www.pgatour.com

ਸਰੀਰਕ ਸਰਗਰਮੀ ਲਈ ਇੱਕ ਏਜੰਡਾ

www. designedtomove. org

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

ਸਰੀਰਕ ਸਿੱਖਿਆ ਅਤੇ ਖੇਡਾਂ

ਮਾਡਿਊਲ-2

ਸਿਹਤ ਅਤੇ ਤੰਦਰੁਸਤੀ

ਐੱਨ. ਐੱਸ. ਕਿਊ. ਐੱਫ. ਲੈਵਲ 2 – ਕਲਾਸ ਦਸਵੀਂ

ਵਿਦਿਆਰਥੀ ਕਾਰਜ ਪੁਸਤਕ

ਪੀ.ਐੱਸ.ਐੱਸ ਕੇਂਦਰੀ ਕਾਰਜ ਸਿੱਖਿਆ ਸੰਸਥਾ, ਐੱਨ. ਸੀ. ਈ. ਆਰ. ਟੀ, ਭੋਪਾਲ
PSS Central Institute of Vocational Education, NCERT, Bhopal

Downloaded from https:// www.studiestoday.com

Downloaded from https:// www.studiestoday.com

ਚੇਤਾਵਨੀ

ਪੀ.ਐੱਸ.ਐੱਸ. ਕੇਂਦਰੀ ਕਿੱਤਾ ਮੁਖੀ ਸੰਸਥਾ, 2014 ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ । ਕਾਪੀ ਰਾਈਟ ਐਕਟ ਅਧੀਨ ਅਧਿਕਾਰਤ ਮੰਤਵਾਂ ਤੋਂ ਇਲਾਵਾ, ਪੂਰਵ ਲਿਖਤੀ ਆਗਿਆ ਤੋਂ ਬਿਨਾਂ ਨਕਲ, ਰੂਪਾਂਤਰਣ, ਇਲੈਟ੍ਰੋਨਿਕ ਸੰਗ੍ਰਹਿਣ ਅਤੇ ਸੰਚਾਰਣ ਉਤੇ ਪੂਰੀ ਤਰ੍ਹਾਂ ਪਾਬੰਦੀ ਹੈ ।

Downloaded from https:// www.studiestoday.com

Downloaded from https:// www.studiestoday.com

ਵਿਸ਼ਾ- ਸੂਚੀ	
ਭੂਮਿਕਾ	56
ਖੇਤਰ ਬਾਰੇ	58
ਧੰਨਵਾਦ	60
ਤੁਹਾਡੀ ਕਾਰਜ ਪੁਸਤਕ ਬਾਰੇ	62
ਮਡਿਊਲ - 2 ਸਿਹਤ ਅਤੇ ਤੰਦਰੁਸਤੀ	63
ਸ਼ੈਸ਼ਨ– 1 ਸਿਹਤ ਸਿੱਖਿਆ, ਸਫਾਈ ਅਤੇ ਸੰਚਾਰੀ (ਛੂਤ) ਰੋਗਾਂ ਨੂੰ ਸਮਝਣਾ ।	65
ਸ਼ੈਸ਼ਨ– 2 ਮਨੁੱਖੀ ਸਰੀਰ ਦੇ ਕੰਮਾਂ ਨੂੰ ਸਮਝਣਾ ।	88
ਸ਼ੈਸ਼ਨ –3 ਆਪਣੀ ਤੰਦਰੁਸਤੀ ਕਿਵੇਂ ਚੈੱਕ ਕਰੀਏ （Basic ）	95

Downloaded from https:// www.studiestoday.com

Downloaded from https:// www.studiestoday.com

ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ (NSQF) 2015 ਵਿਦਿਆਰਥੀਆਂ ਦੇ ਸਕੂਲੀ ਜੀਵਨ ਦੀ ਸਕੂਲ ਤੋਂ ਬਾਹਰ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਗਿਆਨ ਤੋਂ ਅਜਿਹੇ ਗਿਆਨ ਦੀ ਗੱਲ ਕਰਦਾ ਹੈ ਜਿਹੜੇ ਕਿ ਸਕੂਲ, ਘਰ, ਕਮਿਊਨਿਟੀ ਅਤੇ ਕੰਮ ਵਾਲੀ ਥਾਂ 'ਤੇ ਕਿਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

NSQF (National Skill Qualification Framwork) ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਤੇ ਖੇਡਾਂ ਦੇ ਲਈ ਇੱਕ ਅਜਿਹੀ ਅਭਿਆਸ ਪੁਸਤਿਕਾ ਦਿੰਦਾ ਹੈ ਜਿਹੜੀ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ (M H R D), ਭਾਰਤ ਸਰਕਾਰ (G O I) ਦੁਆਰਾ ਸਥਾਪਿਤ ਸਿਧਾਤਾਂ ਤੇ ਅਗਵਾਈ ਲੀਹਾਂ ਅਨੁਸਾਰ ਮਾਨਤਾ ਪ੍ਰਾਪਤ ਵਿਦਿਅਕ ਪ੍ਰੰਬੰਧ ਨੂੰ ਸਕੂਲਾਂ ਦੇ ਕਿੱਤਾ ਮਈ ਸਿੱਖਿਆ, ਟ੍ਰੇਨਿੰਗ ਸੰਸਥਾਵਾਂ, ਤਕਨੀਕੀ ਸਿੱਖਿਆ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਗੂ ਕਰਨ ਦੀ ਗੱਲ ਕਰਦਾ ਹੈ। NSQF ਇੱਕ ਅਜਿਹੇ ਪਾਰਦਰਸ਼ੀ ਯੋਗਤਾਵਾਂ, ਅੰਤਰ-ਖੇਤਰ ਸਿੱਖਣਾ, ਵਿਦਿਆਰਥੀ ਕੇਂਦਰਤ ਸਿੱਖਣਾ ਅਤੇ ਵੱਖ-ਵੱਖ ਯੋਗਤਾਵਾਂ ਵਿੱਚ ਆਪਸੀ ਤਾਲਮੇਲ ਦੀ ਗੱਲ ਕਰਦਾ ਹੈ।ਜਿਸਦਾ ਕਿ ਜੀਵਨ ਭਰ ਪ੍ਰਭਾਵ ਰਹਿੰਦਾ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਗਰੇਡ IX ਤੋਂ ਗਰੇਡ XII ਤੱਕ ਵੱਖ-ਵੱਖ ਸੁਝਾਵਾਂ ਅਤੇ ਸੰਸਥਾਵਾਂ ਤੋਂ ਪ੍ਰਾਪਤ ਪ੍ਰਕ੍ਰਿਆ ਰਾਹੀਂ ਤਿਆਰ ਕੀਤੀ ਗਈ ਹੈ ।

SCEALS ਕਿ ਹਰਿਆਣਾ ਸਕੂਲ ਸਿੱਖਿਆ ਵਿਭਾਗ ਦਾ ਇੱਕ ਭਾਗ ਹੈ ਨੇ ਇੱਕ ਅਜਿਹਾ ਮੌਡੂਲਰ ਕਰੀਕੁਲਾ (Modular curricula) ਅਤੇ ਸਿੱਖਣ ਸਮੱਗਰੀ (ਇਕਾਈ) ਦਾ ਮੈਟੀਰੀਅਲ ਕਿੱਤਾਮਈ ਸਿੱਖਿਆ ਦੇ ਲਈ ਸਰੀਰਕ ਸਿੱਖਿਆ ਅਤੇ ਖੇਡਾਂ ਦੇ ਖੇਤਰ ਲਈ ਤਿਆਰ ਕੀਤਾ ਹੈ। ਸਰੀਰਕ ਸਿੱਖਿਆ ਟਰੇਨਰ ਦੀ ਭੂਮਿਕਾ N S Q F ਪੱਧਰ ਇੱਕ ਤੋਂ ਚਾਰ, ਪੱਧਰ ਇੱਕ ਗਰੇਡ IX ਦੇ ਸਮਾਨ ਹੈ । ਪੱਧਰ ਚਾਰ ਗਰੇਡ XII ਦੇ ਬਰਾਬਰ ਕੀਤਾ ਗਿਆ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਤੋਤਾ-ਰਟਨ ਨੂੰ ਨਿਰਉਤਸ਼ਾਹਿਤ ਕਰਦੀ ਹੈ ਅਤੇ ਵੱਖਰੇ-ਵੱਖਰੇ ਵਿਸ਼ਿਆਂ ਵਿੱਚ ਜਰੂਰੀ ਭਾਗ ਬਣਾਉਂਦੀ ਹੈ । ਅਭਿਆਸ ਪੁਸਤਿਕਾ ਦੀ ਕੋਸ਼ਿਸ਼ ਹੈ ਜਿਸ ਨਾਲ ਪ੍ਰਯੋਗੀ ਸਿੱਖਿਆ ਛੋਟੇ ਭਾਗਾਂ ਵਿੱਚ ਵਿਚਾਰ, ਚਰਚਾ ਅਤੇ ਗਤੀਵਿਧੀਆਂ ਨੂੰ ਤਜਰਬੇ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਤੋਂ ਹੈ । ਸਾਨੂੰ ਉਮੀਦ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਵਿਦਿਆਰਥੀ ਕੇਂਦਰਿਤ ਪਹੁੰਚ ਕੀਤੀ ਜਾਵੇ । ਇਹ ਇੱਕ ਵੱਡਾ ਕਦਮ ਹੈ ।

ਇਸ ਯਤਨ ਦੀ ਸਫਲਤਾ ਸਕੂਲ ਮੁੱਖੀਆ ਅਤੇ ਅਧਿਆਪਕਾਂ ਦੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਕਲਪਨਾ ਸ਼ੀਲਤਾ ਵੱਲ ਲੈ ਜਾ ਕੇ ਗਤੀਵਿਧੀਆਂ ਕਰਾਉਣ ਤੇ ਨਿਰਭਰ ਕਰਦੀ ਹੈ । ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਕਿਆ ਵਿੱਚ ਉਦੋਂ ਹੀ ਕੀਮਤਾਂ ਅਤੇ ਨਿਰਮਾਣ ਕਰਨ ਵਿੱਚ ਯੋਗਤਾ ਵਧੇਗੀ ਜੇਕਰ ਉਹ ਸੂਚਨਾ ਪ੍ਰਾਪਤ ਕਰਨ ਵਾਲੇ ਨਹੀ ਹੋਣਗੇ । ਰੋਜ਼ਾਨਾ ਸਮਾਂ ਸਾਰਣੀ ਵਿੱਚ ਇੰਨੀ ਕੁ ਲਚਕਤਾ ਹੋਣੀ ਚਾਹੀਦੀ ਹੈ ਜਿਸ ਨਾਲ ਇਹ ਕੰਮ ਰੂਟੀਨ ਵਿੱਚ ਜੇਕਰ ਨਾਂ ਹੋ ਸਕੇ ਤਾਂ ਪੜਾਉਣ ਦੇ ਦਿਨ ਵਧਾਉਣੇ ਚਾਹੀਦੇ ਹਨ ।

Downloaded from https:// www.studiestoday.com

Downloaded from https:// www.studiestoday.com

ਹਰੇਕ ਸਕੂਲ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਉਸ ਸਮੇਂ ਹੀ ਪੂਰਾ ਕਰ ਸਕੇਗਾ ਜੇਕਰ ਉਸ ਕੋਲ ਖੇਡਾਂ ਦੀ ਬੁਨਿਆਦੀ ਲੋੜਾਂ ਪੂਰੀਆਂ ਹਨ । ਇਸ ਦੇ ਲਈ ਗੁਆਂਢੀ ਇਲਾਕੇ ਦੇ ਸਕੂਲਾਂ ਦੀ ਵੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਕਿ ਸਥਾਨਕ ਪੱਧਰ ਤੇ ਖੇਡਾਂ ਦੇ ਪੱਧਰ ਨੂੰ ਪ੍ਰਫੁਲਿਤ ਕੀਤਾ ਜਾ ਸਕੇ ।

Downloaded from https:// www.studiestoday.com

Downloaded from https:// www.studiestoday.com

ਖੇਤਰ ਬਾਰੇ

ਸਰੀਰਕ ਸਿੱਖਿਆ ਅਤੇ ਖੇਡਾਂ ਦਾ ਖੇਤਰ ਇੱਕ ਅਜਿਹਾ ਹੈ ਜਿਸਦਾ ਅੱਗੇ ਬਹੁਤ ਸਕੋਪ ਹੈ, ਸਮਾਜ ਉਤੇ ਇਸ ਦਾ ਬਹੁਤ ਹੀ ਡੂੰਘਾ ਪ੍ਰਭਾਵ ਹੈ । ਦੇਸ਼ ਵਿੱਚ ਖੇਡਾਂ ਪ੍ਰਤੀ ਜਾਗਰੁਕਤਾ ਅਤੇ ਸਭਿਆਚਾਰ ਦੀ ਕਮੀ ਹੈ । ਆਮ ਧਾਰਨਾ ਹੈ ਕਿ ਖੇਡਾਂ ਨੂੰ ਪੜਾਈ ਦੀ ਕੀਮਤ ਤੇ ਹੀ ਵਧਾਇਆ ਜਾ ਸਕਦਾ ਹੈ । ਭਾਰਤ ਵਿੱਚ ਇਸ ਸੰਬੰਧ ਵਿੱਚ ਇੱਕ ਆਮ ਕਹਾਵਤ ਹੈ:

" ਪੜੋਗੇ ਲਿਖੋਗੇ ਬਣੋਗੇ ਨਵਾਬ, ਖੇਲੋਗੇ ਕੁਦੋਗੇ ਬਣੋਗੇ ਖਰਾਬ " ਇਸ ਤਰ੍ਹਾਂ ਦੀਆਂ ਧਾਰਨਾਵਾਂ ਸਰੀਰਕ ਗਤੀਵਿਧੀਆਂ ਵੱਲ ਸਾਡਾ ਸੰਤੁਲਨ ਵਿਗਾੜਦੀਆਂ ਹਨ ।

ਜਿਸ ਤਰ੍ਹਾਂ ਕਿ ਅਸੀਂ ਇਨਾਂ ਸਾਰੇ ਮਸਲਿਆਂ ਜਿਵੇ ਖੜੀ ਜੀਵਨ ਸ਼ੈਲੀ, ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਭੋਜਨ ਆਦਤਾਂ, ਤਣਾਵ ਯੁਕਤ ਜੀਵਨ ਕ੍ਰਮ ਨਾਲ ਇੱਕੀਵੀ (21 ਵੀਂ) ਸਦੀ ਵਿੱਚ ਜੀ ਰਹੇ ਹਾਂ, ਇਸ ਅਸੰਤੁਲਨ ਨੂੰ ਬਦਲਣ ਦੀ ਜ਼ਰੂਰਤ ਹੈ, ਨਹੀ ਤਾਂ ਅਸੀਂ ਉਸ ਪੀੜੀ ਦਾ ਸਾਹਮਣਾ ਕਰਾਂਗੇ ਜਿਸਦਾ ਜੀਵਨ ਨਾਲ ਪਿਛਲੀਆਂ ਪੀੜੀਆ ਤੋਂ ਘੱਟ ਹੋਵੇਗਾ । ਇੱਕ ਅਧਿਐਨ ਅਨੁਸਾਰ 30% ਬੱਚੇ ਮੋਟੇ ਹਨ । ਮੋਟਾਪਾ ਇੱਕ ਬੀਮਾਰੀ ਹੈ । ਖੋਜ ਇਹ ਵੀ ਦਰਸਾਉਦੀ ਹੈ ਕਿ 80% ਮੋਟੇ ਬੱਚੇ ਵੱਡੇ ਹੋ ਕੇ ਮੋਟੇ ਹੀ ਰਹਿੰਦੇ ਹਨ ਜੋ ਕਿ ਚਿੰਤਾ ਦਾ ਅੰਕੜਾ ਹੈ । ਇਸ ਕੈਟਾਗਰੀ (ਸ਼੍ਰੇਣੀ) ਵਿੱਚ ਸ਼ੁਗਰ, ਉੱਚ ਕੋਲੋਸਟ੍ਰੋਜ ਅਤੇ ਤਨਾਵ ਸੰਬੰਧਿਤ ਅਨਿਯਤਾਵਾਂ ਆਮ ਹਨ ।

ਕਿਸੇ ਵੀ ਜੀਵਨ ਸੈਲੀ ਵਿੱਚ ਸਰੀਰਕ ਕ੍ਰਿਆਵਾਂ ਦਾ ਬੀਜ ਉਸਦੇ ਬਚਪਨ ਵਿਚੋਂ ਹੀ ਬੀਜਿਆ ਜਾ ਸਕਦਾ ਹੈ । ਇਹ ਇੱਕ ਅਜਿਹੀ ਆਦਤ ਹੈ ਜੋ ਕਿ ਛੋਟੇ ਹੁੰਦਿਆਂ ਤੋਂ ਹੀ ਪਾਉਣੀ ਚਾਹੀਦੀ ਹੈ । ਇਸ ਤੋਂ ਇਹ ਸਪੱਸਟ ਹੋ ਜਾਂਦਾ ਹੈ ਕਿ ਸਰੀਰਕ ਸਿੱਖਿਆ ਸਾਡੀ ਸਿੱਖਿਆ ਦਾ ਇੱਕ ਅਟੁੱਟ ਅੰਗ ਹੈ । ਅਸੀਂ ਜੀਵਨ ਦੀਆਂ ਕਈ ਕ੍ਰਿਆਵਾਂ ਖੇਡਾਂ ਰਾਹੀ ਸਿੱਖਦੇ ਹਾਂ ਜੋ ਕਿ ਸਾਨੂੰ ਬਿਹਤਰ ਨਾਗਰਿਕ ਬਣਾਉਂਦੀਆਂ ਹਨ ।

ਸਰਕਾਰ ਨੇ ਸਿੱਖਿਆ ਵਿੱਚ ਸਰੀਰਕ ਸਿੱਖਿਆ ਨੂੰ ਇੱਕ ਅਟੁੱਟਵਾਂ ਹਿੱਸਾ ਹੋਣ ਦੀ ਜ਼ਰੂਰਤ ਨੂੰ ਪਹਿਚਾਣ ਲਿਆ ਸੀ ਅਤੇ ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਮਿਆਰੀ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ । ਭਾਰਤ ਵਿੱਚ ਇਹ ਤਾਂ ਇੱਕ ਹੇਠਲੇ ਪੱਧਰ ਦੀ ਦਖਲ ਹੈ ਜੋ ਕਿ ਹੌਲੀ-ਹੌਲੀ ਸਰੀਰਕ ਸਿੱਖਿਆ ਨੂੰ ਖੇਡ ਸੰਬੰਧੀ ਉਦਯੋਗ ਵੱਲ ਲੈ ਕੇ ਜਾਏਗੀ ।

ਇਸ ਸਮੇਂ ਫੌਰੀ ਤੌਰ ਤੇ ਵੱਖ-ਵੱਖ ਪੱਧਰ ਤੇ ਚੰਗੀ ਕਿਸਮ ਦੀ ਸਰੀਰਕ ਸਿੱਖਿਆ ਅਤੇ ਖੇਡ ਅਧਿਕਾਰੀਆਂ ਦੀ ਜ਼ਰੂਰਤ ਹੈ। ਇਹ ਜ਼ਰੂਰਤ ਆਉਣ ਵਾਲੇ ਸਾਲਾਂ ਵਿੱਚ ਇੱਕ ਧਮਾਕੇ ਨਾਲ ਉਹਨਾਂ ਸਾਰਿਆਂ ਨੂੰ ਮੌਕਾ ਪ੍ਰਦਾਨ ਕਰੇਗੀ ਜੋ ਕਿ ਖੇਡਾਂ ਨਾਲ ਜੁੜਨਾ ਅਤੇ ਖੇਡਾਂ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ।ਇਸ ਖੇਤਰ ਵਿੱਚ ਕਈ ਨੌਕਰੀਆਂ ਦੇ ਮੌਕੇ ਪਹਿਲਾਂ ਤੋਂ ਹੀ ਹਨ ਜਿਵੇਂ ਸਰੀਰਕ ਸਿੱਖਿਆ ਅਧਿਆਪਕ, ਸਪੋਰਟਸ ਕੋਚ, ਫਿਜੀਓਥਰੈਪਿਸਟਸ, ਪਾਲਣ ਪੋਸ਼ਣ ਕਰਤਾ, ਸਪੋਰਟਸ ਡਾਕਟਰ, ਖੇਡ ਅਧਿਕਾਰੀ, ਭਿੰਨ-ਭਿੰਨ ਖੇਡਾਂ ਦੇ ਮੈਨੇਜਰ ਆਦਿ ਕੁੱਝ ਇਨ੍ਹਾਂ ਵਿੱਚੋਂ ਹਨ ।

ਇਸ ਖੇਤਰ ਵਿੱਚ ਪੇਸ਼ਾਵਰਾਂ (Professionals) ਦੀ ਮੰਗ ਅਤੇ ਪੂਰਤੀ ਵਿੱਚ ਗੈਪ (ਪਾੜਾ) ਹੈ । ਜੋ ਕਿ ਗੁਣਤਾ ਦੇ ਨਾਲ-ਨਾਲ ਸੰਖਿਆ ਵਿੱਚ ਵੀ ਹੈ । ਸਰੀਰਕ ਸਿਖਲਾਈ ਅਤੇ ਖੇਡਾਂ ਵਾਲੇ ਕਿੱਤਾ ਮਈ ਕੋਰਸ (ਵੋਕੇਸ਼ਨਲ ਕੋਰਸ) ਇਸ ਖੇਤਰ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਬੁਨਿਆਦੀ ਪੱਧਰ ਵੀ ਦਿੰਦੇ ਹਨ । ਇਸ ਕੋਰਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸ਼ੁਰੂਆਤੀ ਦਰਜੇ ਦਾ ਗਿਆਨ ਹੋਣਾ ਚਾਹੀਦਾ ਹੈ । ਇਹ ਕਲਾਵਾਂ ਸਿੱਖਿਆ ਦੇ ਖੇਤਰ ਵਿੱਚ ਜਾਂ ਰੋਜਗਾਰ ਅੱਗੇ ਵੱਧਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਹਨ ।

Downloaded from https:// www.studiestoday.com

Downloaded from https:// www.studiestoday.com

ਵਿਦਿਆਰਥੀਆਂ ਨੂੰ ਖੇਡ ਦੇ ਖੇਤਰ ਵਿੱਚ ਜੋ ਮੌਕੇ ਚਾਹੀਦੇ ਹਨ, ਉਹ ਹੇਠ ਲਿਖੀ ਸਾਰਣੀ ਅਨੁਸਾਰ ਹਨ:-

ਸੈਲਫ (ਖੁਦ)	ਸਕੂਲਜ	ਸਪੋਰਟਸ ਅਕੈਡਮੀ	ਫਿਟਨੈੱਸ ਕੇਂਦਰ	ਹਸਪਤਾਲ	ਸਪੋਰਟਸ ਈਵੈਂਟਸ
ਪੇਸ਼ਾਵਰ ਖਿਡਾਰੀ	– ਸਰੀਰਕ ਸਿੱਖਿਆ ਅਧਿਆਪਕ – ਸ਼ੁਰੂਆਤ ਵਿੱਚ ਫਿਜੀਕਲ ਟਰੇਨਰਜ – ਸਪੋਰਟਸ ਕੋਚ	– ਸਪੋਰਟਸ ਕੋਚ – ਸਹੂਲਤ ਮੈਨੇਜਰ – ਅਕੈਡਮੀ ਮੈਨੇਜਰ	– ਫਿਟਨੈੱਸ ਟਰੇਨਰਜ – ਪਾਲਣ ਪੋਸ਼ਣ ਕਰਤਾ	– ਸਪੋਰਟਸ ਡਾਕਟਰ –ਫਿਜੀਓਥਰੈਪਿਟਸ – ਪਾਲਣ ਪੋਸ਼ਣ ਕਰਤਾ	–ਈਵੈਂਟ ਮੈਨੇਜਰ –ਅਧਿਕਾਰੀ –ਟਿਪਣੀਕਾਰ ਜਰਨਲਇਸਟ (ਪੱਤਰਕਾਰ)

ਜਿਵੇਂ ਕਿ ਇਸ ਖੇਤਰ ਵਿੱਚ ਜ਼ਿਆਦਾਤਰ ਨੌਕਰੀਆਂ ਕਰਨ ਵਾਲੇ ਕਰਮਚਾਰੀ ਨੂੰ ਆਪਣੇ ਨਾਲ ਦੇ ਸਾਥੀਆਂ ਨਾਲ ਵਰਤਣ ਲਈ ਸਮਝਦਾਰੀ ਅਤੇ ਨਿਪੁਨੰਤਾ ਦੀ ਲੋੜ ਹੁੰਦੀ ਹੈ । ਲੈਵਲ 1 ਦਾ ਵੋਕੇਸ਼ਨਲ ਕੋਰਸ ਵਿਦਿਆਰਥੀਆਂ ਨੂੰ ਕਈ ਕਲਾਵਾਂ ਸਿਖਾਉਣ ਵਿੱਚ ਮਦਦ ਕਰੇਗਾ । ਇਸ ਖੇਤਰ ਲਈ ਤਾਂ ਜੋ ਉਨ੍ਹਾਂ ਨੂੰ ਇਸਦੇ ਸਕੋਪ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਨੂੰ ਆਪਣੀ ਅੰਦਰੂਨੀ Choice ਨੂੰ ਘੋਖਣ ਦਾ ਮੌਕਾ ਮਿਲੇ ।

ਜਿਵੇਂ ਕਿ ਕੋਰਸ ਪੱਧਰ-2 ਤੱਕ ਵੱਧਦਾ ਹੈ ਵਿਦਿਆਰਥੀ ਗਰਾਊਂਡ ਮਾਰਕਿੰਗ ਕਰਨ ਵਿੱਚ ਪੱਕਾ ਹੋਵੇਗਾ, ਸਰੀਰਕ ਸਿੱਖਿਆਂ ਅਧਿਆਪਕ ਦੀ ਸਕੂਲ ਜਾਂ ਅਕੈਡਮੀ ਵਿੱਚ ਸਹਾਇਤਾ ਕਰੇਗਾ । ਪੱਧਰ-4 ਦੇ ਵਿਦਿਆਰਥੀ ਖੁੱਦ ਸਕੂਲ ਦੇ ਸਰੀਰਕ ਸਿੱਖਿਆ ਡਾਇਰੈਕਟਰ ਜਾਂ ਟੀਮ ਕੋਚ ਦੇ ਸਾਹਮਣੇ ਆਪਣਾ ਪਾਠ ਪੂਰਾ ਕਰੇਗਾ । ਉਨ੍ਹਾਂ ਨੂੰ ਸਰੀਰਕ ਸਿੱਖਿਆ ਦਾ ਬੁਨਿਆਦੀ ਗਿਆਨ ਜਿਵੇਂ- ਸਕਿਲ, ਨਿਯਮ, ਗਰਾਊਂਡ ਮਾਰਕਿੰਗ, ਟੂਰਨਾਮੈਂਟ ਕਰਾਉਣਾ, ਬੁਨਿਆਦੀ ਫਸਟ ਏਡ ਅਤੇ ਇਸ ਤਰ੍ਹਾਂ ਦੇ ਹੋਰ ਪਾਠ ਆਦਿ ਹੋ ਜਾਏਗਾ । ਉਨ੍ਹਾਂ ਨੂੰ Skill Verse Fitness ਅਤੇ ਉਨ੍ਹਾਂ ਦੋਵਾਂ ਦੇ ਸੁਧਾਰ ਲਈ ਕੀ ਕਰਨਾ ਚਾਹੀਦਾ ਹੈ ਦਾ ਗਿਆਨ ਹੋਵੇਗਾ ।

ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਟਰੇਨਰਜ਼ ਦੀ ਖਾਸ ਲੋੜ ਹੈ ਜੋ ਕਿ ਵਿਦਿਆਰਥੀਆਂ ਨੂੰ ਸਰੀਰਕ ਕ੍ਰਿਆਵਾਂ ਕਰਾਉਣ ਲਈ ਉਤਸ਼ਾਹਿਤ ਕਰਨ, ਖੇਡਾਂ ਲਈ ਦਿਲਚਸਪੀ, ਸਮਾਜ ਵਿੱਚ ਰਹਿਣ ਆਦਿ ਲਈ ਵਿਦਿਆਰਥੀਆਂ ਨੂੰ ਇਹ ਕਰਨ ਲਈ ਯੋਗ ਕਰਨਗੇ ।

Downloaded from https:// www.studiestoday.com

Downloaded from https:// www.studiestoday.com

ਧੰਨਵਾਦ

ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਨੌਜਵਾਨਾਂ ਦੀ ਹਮੇਸ਼ਾ ਹੀ ਇੱਕ ਪ੍ਰੇਰਣਾਦਾਇਕ ਦੇਣ ਰਹੀ ਹੈ ।

ਅਸੀਂ ਉਨ੍ਹਾਂ ਸਕੂਲਾਂ ਦਾ ਧੰਨਵਾਦ ਕਰਦੇ ਹਾਂ ਜਿਹੜੇ ਸਾਡਾ ਹਿੱਸਾ ਬਣੇ ਅਤੇ ਜਿਨ੍ਹਾਂ ਨੇ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਸਾਡੀ ਸਹਾਇਤਾ ਕੀਤੀ । ਉਨ੍ਹਾਂ ਨੇ ਸਾਡੇ ਵਿਚਾਰਾਂ ਤੇ ਵਿਸ਼ਵਾਸ ਕੀਤਾ ਤੇ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿਸ ਦਾ ਸਹੀ ਪ੍ਰਭਾਵ ਸਹੀ ਉਮਰ ਵਿੱਚ ਪਿਆ ।

ਅਸੀਂ ਉਨ੍ਹਾਂ ਸਰੀਰਕ ਸਿੱਖਿਆ ਕਾਲਜਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨਾਂ ਕੇਵਲ ਸਾਨੂੰ ਅਗਵਾਈ ਅਤੇ ਵਿਦਿਆਰਥੀ ਦਿੱਤੇ ਸਗੋਂ ਆਪਣਾ ਸਮਰਥਨ ਵੀ ਜਦੋਂ ਅਸੀਂ ਚਾਹਿਆ ਉਦੋਂ ਹੀ ਦਿੱਤਾ । ਅਸੀਂ ਉਨ੍ਹਾਂ ਸਰੀਰਕ ਸਿੱਖਿਆ ਪੇਸ਼ਾਵਰਾਂ (Professionals) ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਸਾਡੇ ਨਾਲ ਕੰਮ ਕੀਤਾ, ਇਨ੍ਹਾਂ ਦੀ ਸਹਾਇਤਾ ਤੋਂ ਅਸੀਂ ਸਰੀਰਕ ਸਿੱਖਿਆ ਵਿੱਚ ਉਹ ਬਦਲਾਅ ਨਹੀਂ ਲਿਆ ਸਕਦੇ ਸੀ ਜੋ ਅਸੀਂ ਲਿਆਦੇ ਕਿਉਂਕਿ ਸਕੂਲ, ਅਧਿਕਾਰੀ, ਮਾਪੇ ਅਤੇ ਵਿਦਿਆਰਥੀ ਇਨ੍ਹਾਂ ਦੇ ਨਾਲ ਸਿੱਧੇ ਸੰਪਰਕ ਵਿੱਚ ਰਹੇ ।

ਅਸੀਂ ਭਾਰਤ ਦੇ ਉਨ੍ਹਾਂ ਖਿਡਾਰੀਆਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਹ ਕੰਮ ਯੋਗ ਤਰੀਕੇ ਨਾਲ ਕਰਨ ਲਈ ਰਸਤਾ ਵਿਖਾਇਆ ।

ਅਸੀਂ ਆਪਣੇ ਉਨ੍ਹਾਂ ਸਾਰੇ ਸ਼ੁੱਭਚਿੰਤਕਾਂ, ਦੋਸਤਾਂ ਅਤੇ ਸਾਰੇ ਨਿਵੇਸ਼ ਕਰਨ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਖੁੱਲਦਿਲੀ ਨਾਲ ਸਾਡੇ ਇਸ ਯਤਨ ਨੂੰ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿੱਥੇ ਅਸੀਂ ਆਪਣੇ ਵਿਚਾਰ, ਉਤਪਾਦ ਅਤੇ ਸੇਵਾਵਾਂ ਉਨ੍ਹਾਂ ਦੇ ਸਾਹਮਣੇ ਰੱਖੀਆ ਜਿਹੜੀਆਂ ਕਿ ਉਨ੍ਹਾਂ ਦੁਆਰਾ ਦਿੱਤੇ ਮੌਕੇ ਤੇ ਵਿਸਵਾਸ਼ ਤੋਂ ਬਿਨਾਂ ਸੰਭਵ ਨਹੀਂ ਸਨ ।

ਸਾਡੀ ਇਸ ਪ੍ਰੇਰਣਾ ਨਾਲ ਕਿੱਤਾ ਮਈ ਕੋਰਸ ਸਕੂਲਾਂ ਵਿੱਚ ਸ਼ੁਰੂ ਹੋਏ ਅਤੇ ਸਾਨੂੰ ਵਿਦਿਆਰਥੀਆਂ ਦੇ ਚਿਹਰੇ ਤੇ ਮੁਸਕਰਾਹਟ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਅਸੀਂ ਸਿਹਤ ਅਤੇ ਤੰਦਰੁਸਤ ਰਾਸ਼ਟਰ ਵੱਲ ਇੱਕ ਕਦਮ ਵਧਾਇਆ ਹੈ।

ਅਸੀਂ ਮਨੁੱਖੀ ਸਰੋਤ ਮੰਤਰਾਲੇ (M H R D), ਭਾਰਤ ਸਰਕਾਰ (G O I) ਅਤੇ N S D C ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਸਕੂਲ ਪਾਠਕ੍ਰਮ ਦਾ ਹਿੱਸਾ ਬਣਾਉਦੇ ਹੋਏ ਸਾਡੀ ਇਸ ਸਹਿਭਗਤਾ ਨੂੰ ਸਲਾਇਆ ।

ਅਸੀਂ Srividya MajMudar , Javed Azad Khan , Pavan Gamatam , Delix Issac , Anuradha Venkatraman ਅਤੇ Jyoti MajMudar ਦਾ ਜਿਨ੍ਹਾਂ ਦੇ ਇੱਕਠੇ ਯਤਨਾਂ ਸਦਕਾ ਨਾਲ ਹੈਂਡ ਬੁੱਕ ਪਾਠਕ੍ਰਮ ਪੱਧਰ – II ਲਿਆਉਣ ਵਿੱਚ ਮਦਦ ਕੀਤੀ ।

Downloaded from https:// www.studiestoday.com

Downloaded from https:// www.studiestoday.com

ਅਸੀਂ Dr. Vinay Swarup Mehrotra, ਹੈੱਡ ਪਾਠਕ੍ਰਮ ਵਿਕਾਸ ਅਤੇ ਮੁਲਾਂਕਣ ਕੇਂਦਰ (C D E C) , PSSCIVE , Prof-R.B Shivagunde ਸੰਯੁਕਤ ਡਾਇਰੈਕਟਰ, PSSCIVE , ਸਕੂਲ ਸਿੱਖਿਆ ਵਿਭਾਗ ਹਰਿਆਣਾ ਜਿਨ੍ਹਾਂ ਨੇ ਆਪਣੇ ਸਮਰਥਨ ਅਤੇ ਅਗਵਾਈ ਨਾਲ N S Q F ਅਨੁਸਾਰ ਪਾਠਕ੍ਰਮ ਤਿਆਰ ਕਰਨ ਵਿੱਚ ਸਹਾਇਤਾ ਕੀਤੀ ।

ਅਸੀਂ Edusports Lasourment ਅਤੇ Wadhworm ਫਾਊਡੇਸ਼ਨ ਵੱਲੋਂ ਵੀ ਦਿਤੀ ਗਈ ਦੇਣ ਅਤੇ ਸਹਾਇਤਾ ਲਈ ਵੀ ਇਸ ਪਾਠਕ੍ਰਮ ਨੂੰ ਤਿਆਰ ਕਰਨ ਲਈ ਧੰਨਵਾਦੀ ਹਾਂ ।

ਧੰਨਵਾਦ
S C E A L S
ਹਰਿਆਣਾ ਸਰਕਾਰ
ਫਰੀਦਾਬਾਦ ।

Downloaded from https:// www.studiestoday.com

Downloaded from https:// www.studiestoday.com

ਤੁਹਾਡੀ ਕਾਰਜ ਪੁਸਤਕ ਬਾਰੇ

ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਅਗਵਾਈ ਵਿੱਚ ਅਭਿਆਸ ਪੁਸਤਿਕਾ ਵਿੱਚੋ ਕਲਾਸ ਰੂਮ ਵਿੱਚ ਕੰਮ ਕਰਨਾ ਚਾਹੀਦਾ ਹੈ।ਇਸ ਕਿਤਾਬ ਵਿੱਚ ਸੈਸ਼ਨ ਹਨ ਜੋ ਤੁਹਾਨੂੰ ਲੋੜੀਂਦਾ ਗਿਆਨ ਤੇ ਭਿੰਨ-ਭਿੰਨ ਰੂਪ ਜੋ ਇਸ ਮਡਿਊਲ ਵਿੱਚ ਹਨ ਬਾਰੇ ਦਸਣਗੇ।

ਹਰ ਸੈਸ਼ਨ ਇੰਨਾ ਕੁ ਛੋਟਾ ਹੁੰਦਾ ਹੈ ਕਿ ਅਗਲੇ ਸੈਸ਼ਨ ਤੇ ਜਾਣ ਤੋਂ ਪਹਿਲਾਂ ਇਸ ਨੂੰ ਅਸਾਨੀ ਨਾਲ ਜਜਬ ਕਰ ਲੈਦੇ ਹਾਂ। ਪਾਠ ਪੁਸਤਕ ਨੂੰ ਹੋਰ ਜਿਆਦਾ ਅੱਖਾਂ ਨੂੰ ਲੁਭਾਉਣ ਵਾਲੀ ਬਣਾਉਣ ਲਈ ਐਨੀਮੇਟਰ ਤਸਵੀਰਾਂ ਅਤੇ ਤਸਵੀਰਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ । ਇਸ ਦੀ ਵਿਸਥਾਰ ਪੂਰਵਕ ਸਿਰਜਨਾ ਲਈ ਤੁਸੀਂ ਆਪਣੀ ਕਲਪਨਾ ਅਨੁਸਾਰ ਕੋਸ਼ਿਸ ਕਰ ਸਕਦੇ ਹੋ ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ । ਆਓ ਦੇਖੀਏ ਸੈਸ਼ਨ ਦੇ ਇਸ ਭਾਗ ਵਿੱਚ ਤੁਹਾਡੇ ਲਈ ਕੀ ਹੈ ?

ਭਾਗ - 1 ਜਾਣ ਪਹਿਚਾਣ :– ਇਹ ਭਾਗ ਇਕਾਈ (Unit) ਦੇ ਵਿਸ਼ੇ ਨਾਲ ਜਾਣੂ ਕਰਵਾਉਂਦਾ ਹੈ।ਇਹ ਭਾਗ ਤੁਹਾਨੂੰ ਇਹ ਵੀ ਦੱਸੇਗਾ ਕਿ ਇਸ ਇਕਾਈ ਦੇ ਅੰਤਰਗਤ ਵੱਖ-ਵੱਖ ਸੈਸ਼ਨਾਂ ਰਾਹੀਂ ਤੁਸੀਂ ਕੀ ਸਿੱਖੋਗੇ ?

ਭਾਗ -2 ਢੁੱਕਵਾਂ ਗਿਆਨ : – ਇਹ ਭਾਗ ਤੁਹਾਨੂੰ ਇਸ ਸੈਸ਼ਨ ਦੇ ਅੰਦਰ ਆਉਦੇ ਵਿਸ਼ੇ/ਵਿਸ਼ਿਆਂ ਬਾਰੇ ਸੰਬੰਧਿਤ ਜਾਣਕਾਰੀ ਮੁੱਹਈਆ ਕਰਵਾਉਂਦਾ ਹੈ।ਇਸ ਭਾਗ ਰਾਹੀਂ ਪ੍ਰਾਪਤ ਕੀਤਾ ਗਿਆਨ ਤੁਹਾਨੂੰ ਕਈ ਕ੍ਰਿਆਵਾਂ ਕਰਨ ਦੇ ਯੋਗ ਬਣਾਉਂਦਾ ਹੈ । ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਨੂੰ ਵਿਸ਼ੇ ਦੇ ਵੱਖ-ਵੱਖ ਤੱਥਾਂ ਤੇ ਆਪਣੀ ਸਮਝ ਵਧਾਉਣ ਲਈ ਦਿੱਤੀ ਜਾਣਕਾਰੀ ਨੂੰ ਪੜ੍ਹਨਾ ਚਾਹੀਦਾ ਹੈ ।

ਭਾਗ -3 ਅਭਿਆਸ : ਹਰ ਸੈਸ਼ਨ ਦੇ ਅਭਿਆਸ ਹਨ । ਜਿਨ੍ਹਾਂ ਨੂੰ ਕਿ ਤੁਹਾਨੂੰ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ । ਤੁਸੀਂ ਇਹ ਕ੍ਰਿਆਵਾਂ ਜਮਾਤ ਘਰ ਜਾਂ ਮੈਦਾਨ ਵਿੱਚ ਕਰੋਗੇ । ਇਸ ਭਾਗ ਵਿੱਚ ਆਉਂਦੀਆਂ ਕ੍ਰਿਆਵਾਂ ਤੁਹਾਡੇ ਕੰਮ ਦੀ ਜਗ੍ਹਾਂ 'ਤੇ ਸਮਰਥਾ ਨਾਲ ਕੰਮ ਕਰਨ ਲਈ ਲੋੜੀਂਦੇ ਗਿਆਨ, ਹੁਨਰ ਅਤੇ ਰਵੱਈਏ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ । ਇਹ ਕ੍ਰਿਆਵਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਨਿਗਰਾਨੀ ਹੇਠ ਕਰਨੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ । ਅਤੇ ਨਾਲ ਹੀ ਤੁਹਾਡੀ ਕਾਰਗੁਜ਼ਾਰੀ ਨੂੰ ਵਧੀਆ ਕਰਨ ਦਾ ਸੁਝਾਅ ਦੇਣਗੇ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਦੀ ਸਲਾਹ ਨਾਲ ਇੱਕ ਸਮਾਂ ਸਾਰਣੀ ਤਿਆਰ ਕਰੋ ਅਤੇ ਸਖ਼ਤੀ ਨਾਲ ਤੈਅ ਕੀਤੇ ਦਰਜਿਆਂ ਅਤੇ ਨਿਯਮਾਂ ਦੀ ਪਾਲਣਾ ਕਰੋ। ਆਪਣੇ ਅਧਿਆਪਕ ਜਾਂ ਟਰੇਨਰ ਤੋਂ ਕੋਈ ਵੀ ਚੀਜ਼ ਪੁੱਛਣ ਤੋਂ ਸੰਕੋਚ ਨਾ ਕਰੋ ਜੋ ਤੁਹਾਨੂੰ ਸਮਝ ਨਾ ਆਈ ਹੋਵੇ ।

ਭਾਗ -4 ਅਸੈੱਸਮੈਂਟ : ਇਸ ਭਾਗ ਵਿੱਚ ਸ਼ਾਮਲ ਰੀਵਿਊ ਪ੍ਰਸ਼ਨ ਤੁਹਾਡੀ ਤਰੱਕੀ (ਉੱਨਤੀ) ਚੈੱਕ ਕਰਨਗੇ । ਤੁਸੀਂ ਅਗਲੇ ਸੈਸ਼ਨ ਜਾਣ ਤੋਂ ਪਹਿਲਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋਣੇ ਚਾਹੀਦੇ ਹੋ ।

ਭਾਗ -5 ਅਸੈੱਸਮੈਂਟ ਚੈਕਲਿਸਟ : ਚੈੱਕਲਿਸਟ ਨਾਲ ਤੁਹਾਨੂੰ ਮੌਕਾ ਮਿਲੇਗਾ ਕਿ ਤੁਸੀ ਇਸ ਵਿਸ਼ੇ ਦੇ ਸਾਰੇ ਟਾਪਿਕ ਕਵਰ ਕਰ ਲਏ ਹਨ । ਆਪਣੀ ਸਿੱਖਿਆ ਮਿਣਨ ਲਈ ਇਸ ਨੂੰ ਵਰਤੋਂ ।

Downloaded from https:// www.studiestoday.com

Downloaded from https:// www.studiestoday.com

ਪੀ ਐੱਸ 202-ਐੱਨ ਕਿਊ 2014

ਸਿਹਤ ਅਤੇ ਤੰਦਰੁਸਤੀ

Downloaded from https:// www.studiestoday.com

Downloaded from https:// www.studiestoday.com

ਸਿਹਤ ਅਤੇ ਤੰਦਰੁਸਤੀ ਨੂੰ ਸਮਝਣਾ (Understanding the concept of health and fitness)

ਜਾਣ - ਪਹਿਚਾਣ

WHO ਅਨੁਸਾਰ ਸਿਹਤ ਦੀ ਪਰਿਭਾਸ਼ਾ ਹੈ " ਸਿਹਤ ਪੂਰਨ ਰੂਪ ਵਿੱਚ ਸਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਤੰਦਰੁਸਤ ਹੋਣ ਦੀ ਅਵਸਥਾ ਹੈ ਨਾਂ ਕਿ ਸਿਰਫ ਬਿਮਾਰੀਆਂ ਜਾਂ ਕਮਜ਼ੋਰੀ ਤੋ ਬਿਨਾਂ ਹੋਣ ਦੀ । ਫਿਰ ਵੀ ਸਮੇਂ ਦੇ ਨਾਲ ਉੱਪਰ ਦਿੱਤੀ ਪਰਿਭਾਸ਼ਾ ਵਿੱਚ ਹੋਰ ਵਾਧਾ ਕੀਤਾ ਗਿਆ ਅਤੇ ਇਸ ਵਿੱਚ ਸਮਾਜਿਕ ਅਤੇ ਆਰਥਿਕ ਉਪਜਾਊ ਜ਼ਿੰਦਗੀ ਜੀਉਣ ਨੂੰ ਸ਼ਾਮਿਲ ਕੀਤਾ ਗਿਆ ।"

ਦੂਜੇ ਪਾਸੇ ਆਮ ਤੌਰ 'ਤੇ ਤੰਦਰੁਸਤੀ ਨੂੰ ਚੰਗੀ ਸਰੀਰਕ ਸਿਹਤ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ । ਆਮਤੌਰ ਤੇ ਸਰੀਰਕ ਤੰਦਰੁਸਤੀ ਜਿਆਦਾਤਰ ਨਿਰੰਤਰ ਸਰੀਰਕ ਕਿਰਿਆਵਾਂ ਅਤੇ ਸਹੀ ਆਹਾਰ ਦੇ ਨਤੀਜੇ ਵਜੋਂ ਹੁੰਦੀ ਹੈ । ਸਰੀਰਕ ਤੰਦਰੁਸਤੀ ਮਨੁੱਖੀ ਸਰੀਰ ਲਈ ਠੀਕ ਉਸੇ ਤਰ੍ਹਾਂ ਹੀ ਹੈ ਜਿਵੇਂ ਉਚਿਤ ਤਾਲਮੇਲ ਕਿਸੇ ਇੰਜਣ ਲਈ । ਇਹ ਸਾਨੂੰ ਸਾਡੀ ਸਮੱਰਥਾ ਅਨੁਸਾਰ ਕੰਮ ਕਰਨ ਲਾਇਕ ਬਣਾਉਂਦੀ ਹੈ । ਸਰੀਰਕ ਤੰਦਰੁਸਤੀ ਵਿੱਚ ਸਾਰੇ ਅੰਗਾਂ ਦੀ ਕੁਸ਼ਲ ਕਾਰਗੁਜਾਰੀ ਸ਼ਾਮਿਲ ਹੈ । ਤੰਦਰੁਸਤੀ ਸਾਡੀ ਮਾਨਸਿਕ ਸਿਹਤ ਤੇ ਵੀ ਬਹੁਤ ਪ੍ਰਭਾਵ ਪਾਉਂਦੀ ਹੈ ਜਿਵੇਂ ਮਾਨਸਿਕ ਚੌਕਸੀ ਅਤੇ ਭਾਵਨਾਤਮਕ ਸਥਿਰਤਾ ।

ਜੇਕਰ ਤੁਸੀ ਆਪਣੇ ਸਰੀਰ ਨੂੰ ਨਹੀਂ ਵਰਤੋਗੇ ਤਾਂ ਇਹ ਘੱਟ ਕਾਰਜ਼ਸ਼ੀਲ ਹੋ ਜਾਵੇਗਾ । ਤੁਹਾਡੇ ਪੱਠੇ ਚਰਬੀਯੁਕਤ ਅਤੇ ਕਮਜੋਰ ਹੋ ਜਾਣਗੇ । ਤੁਹਾਡਾ ਦਿਲ ਅਤੇ ਫੇਫੜੇ ਸਹੀ ਤਰੀਕੇ ਨਾਲ ਕੰਮ ਨਹੀ ਕਰਣਗੇ । ਤੁਹਾਡੇ ਜੋੜ ਆਕੜ ਜਾਣਗੇ ਅਤੇ ਕਮਜੋਰ ਹੋ ਜਾਣਗੇ । ਨਤੀਜੇ ਵਜੋਂ ਤੁਹਾਡੇ ਸ਼ਰੀਰ ਦਾ ਝੁਕਾਅ ਸੱਟਾਂ, ਬਿਮਾਰੀਆਂ, ਅਤੇ ਥਕਾਵਟ ਆਦਿ ਵੱਲ ਜ਼ਿਆਦਾ ਹੋ ਜਾਵੇਗਾ । ਇੱਕ ਵਾਰੀ ਜੇ ਤੁਸੀ ਲਗਾਤਾਰ ਕਸਰਤ ਕਰਨ ਲੱਗ ਜਾਉਗੇ, ਤਾਂ ਤੁਸੀ ਆਪਣੇ ਪੱਠੇ ਮਜ਼ਬੂਤ ਕਰ ਲਵੋਗੇ, ਤੁਹਾਡੇ ਦਿਲ ਦੀ ਕੰਮ ਕਰਨ ਦੀ ਸਮਰੱਥਾ ਵਧ ਜਾਏਗੀ ਅਤੇ ਲਚੀਲਾਪਣ ਵੱਧ ਜਾਏਗਾ । ਜਿਵੇਂ-2 ਤੁਹਾਡੇ ਸ਼ਰੀਰ ਦੀ ਅਵਸਥਾ ਉਨੱਤ ਹੋਏਗੀ ਤੁਹਾਨੂੰਕਈ ਹੋਰ ਕਾਰਣ ਪਤਾ ਲਗਣਗੇ ਕਿ ਇੱਕ ਵਧੀਆ ਜ਼ਿੰਦਗੀ ਜੀਣ ਲਈ ਕਸਰਤ ਕਿਉਂ ਮਹੱਤਵਪੂਰਨ ਹੈ । ਕਸਰਤ ਤਣਾਵ ਨੂੰ ਘੱਟ ਕਰਦੀ ਹੈ, ਮਿਜ਼ਾਜ ਨੂੰ ਸਹੀ ਕਰਦੀ ਹੈ ਅਤੇ ਚੰਗੀ ਨੀਂਦ ਲਈ ਮਦਦ ਕਰਦੀ ਹੈ । ਕਸਰਤ ਸਾਨੂੰ ਸਾਡੀ ਪੂਰੀ ਜ਼ਿੰਦਗੀ ਜਵਾਨ ਦਿਖਣ ਅਤੇ ਜਵਾਨ ਮਹਿਸੂਸ ਕਰਾ ਸਕਦੀ ਹੈ ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਕਸਰਤ ਦੇ ਫਾਇਦੇ ਹੌਲੀ - 2 ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ ਜੇਕਰ ਅਸੀ ਜ਼ਿਆਦਾ ਦਿਨ ਤਕ ਕਸਰਤ ਨਹੀਂ ਕਰਦੇ ਤਾਂ । ਠੀਕ ਉਸੇ ਤਰ੍ਹਾਂ ਜਿਵੇਂ 21 ਦਿਨਾਂ ਦੇ ਪਲਸਤਰ ਤੋੜਨ ਬਾਅਦ ਸਾਡੇ ਪੱਠੇ ਕਮਜ਼ੋਰ ਹੋ ਜਾਂਦੇ ਹਨ ਕਿਸੇ ਵੀ ਤਰ੍ਹਾਂ ਦੀ ਸਰੀਰਕ ਕਿਰਿਆ ਤੋਂ ਬਿਨ੍ਹਾ । ਆਧੁਨਿਕ ਜੀਵਨ ਸ਼ੈਲੀ ਬਹੁਤ ਘੱਟ ਮੌਕਾ ਦਿੰਦੀ ਹੈ ਸਰੀਰਕ ਕਿਰਿਆਵਾਂ ਦਾ । ਆਧੁਨਿਕ ਜੀਵਨਸ਼ੈਲੀ ਨੂੰ " ਠਹਿਰੀ ਸੁਸਤ ਜੀਵਨ ਸ਼ੈਲੀ " ਵੀ ਕਿਹਾ ਜਾ ਸਕਦਾ ਹੈ । ਉਪਕਰਨ ਜਿਵੇਂ ਟੀ.ਵੀ, ਲੈਪਟਾਪ, ਟੈਬਲੇਟਸ ਅਤੇ ਮੋਬਾਇਲ ਫੋਨ ਸਾਨੂੰ ਵੱਧ ਤੋਂ ਵੱਧ ਸਮਾਂ ਘਰ ਵਿੱਚ ਬਿਤਾਉਣ ਲਈ ਉਤਸਾਹਿਤ ਕਰਦੇ ਹਨ । ਅਤੇ ਸਾਨੂੰ ਹਰ ਵਕਤ ਮੰਜੇ ਤੇ ਬੈਠੇ ਰਹਿਣਾ ਤੇ ਉੱਥੇ ਹੀ ਖਾਣਾ ਪੀਣਾ ਦੀ ਆਦਤ ਪਾ ਰਹੇ ਹਨ । ਸਾਨੂੰ ਆਪਣੀ ਵਿਅਸਤ ਸ਼ੈਲੀ ਵਿੱਚ ਸਰੀਰਕ ਕਿਰਿਆਵਾਂ ਲਈ ਸਮਾਂ ਹੀ ਨਹੀਂ ਮਿਲਦਾ । ਸੱਚਾਈ ਤਾਂ ਇਹ ਹੈ ਕਿ ਸਾਡੇ ਵਿੱਚੋ ਜ਼ਿਆਦਾਤਰ ਕਿਸੇ ਵੀ ਖੇਡ ਜਾਂ ਸਰੀਰਕ ਕਿਰਿਆ ਨਹੀਂ ਕਰਦੇ ਇਥੋਂ ਤਕ ਕਿ ਸਕੂਲ ਵਿੱਚ ਵੀ ਨਹੀਂ ਜਿੱਥੇ ਕਿ ਬਹੁਤ ਸਾਰੀਆਂ ਸਹੂਲਤਾਂ ਚੁਸਤ ਰਹਿਣ ਲਈ ਉਪਲਬਧ ਹਨ ।

ਇਸ ਮਡਿਊਲ (Module) ਦੇ ਪੂਰਾ ਹੋਣ ਤੇ ਤੁਸੀਂ ਯੋਗ ਹੋ ਜਾਉਗੇ -

1. ਸਿਹਤ ਸਿੱਖਿਆ, ਸਫਾਈ ਅਤੇ ਛੂਤ ਦੀਆਂ ਬਿਮਾਰੀਆਂ ਦੇ ਮਤਲਬ ਅਤੇ ਮਹੱਤਤਾ ਨੂੰ ਸਮਝਣ ਵਿੱਚ ।
2. ਮਨੁੱਖੀ ਸਰੀਰ ਦੀ ਬਣਤਰ ਨੂੰ ਸਮਝਣ ਵਿੱਚ ।
3. ਆਪਣੀ ਤੰਦਰੁਸਤੀ ਨੂੰ ਮੁਲਾਂਕਿਤ ਕਰਨ ਵਿੱਚ ।

Downloaded from https:// www.studiestoday.com

Downloaded from https:// www.studiestoday.com

ਸੈਸ਼ਨ-1: ਸਿਹਤ ਸਿੱਖਿਆ, ਸਫਾਈ ਅਤੇ ਸੰਚਾਰੀ (ਛੂਤ) ਰੋਗ ਨੂੰ ਸਮਝਣਾ । (Understanding health education, hygiene and communicable diseases)

ਸੰਬੰਧਿਤ ਗਿਆਨ

ਸਿਹਤ ਸਿੱਖਿਆ

ਸਿਹਤ ਸਿੱਖਿਆ, ਪੜ੍ਹੇ-ਲਿਖੇ ਲੋਕਾਂ ਨੂੰ ਸਿਹਤ ਬਾਰੇ ਦੱਸਣ (ਜਾਣੂ) ਦਾ ਕਿੱਤਾ ਹੈ ਇਸ ਕਿੱਤੇ ਦੇ ਅੰਦਰ ਵਾਤਾਵਰਣ ਸਿਹਤ, ਸਰੀਰਕ ਸਿਹਤ, ਸਮਾਜਿਕ ਸਿਹਤ, ਭਾਵਾਤਮਕ ਸਿਹਤ, ਬੋਧਿਕ ਸਿਹਤ ਅਤੇ ਰੁਹਾਨੀ ਸਿਹਤ ਸ਼ਾਮਿਲ ਹੈ । ਇਹ ਇਸ ਤਰ੍ਹਾਂ ਪਰਿਭਾਸ਼ਿਤ ਕੀਤੀ ਜਾ ਸਕਦੀ ਹੈ ਕਿ ਵਿਅਕਤੀ ਅਤੇ ਗਰੁੱਪ ਦੇ ਲੋਕਾਂ ਦੀ ਸਿਹਤ ਦੀ ਤੱਰਕੀ, ਰੱਖ-ਰਖਾਵ ਅਤੇ ਬਹਾਲੀ ਲਈ ਸਾਕਾਰ ਢੰਗ ਨਾਲ ਵਿਵਹਾਰ ਕਰਨਾ ਸਿਖਾਉਂਦੀ ਹੈ ।



ਸਿਹਤ ਇੱਕ ਆਦਮੀ ਦੀ ਮਹਾਨ ਦੌਲਤ ਹੈ ਇਸ ਲਈ ਉਸ ਨੂੰ ਇਸ ਦੀ ਧਿਆਨ ਨਾਲ ਕਦਰ ਕਰਨੀ ਚਾਹੀਦੀ ਹੈ । ਉਸਨੂੰ ਸਿਹਤਮੰਦ ਜੀਵਨ ਸ਼ੈਲੀ ਬਿਤਾਉਣ ਲਈ ਕਾਫੀ ਗਿਆਨ ਹੋਣਾ ਚਾਹੀਦਾ ਹੈ ।

Downloaded from https:// www.studiestoday.com

Downloaded from https:// www.studiestoday.com

ਸਿਹਤ ਤਿਕੋਣ (Health triangle)

ਸਿਹਤ ਤਿਕੋਣ ਨੂੰ ਤੰਦਰੁਸਤੀ ਤਿਕੋਣ ਦੇ ਤੌਰ ਤੇ ਜਾਣਿਆ ਜਾਂਦਾ ਹੈ । ਇਹ ਅਨੁਕੂਲ ਸਿਹਤ ਦੇ ਤਿੰਨ ਗੁਣਾਂ ਨੂੰ ਦਰਸ਼ਾਉਂਦਾ ਹੈ । ਇਸ ਵਿੱਚ ਇੱਕ ਇਨਸਾਨ ਦੇ ਰਹਿਣ ਦੇ ਤਿੰਨ ਖੇਤਰ ਸਰੀਰਕ,ਸਮਾਜਿਕ ਅਤੇ ਮਾਨਸਿਕ ਤੰਦਰੁਸਤੀ ਸ਼ਾਮਲ ਹਨ । ਹਰ ਖੇਤਰ ਤਿਕੋਣ ਦਾ ਇੱਕ ਪਾਸਾ ਬਣਾਉਂਦਾ ਹੈ । ਇਕੋ ਵਾਰ ਪ੍ਰਾਪਤ ਕੀਤੀ ਨਰੋਈ ਸਿਹਤ ਤਿੰਨਾਂ ਖੇਤਰਾਂ ਵਿੱਚ ਸੰਤੁਲਨ ਬਣਾ ਕੇ ਰੱਖਦਾ ਹੈ । ਵਿਸ਼ਵ ਸਿਹਤ ਸੰਗਠਨ ਨੇ 1948 ਵਿੱਚ ਪਹਿਲੀ ਵਾਰ, ਚੰਗੀ ਸਿਹਤ ਅਤੇ ਤੰਦਰੁਸਤੀ ਦੀ ਲੋੜ ਤੇ ਜ਼ੋਰ ਦਿੱਤਾ ਸੀ ।



Downloaded from https:// www.studiestoday.com

Downloaded from https:// www.studiestoday.com

ਸਰੀਰਕ ਸਿਹਤ

ਸਰੀਰਕ ਸਿਹਤ, ਸਿਹਤ ਤਿਕੋਣ ਦਾ ਮੱਹਤਵਪੂਰਨ ਭਾਗ ਹੈ। ਜਦੋਂ ਅਸੀ ਕਹਿੰਦੇ ਹਾਂ ਕਿ ਇੱਕ ਵਿਅਕਤੀ ਸਰੀਰਕ ਤੋਰ ਤੇ ਤੰਦਰੁਸਤ ਹੈ, ਅਸੀਂ ਸਮਝਦੇ ਹਾਂ ਉਹ ਵਿਅਕਤੀ ਸਿਰਫ ਬਾਹਰੀ ਤੰਦਰੁਸਤ ਨਹੀਂ ਹੈ, ਪਰ ਉਹ ਅੰਦਰੁਨੀ ਤੌਰ ਤੇ ਸਿਹਤਮੰਦ ਵੀ ਹੈ। ਉਸਦੇ ਅੰਦਰੂਨੀ ਅੰਗ ਸਿਸਟਮ ਕੁਸ਼ਲ ਕੰਮ ਕਾਜ ਦਾ ਹਵਾਲਾ ਦਿੰਦੇ ਹਨ। ਹੇਠ ਦਿੱਤੇ ਗਏ ਚਿੱਤਰ ਸਿਹਤ ਪ੍ਰਾਪਤ ਕਰਨ ਦਾ ਵਧੀਆ ਤਰੀਕਾ ਹੈ।

- ਘੰਟਾ ਰੋਜ਼ ਕਸਰਤ ਕਰੋ।
- ਕਾਰਡੀਓਵੈਸਕੂਲਰ ਕਸਰਤ ਸਮੇਤ।

- ਸੰਤੁਲਿਤ ਖੁਰਾਕ ਖਾਉ।
- ਨਾਸ਼ਤਾ ਕਦੀ ਨਾ ਛੱਡੋ।
- ਦਿਨ ਵਿੱਚ ਘੱਟੋ-ਘੱਟ ਤਿੰਨ ਵਾਰ ਜ਼ਰੂਰ ਖਾਉ।

- ਘੱਟੋ-ਘੱਟ 8 ਘੰਟੇ ਜਰੂਰ ਸੌਣਾ ਚਾਹੀਦਾ ਹੈ।
- ਸੌਣ ਦਾ ਸਮਾਂ ਫਿਕਸ ਰੱਖੋ।
- ਹਮੇਸ਼ਾ ਮੁਸਕਰਾਉਂਦੇ ਰਹੋ।



Downloaded from https:// www.studiestoday.com

Downloaded from https:// www.studiestoday.com

ਤੁਹਾਡਾ ਅਤੇ ਤੁਹਾਡੇ ਸਾਥੀ (ਭੈਣ-ਭਰਾ ਦਾ ਹੈਲਥ ਚੈੱਕਅਪ)

ਸਹੀ ਜਵਾਬ ਨੂੰ ਟਿੱਕ ✔ ਕਰੋ ਅਤੇ ਪੁਆਇੰਟ ਦਿਓ ।

	ਤੁਸੀਂ						ਭੈਣ-ਭਰਾ					
		1point		2point		3point		1point		2point		3point
ਸਾਰਾ ਦਿਨ ਊਰਜਾ ਭਰਪੂਰ (ਚੁਸਤ) ਰਹਿਣਾ	ਕਦੇ-ਕਦੇ		ਹਮੇਸ਼ਾ		ਸਦਾ		ਕਦੇ-ਕਦੇ		ਹਮੇਸ਼ਾ		ਸਦਾ	
ਸਰੀਰਕ ਕਿਰਿਆਵਾਂ (Outdoor ਖੇਡਾਂ ਖੇਡੋ, ਕਸਰਤ, ਸੈਰ ਕਰਨਾ)	ਹਫਤੇ ਵਿਚ ਦੋ ਵਾਰ		ਹਫਤੇ ਵਿਚ ਤਿੰਨ ਵਾਰ		ਹਰ ਰੋਜ		ਹਫਤੇ ਵਿਚ ਦੋ ਵਾਰ		ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਟੈਲੀਵਿਜ਼ਨ ਦੇਖਨਾ	ਦੋ ਘੰਟੇ ਤੋਂ ਵੱਧ		1 ਤੋਂ 2 ਘੰਟੇ ਵਿੱਚ		1 ਘੰਟੇ ਤੋਂ ਘੱਟ		ਦੋ ਘੰਟੇ ਤੋਂ ਵੱਧ		1 ਤੋਂ 2 ਘੰਟੇ ਵਿੱਚ		1 ਘੰਟੇ ਤੋਂ ਘੱਟ	
ਕੰਪਿਉਟਰ ਤੇ ਖੇਡਾਂ ਖੇਡਣਾ	ਹਰ ਰੋਜ		ਹਫਤੇ ਵਿਚ ਤਿੰਨ ਵਾਰ		ਹਫਤੇ ਵਿਚ ਦੋ ਵਾਰ		ਹਰ ਰੋਜ		ਹਫਤੇ ਵਿਚ ਤਿੰਨ ਵਾਰ		ਹਫਤੇ ਵਿਚ ਦੋ ਵਾਰ	
ਫੱਲ ਖਾਉ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਸਬਜੀਆਂ ਖਾਉ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਨਾਸ਼ਤਾ ਲਉ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਦੁੱਧ ਪੀਓ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਘੱਟੋ ਘੱਟ 2 ਲੀਟਰ ਪਾਣੀ ਪੀਣਾ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
8 ਘੰਟੇ ਤੋਂ ਵੱਧ ਸੌਣਾ	ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ 3 ਵਾਰ		ਹਰ ਰੋਜ		ਘੱਟੋ ਘੱਟ ਹਫਤੇ ਵਿਚ 2 ਵਾਰ		ਘੱਟੋ ਘੱਟ ਹਫਤੇ ਵਿਚ ਤਿੰਨ ਵਾਰ		ਹਰ ਰੋਜ	
ਜੋੜ												
ਕੁੱਲ ਜੋੜ												

Downloaded from https:// www.studiestoday.com

Downloaded from https:// www.studiestoday.com

ਮਾਨਸਿਕ ਸਿਹਤ

ਦਿਮਾਗੀ ਸਿਹਤ ਦਾ ਤਿਕੌਣ ਆਦਮੀ ਦੇ ਗਿਆਨ ਅਤੇ ਦੂਜਿਆ ਪ੍ਰਤੀ ਭਾਵਨਾਵਾਂ ਤੋਂ ਪਤਾ ਚਲਦਾ ਹੈ ।

ਇੱਕ ਵਿਅਕਤੀ ਮਾਨਸਿਕ ਤੌਰ ਤੇ ਤੰਦਰੁਸਤ ਤਾਂ ਹੀ ਹੋ ਸਕਦਾ ਹੈ ਜੇ ਉਹ ਹੇਠ ਲਿਖੇ ਗੁਣ ਦਰਸਾਉਂਦਾ ਹੈ–

- ਤਣਾਅ ਮੁਕਤ
- ਸੱਪਸ਼ਟ ਅਤੇ ਸਕਾਰਾਤਮਕ ਸੋਚਣ ਦੀ ਸਮੱਰਥਾ ਰੱਖਦਾ ਹੋਵੇ
- ਫੋਕਸ ਜਾਂ ਧਿਆਨ ਦੇਣ ਦੀ ਸਮੱਰਥਾ ਰੱਖਦਾ ਹੋਵੇ
- ਸਹੀ ਦਿਮਾਗ ਦਾ ਹੋਣਾ ।
- ਆਪਣੀ ਭਾਵਨਾ ਤੇ ਕਾਬੂ ਰੱਖਦਾ ਹੋਵੇ
- ਮਾਨਸਿਕ ਤਣਾਅ (Depression) ਅਤੇ ਮਾਨਸਿਕ ਵਿਕਾਰ ਤੋਂ ਮੁਕਤ ਹੋਵੇ

ਇਕ ਮਾਨਸਿਕ ਤੌਰ ਤੇ ਤੰਦਰੁਸਤ ਵਿਅਕਤੀ ਵਧੀਆ ਸਿੱਖਣ ਦੇ ਯੋਗ ਹੁੰਦਾ ਹੈ । ਸਿੱਖਣਾ, ਵਰਤਾਓ ਅਤੇ ਗਿਆਨ, ਹੁਨਰ ਦੇ ਵਿਕਾਸ ਦੀ ਕੁੰਜੀ ਹੈ ।

ਸੋਸ਼ਲ ਹੈਲਥ (ਸਮਾਜਿਕ ਸਿਹਤ)

Downloaded from https:// www.studiestoday.com

Downloaded from https:// www.studiestoday.com

ਸੋਸ਼ਲ ਹੈਲਥ ਸਮਾਜ ਵਿੱਚ ਇੱਕ ਦੂਜੇ ਨਾਲ ਰਹਿਣ ਦੀ ਯੋਗਤਾ ਹੈ । ਹਰ ਕੋਈ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਰਿਸ਼ਤੇ ਜੋੜ ਕੇ ਸੋਸ਼ਲ ਹੈਲਥ ਦਾ ਵਿਕਾਸ ਕਰ ਸਕਦਾ ਹੈ । ਹਰ ਇਕ ਦਾ ਸਮਾਜ ਵਿਚ ਬਣਾਏ ਗਏ ਨਿਯਮਾਂ ਅਧੀਨ ਰਹਿਣਾ ਅਤੇ ਰਹਿਣ ਦੇ ਢੰਗਾਂ ਨੂੰ ਅਪਣਾਉਣਾ ਵੀ ਸੋਸ਼ਲ ਹੈਲਥ ਦੁਆਰਾ ਸਿੱਖਿਆ ਜਾਂਦਾ ਹੈ । ਸੋਸ਼ਲ ਹੈਲਥ ਦਾ ਚੰਗਾ ਪੱਧਰ ਉਦੋਂ ਤੱਕ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਅਸੀਂ ਦੂਜਿਆਂ ਵੱਲ ਧਿਆਨ ਦੇ ਕੇ ਉਨ੍ਹਾਂ ਦੀਆਂ ਲੋੜ੍ਹਾਂ ਤੇ ਉਨ੍ਹਾਂ ਨਾਲ ਹਮਦਰਦੀ ਭਰਿਆ ਵਰਤਾਓ ਨਹੀਂ ਕਰਾਂਗੇ ।

ਸਿਹਤ ਤਿਕੌਣ (Health Triangle) ਦੀ ਮਹੱਤਤਾ ਦੇ ਪਿੱਛੇ ਸਮੁੱਚਾ ਵਿਚਾਰ ਉਸ ਦੀਆਂ ਤਿੰਨੇਂ ਭੁਜਾਵਾਂ ਨੂੰ ਸਮਾਨ ਰੂਪ ਵਿੱਚ ਰੱਖਣਾ ਹੁੰਦਾ ਹੈ । ਜੇਕਰ ਇਨ੍ਹਾਂ ਭੁਜਾਵਾਂ ਵਿਚੋਂ ਕੋਈ ਇੱਕ ਭੁਜਾ ਇੱਧਰ-ਉੱਧਰ ਹੋ ਜਾਵੇ ਤਾਂ ਬਾਕੀ ਦੋ ਭੁਜਾਵਾਂ ਦਾ ਖੇਤਰ ਵੀ ਹਿੱਲ ਜਾਵੇਗਾ । ਸਰੀਰਕ ਭੁਜਾ (Physical Side) ਬਾਕੀ ਦੋ ਭੁਜਾਵਾਂ ਦੇ ਆਧਾਰ ਦਾ ਕੰਮ ਕਰਦੀ ਹੈ । ਮਤਲਬ ਦੋਵੇਂ ਮਾਨਸਿਕ ਅਤੇ ਸਮਾਜਿਕ ਸਿਹਤ ਦਾ ਮਾੜਾ ਅਸਰ ਹੋਵੇਗਾ ਜੇਕਰ ਸਰੀਰ ਬੀਮਾਰ ਜਾਂ ਕਮਜ਼ੋਰ ਹੋਵੇ ।

ਸਰੀਰਕ ਕਿਰਿਆ ਅਤੇ ਖੇਡਾਂ ਸਰੀਰਕ ਸਿਹਤ ਅਤੇ ਉਸਦੇ ਨਾਲ ਸਿੱਧੇ ਤੌਰ ਤੇ ਸਮਾਜਿਕ ਸਿਹਤ, ਮਾਨਸਿਕ ਸਿਹਤ ਨੂੰ ਬਣਾਉਣ ਦਾ ਪੂਰਾ ਮੌਕਾ ਦਿੰਦੀ ਹੈ । ਟੀਮ ਰੂਪ ਵਿੱਚ ਖੇਡਣ ਨਾਲ ਇਕ ਵਿਅਕਤੀ ਦਾ ਦੂਜੇ ਵਿਅਕਤੀ ਨਾਲ ਸੰਪਰਕ ਵਿਚ ਆਉਣਾ ਉਮਰ, ਲਿੰਗ ਆਦਿ ਇਨ੍ਹਾਂ ਸਾਰਿਆਂ ਬਾਰੇ ਸਿੱਖਦਾ ਹੈ ।



Downloaded from https:// www.studiestoday.com

Downloaded from https:// www.studiestoday.com

ਸਿਹਤ ਵਿਗਿਆਨ

ਸਿਹਤ ਵਿਗਿਆਨ ਆਪਣੇ ਤੇ ਆਪਣੇ ਆਲੇ-ਦੁਆਲੇ ਦੀ ਸਫਾਈ ਅਤੇ ਬੀਮਾਰੀਆਂ ਤੋਂ ਬਚਣ ਦਾ ਅਭਿਆਸ ਹੈ । ਚੰਗੀ ਨਿੱਜੀ ਸਫਾਈ ਦਾ ਮਤਲਬ ਆਪਣੀ ਦੇਖਭਾਲ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਅਗਵਾਈ ਕਰਨਾ ਹੈ । ਚੰਗੀ ਸਰੀਰਕ ਸਫਾਈ ਚੰਗੀ ਸਿਹਤ ਦਾ ਪਹਿਲਾ ਕਦਮ ਹੈ । ਇਹ ਨਾਂ ਕੇਵਲ ਤੁਹਾਨੂੰ ਮਾੜੀ ਸਿਹਤ ਤੋਂ ਬਚਾਉਂਦੀ ਹੈ ਬਲਕਿ ਆਲੇ ਦੁਆਲੇ ਦੀ ਗੰਦਗੀ ਤੋਂ ਵੀ ਬਚਾਉਂਦੀ ਹੈ, ਹੱਥ ਧੋਣਾ, ਨਹਾਉਣਾਂ, ਬੁਰਸ ਕਰਨਾ ਆਦਿ ਨਾਲ ਭਾਵੇਂ ਬੋਰਿੰਗ ਮਹਿਸੂਸ ਕੀਤਾ ਜਾਂਦਾ ਹੈ ਪਰੰਤੂ ਇਹ ਸਭ ਸਿਹਤ ਵਿਗਿਆਨ ਲਈ ਮਹੱਤਵਪੂਰਨ ਹਨ ।

ਇਸਦੇ ਨਾਲ ਅਸੀਂ ਚੰਗਾ ਮਹਿਸੂਸ ਕਰਦੇ ਹਾਂ ਇਸ ਨਾਲ ਅਸੀਂ ਬੈਕਟੀਰੀਆ, ਵਾਇਰਸ ਅਤੇ ਬੀਮਾਰੀ ਤੋਂ ਦੂਰ ਰਹਿੰਦੇ ਹਾਂ । ਆਪਣੀ ਸਿਹਤ ਦੀ ਸੰਭਾਲ ਲਈ ਸਾਨੂੰ ਆਪਣਾ ਸਰੀਰ, ਵਾਲ, ਮੂੰਹ ਅਤੇ ਦੰਦਾਂ ਆਦਿ ਨਿਯਮਿਤ ਰੂਪ ਵਿੱਚ ਸਾਫ ਰੱਖਣੇ ਚਾਹੀਦੇ ਹਨ ਅਤੇ ਸਾਨੂੰ ਸਾਫ ਕੱਪੜੇ ਪਹਿਨਣੇ ਚਾਹੀਦੇ ਹਨ ।

ਸਿਹਤ ਵਿਗਿਆਨ ਅਤੇ ਸਫਾਈ ਸੰਬੰਧੀ ਕੁੱਝ ਨਿਯਮ ਹੇਠ ਲਿਖੇ ਅਨੁਸਾਰ ਹਨ -

- ਹਰ ਰੋਜ਼ ਨਹਾਉ ।
- ਸਾਬਣ ਅਤੇ ਪਾਣੀ ਨਾਲ ਖਾਣਾ ਖਾਣ ਤੋਂ ਪਹਿਲਾਂ ਅਤੇ ਖਾਣਾ ਖਾਣ ਤੋਂ ਬਾਅਦ ਹੱਥ ਧੋਵੋ ।
- ਜਦੋਂ ਤੁਸੀਂ ਖੇਡਕੇ ਵਾਪਿਸ ਆਉਂਦੇ ਹੋ ਤਾਂ ਹਮੇਸ਼ਾ ਆਪਣੇ ਹੱਥ, ਮੂੰਹ ਅਤੇ ਪੈਰ ਧੋਵੋ ।
- ਆਪਣੇ ਕੱਪੜੇ ਲਗਾਤਾਰ ਬਦਲਦੇ ਰਹੋ ।
- ਵਾਲ ਲਗਾਤਾਰ ਧੋਵੋ ਅਤੇ ਵਾਹੋ ।
- ਹੱਥ ਅਤੇ ਪੈਰਾਂ ਦੇ ਨਹੁੰ ਲਗਾਤਾਰ ਕੱਟਦੇ ਰਹੋ ।
- ਲਗਾਤਾਰ ਆਪਣੇ ਅੰਦਰ ਦੇ ਅਤੇ ਬਾਹਰ ਦੇ ਕੱਪੜੇ ਬਦਲੋ ।
- ਸੌਣ ਤੋਂ ਪਹਿਲਾਂ ਆਪਣੇ ਪੈਰ ਧੋਵੋ ।
- ਫ਼ਲ ਅਤੇ ਸਬਜ਼ੀਆ ਬਿਨਾਂ ਧੋਤੇ ਨਾ ਖਾਓ
- ਆਪਣੇ ਦਿਨ ਦੇ ਪਾਏ ਹੋਏ ਕਪੜਿਆਂ ਨਾਲ ਨਾ ਸੋਵੋ ।
- ਆਪਣੇ ਕੋਲ ਹਮੇਸ਼ਾ ਰੁਮਾਲ ਰੱਖੋ ।

ਅਗਲੇ ਪੰਨੇ ਤੇ ਸਾਰਣੀ ਅਨੁਸਾਰ ਤੁਸੀਂ ਸਿਹਤ ਵਿਗਿਆਨ ਅਤੇ ਸਫਾਈ ਸੰਬੰਧੀ ਕੁੱਝ ਨਿਯਮ ਸਿਖੋਗੇ ਅਤੇ ਉਹਨਾਂ ਦੇ ਕਾਰਨਾਂ ਦੀ ਪ੍ਰਸ਼ੰਸਾ ਕਰੋਗੇ ਜੇਕਰ ਤੁਸੀਂ ਉਨ੍ਹਾਂ ਨਿਯਮਾਂ ਨੂੰ ਲਾਗੂ ਰੱਖੋਗੇ ਤਾਂ ਤੁਸੀਂ ਸਿਹਤਮੰਦ ਅਤੇ ਲੰਬੀ ਉਮਰ ਵਾਲੇ ਇਨਸਾਨ ਬਣੋਗੇ ।

Downloaded from https:// www.studiestoday.com

Downloaded from https:// www.studiestoday.com

ਸਫਾਈ ਦੇ ਕੁੱਝ ਨਿਯਮ

	ਕਿਉਂ ?
1. ਤੁਹਾਨੂੰ ਹਰ ਰੋਜ਼ ਨਹਾਉਣਾ ਚਾਹੀਦਾ ਹੈ ।	ਸਾਡੀ ਚਮੜੀ 'ਤੇ ਛੋਟੇ - ਛੋਟੇ ਛੇਦ ਹੁੰਦੇ ਹਨ ਇਨ੍ਹਾਂ ਦੁਆਰਾ ਫਾਲਤੂ ਪਦਾਰਥ ਬਾਹਰ ਨਿਕਲਦੇ ਹਨ । ਧੂੜ, ਕਣ, ਚਮੜੀ ਤੇ ਇਕੱਠੇ ਹੋ ਕੇ ਕੀਟਾਣੂ ਪੈਦਾ ਕਰਦੇ ਹਨ ਤੇ ਛੇਦ ਬੰਦ ਕਰ ਦਿੰਦੇ ਹਨ । ਇਸ ਲਈ ਸਾਨੂੰ ਹਰ ਰੋਜ਼ ਨਹਾਉਣਾ ਚਾਹੀਦਾ ਹੈ । ਚਮੜੀ ਨੂੰ ਸਾਫ਼-ਸੁੱਥਰਾ ਰੱਖਣਾ ਚਾਹੀਦਾ ਹੈ ।
2. ਤੁਹਾਨੂੰ ਆਪਣੇ ਨਹੁੰ ਕੱਟਣੇ ਚਾਹੀਦੇ ਹਨ ਅਤੇ ਸਾਫ਼ ਰੱਖਣੇ ਚਾਹੀਦੇ ਹਨ ।	ਜੇਕਰ ਅਸੀ ਆਪਣੇ ਨੰਹੂ ਨਿਯਮਿਤ ਰੂਪ ਵਿਚ ਨਹੀਂ ਕਟਾਂਗੇ ਤੇ ਇਹਨਾਂ ਵਿਚ ਮੈਲ ਜੰਮ ਜਾਵੇਗੀ । ਲੰਬੇ ਨੰਹੂ ਖੇਡਣ ਸਮੇਂ ਦੂਜੇ ਨੂੰ ਚੋਟ ਪਹੁੰਚਾ ਸਕਦੇ ਹਨ
3. ਤੁਹਾਨੂੰ ਸਰੀਰਕ ਕਿਰਿਆ ਕਰਨ ਤੋਂ ਬਾਅਦ ਹਲਕਾ ਜਿਹਾ ਨਹਾ ਲੈਣਾ ਚਾਹੀਦਾ ਹੈ ।	ਸਰੀਰ ਉੱਤੇ ਆਉਣ ਵਾਲਾ ਪਸੀਨਾ ਚਮੜੀ ਤੇ ਨਹੀ ਰੁਕਣਾ ਚਾਹੀਦਾ । ਚਮੜੀ ਉੱਤੇ ਸੁਰਾਖ ਹਮੇਸ਼ਾ ਖੁਲ੍ਹੇ ਅਤੇ ਸਾਫ ਹੋਣੇ ਚਾਹੀਦੇ ਹਨ । ਚੰਗੀ ਸਿਹਤ ਲਈ ਹਰ ਰੋਜ਼ ਨਹਾਉਣਾ ਚਾਹੀਦਾ ਹੈ ।
4. ਤੁਹਾਨੂੰ ਆਰਾਮ ਕਰਨ ਤੋਂ ਪਹਿਲਾਂ ਆਪਣੇ ਹੱਥ ਧੋ ਲੈਣੇ ਚਾਹੀਦੇ ਹਨ।	ਤੁਹਾਨੂੰ ਆਪਣੇ ਹੱਥਾਂ ਨੂੰ ਹਮੇਸ਼ਾ ਧੋਣਾ ਚਾਹੀਦਾ ਹੈ ਤਾਂ ਕਿ ਉਂਨਾਂ ਤੇ ਕੀਟਾਣੂ ਨਾ ਹੋਣ ਜਿਹੜੇ ਕਿ ਦੂਜੀਆਂ ਬੀਮਾਰੀ ਨਾ ਲਾ ਦੇਣ ।
5. ਤੁਹਾਨੂੰ ਆਪਣੇ ਦੰਦਾਂ ਤੇ ਦੋ ਵਾਰ ਬਰਸ਼ ਕਰਨਾ ਚਾਹੀਦਾ ਹੈ । ਅਤੇ ਮਿੱਠਾ ਖਾਣ ਉਪਰੰਤ ਵੀ ।	ਦਿਨ ਵਿਚ 2 ਵਾਰ ਦੰਦ ਸਾਫ ਕਰੋ ਤਾਂ ਕਿ ਬੈਕਟੀਰੀਆ ਤੁਹਾਡੇ ਦੰਦਾਂ ਅਤੇ ਮੂੰਹ ਅੰਦਰ ਨਾ ਰਹਿ ਜਾਏ ।ਜੇਕਰ 24 ਘੰਟੇ ਦੌਰਾਨ ਬੈਕਟੀਰੀਆ ਚੈੱਕ ਨਾ ਹੋ ਸਕੇ ਤਾਂ ਇਹ ਤੁਹਾਡੇ ਦੰਦਾਂ ਦਾ ਨੁਕਸਾਨ ਕਰੇਗਾ । ਜੋ ਕਿ ਸਿਹਤ ਲਈ ਹਾਨੀਕਾਰਕ ਹੈ ।
6. ਛਿੱਕਣ ਜਾਂ ਖੰਘਣ ਤੋਂ ਪਹਿਲਾਂ ਮੂੰਹ ਜਾਂ ਨੱਕ ਨੂੰ ਰੁਮਾਲ ਨਾਲ ਢੱਕ ਲੈਣਾ ਚਾਹੀਦਾ ਹੈ ।	ਜੇ ਕੋਈ ਵਿਅਕਤੀ ਰੁਮਾਲ ਰੱਖੇ ਬਿਨ੍ਹਾਂ ਛਿੱਕਦਾ ਹੈ ਜਾਂ ਖੰਘਦਾ ਹੈ ਤਾਂ ਉਹ ਦੂਜੇ ਫੁੱਟਾਂ (feet) ਦੀ ਦੂਰੀ ਤੇ ਬੈਠੇ ਲੋਕਾਂ ਤੇ ਬੈਕਟੀਰੀਆ ਛੱਡੇਗਾ ।
7. ਤੁਹਾਨੂੰ ਕਿਸੇ ਨਾਲ ਆਪਣੀ ਨਿੱਜੀ ਵਸਤਾਂ ਜਿਵੇਂ ਕਿ ਦੰਦਾਂ ਦਾ ਬਰਸ਼, ਕੰਘੀ, ਤੋਲੀਆ, ਟੀ-ਸ਼ਰਟ ਅਤੇ ਜੁਰਾਬਾਂ ਆਦਿ ਬਦਲਣੀਆਂ ਨਹੀਂ ਚਾਹੀਦੀ ।	ਆਪਣਾ ਕੰਘਾ/ਵਾਲਾਂ ਵਾਲਾ ਬੁਰਸ਼ ਆਪਣੇ ਪਰਿਵਾਰ ਅਤੇ ਕਿਸੇ ਨਾਲ ਵੀ ਸਾਂਝਾ ਨਾ ਕਰੋ । ਜੂੰਆਂ ਇੱਕ ਸਿਰ ਤੋਂ ਦੂਜੇ ਸਿਰ ਤੱਕ ਆਸਾਨੀ ਨਾਲ ਫੈਲ ਜਾਂਦੀਆਂ ਹਨ । ਨਾ ਹੀ ਕਿਸੇ ਦਾ ਤੌਲੀਆ, ਜੁਰਾਬਾਂ ਅਤੇ ਅੰਡਰ-ਗਾਰਮੈਂਟਸ ਵਰਤੋਂ ਕਿਉਂਕਿ ਇਸ ਨਾਲ ਛੂਤ ਦੇ ਰੋਗ ਫੈਲ ਜਾਂਦੇ ਹਨ ।
8. ਤੁਹਾਨੂੰ ਆਪਣੇ ਨਹੁੰ ਦੰਦਾਂ ਨਾਲ ਨਹੀਂ ਕੱਟਣੇ ਚਾਹੀਦੇ, ਨੱਕ ਵਿੱਚ ਉਂਗਲ ਨਹੀਂ ਮਾਰਨੀ ਚਾਹੀਦੀ ਅਤੇ ਸਿਰ ਨੂੰ ਨਾ ਖੁਰਚੋ ।	ਆਪਣੇ ਨਹੁੰਆਂ ਨੂੰ ਨੱਕ ਵਿੱਚ ਨਾ ਮਾਰੋ ਅਤੇ ਸਿਰ ਵਿਚ ਨਾ ਖੁਜਾਉ ।ਇਸ ਨਾਲ ਕੀਟਾਣੂ ਅਤੇ ਬੈਕਟੀਰੀਆ ਫੈਲਦੇ ਹਨ ਜਿਹੜੇ ਕਿ ਤੁਹਾਨੂੰ ਬੀਮਾਰ ਕਰਦੇ ਹਨ ।

Downloaded from https:// www.studiestoday.com

Downloaded from https:// www.studiestoday.com

ਨਿੱਜੀ ਸਿਹਤ ਵਿਗਿਆਨ -1

ਨਿੱਜੀ ਸਿਹਤ ਵਿਗਿਆਨ ਸਫ਼ਾਈ , ਸਰੀਰ ਦਾ ਧਿਆਨ ਰੱਖਣਾ ਆਦਿ ਮੂਲ ਧਾਰਣਾ ਹੈ ਜਦ ਕਿ ਇਹ ਸਾਡੇ ਸਰੀਰ ਦਾ ਰੋਜ਼ਾਨਾ ਜ਼ਿੰਦਗੀ ਵਿੱਚ ਮਹੱਤਵਪੂਰਨ ਭਾਗ ਹੈ ।

ਸਿਹਤ ਵਿਗਿਆਨ

ਕੰਘੀ ਕਰਨਾ, ਵਾਲਾਂ ਨੂੰ ਚਮਕਾਉਣਾ, ਦੰਦਾਂ ਨੂੰ ਸਾਫ ਕਰਨਾ ਹੀ ਨਹੀਂ ਹੈ ।

ਕੁੱਝ ਮਹੱਤਵਪੂਰਨ ਧਾਰਨਾਵਾਂ:–

ਵਾਲ : - ਵਾਲਾਂ ਨੂੰ ਹਰ ਰੋਜ਼ ਜਾਂ ਇੱਕ ਦਿਨ ਛੱਡ ਕੇ ਸਾਫ ਕਰਨਾ ਚਾਹੀਦਾ ਲੱਗਿਆਂ ਰਗੜਨਾ ਨਹੀਂ ਚਾਹੀਦਾ । ਇੰਝ ਕਰਨ ਨਾਲ ਵਾਲਾਂ ਤੋਂ ਤੇਲ ਨਹੀਂ ਨ ਤੇ ਅਸਰ ਪੈਂਦਾ ਹੈ ਜਾਂ ਵਾਲ ਟੁੱਟਦੇ ਹਨ ।

ਸਰੀਰਕ ਦੁਰਗੰਧ:- ਪਸੀਨਾ , ਪਸੀਨੇ ਵਾਲੀਆਂ ਗ੍ਰੰਥੀਆਂ ਵਿਚੋਂ ਨਿਕਲਦਾ ਹੈ । ਪ੍ਰੌੜ ਅਵਸਥਾ ਵਿੱਚ ਇਹ ਪਸੀਨੇ ਦੇ ਨਾਲ -ਨਾਲ ਕੁੱਝ ਹੋਰ ਤਰ੍ਹਾਂ ਦੀ ਰਸਾਇਣਕ ਗੰਧ ਵੀ ਪਸੀਨੇ ਦੇ ਰੂਪ ਵਿਚ ਬਾਹਰ ਨਿਕਲਦੇ ਹਨ । ਇਸ ਦੀ ਸਫਾਈ ਦਾ ਸਭ ਤੋਂ ਵਧੀਆ ਤਰੀਕਾ ਨਹਾ ਲੈਣਾ ਚਾਹੀਦਾ ਹੈ ।

ਦੰਦ - ਗੰਦੀ ਦੁਰਗੰਧ (Myths)

Myths 1- ਮਾਊਥ ਵਾਸ਼ ਨਾਲ ਗੰਦੀ ਦੁਰਗੰਧ ਦੂਰ ਹੁੰਦੀ ਹੈ ।

ਮਾਊਥ ਵਾਸ਼ ਨਾਲ ਗੰਦੀ ਦੁਰਗੰਧ ਕੱਚੇ ਤੌਰ ਤੇ ਦੂਰ ਹੁੰਦੀ ਹੈ। ਜਿਉਂ ਹੀ ਤੁਸੀ ਬੁਰਸ਼ ਕਰੋਗੇ ਤੁਹਾਡੇ ਦੰਦਾਂ ਵਿਚੋਂ ਬਦਬੂ ਆਪਣੇ ਆਪ ਚਲੀ ਜਾਵੇਗੀ । ਦੰਦਾਂ ਉੱਤੇ ਜਮੇ ਬੈਕਟੀਰੀਆ ਨੂੰ ਦੂਰ ਕਰਨ ਲਈ ਘੱਟੋ-ਘੱਟ 2 ਮਿੰਟ ਬਰਸ਼ ਕਰੋ ।

Myths 2 - ਜਿੰਨਾਂ ਲੰਬਾ ਸਮਾਂ ਤੁਸੀਂ ਬੁਰਸ ਕਰੋਗੇ ਤੁਹਾਡੇ ਸਾਹ ਵਿੱਚੋਂ ਗੰਦੀ ਬਦਬੂ ਨਹੀਂ ਆਵੇਗੀ ।

ਆਪਣੇ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨ ਲਈ ਕਿਸੇ ਵੀ ਵਿਅਕਤੀ ਨੂੰ 2 ਮਿੰਟ ਅਤੇ 2 ਵਾਰ ਦਿਨ ਵਿੱਚ ਬੁਰਸ ਕਰਨਾ ਚਾਹੀਦਾ ਹੈ । ਜੀਭ ਸਾਫ਼ ਕਰਨਾ ਵੀ ਜਰੂਰੀ ਹੈ ਕਿਓਂਕਿ ਬੈਕਟੀਰੀਆ ਜੀਭ ਤੇ ਚਿੰਬੜ ਜਾਂਦੇ ਹਨ । ਕੁਰਲਾ ਨੁਕਸਾਨਦਾਇਕ ਰੇਸ਼ੇ ਅਤੇ ਖਾਣੇ ਦੇ ਤੱਤਾਂ ਨੂੰ ਜੋ ਦੰਦਾਂ ਵਿੱਚ ਫਸੇ ਹੁੰਦੇ ਹਨ ਕੱਢਣ ਵਿੱਚ ਮਦਦਕਰਦਾ ਹੈ ।

Myths 3 - ਜੇਕਰ ਤੁਸੀ ਆਪਣੇ ਹੱਥ ਤੇ ਸਾਹ ਲਓ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਗੰਦਾ ਸਾਹ ਬਾਹਰ ਕੱਢਿਆ ਹੈ ।

ਜਦੋਂ ਤੁਸੀ ਸਾਹ ਲੈਂਦੇ ਹੋ, ਤੁਸੀਂ ਗਲੇ ਨੂੰ ਉਂਝ ਨਹੀਂ ਵਰਤਦੇ ਜਿੰਝ ਤੁਸੀਂ ਗੱਲ ਕਰਨ ਲਈ ਵਰਤਦੇ ਹੋ । ਗੱਲ ਕਰਨ ਸਮੇਂ ਤੁਸੀਂ ਅੰਦਰੋਂ ਦੁਰਗੰਧ ਬਾਹਰ ਕੱਢਦੇ ਹੋ ਜਿੱਥੋਂ ਕਿ ਗੰਦੀ ਹਵਾ ਨਿਕਲਣੀ ਸ਼ੁਰੂ ਹੁੰਦੀ ਹੈ ।

ਤੰਦਰੁਸਤ ਚਮੜੀ

ਸਾਬਣ ਅਤੇ ਪਾਣੀ ਚਮੜੀ ਨੂੰ ਸਾਫ ਕਰਨ ਲਈ ਬਹੁਤ ਜਰੂਰੀ ਹਨ । ਦਿਨ ਵਿਚ ਇੱਕ ਜਾਂ ਦੋ ਵਾਰ ਨਹਾ ਲੈਣਾ ਜਰੂਰੀ ਹੈ । ਖਾਸ ਕਰਕੇ ਭਾਰਤ ਜਿਹੇ ਦੇਸ਼ਾਂ ਵਿੱਚ । ਹਮੇਸ਼ਾ ਸਰੀਰਕ ਕਿਰਿਆ ਜਾਂ ਖੇਡਣ ਤੋਂ ਬਾਅਦ ਨਹਾ ਲੈਣਾ ਚਾਹੀਦਾ ਹੈ ।

Downloaded from https:// www.studiestoday.com

Downloaded from https:// www.studiestoday.com

ਨਿੱਜੀ ਸਿਹਤ ਵਿਗਿਆਨ -2

Healthy hygiene practices

ਤੁਹਾਨੂੰ ਆਪਣੇ ਨਹੁੰ ਕੱਟਣੇ ਚਾਹੀਦੇ ਹਨ ਅਤੇ ਸਾਫ਼ ਰੱਖਣੇ ਚਾਹੀਦੇ ਹਨ

ਜੇਕਰ ਤੁਸੀਂ ਆਪਣੇ ਨਹੁੰ ਲਗਾਤਾਰ ਨਹੀਂ ਕਟੋਗੇ ਤਾਂ ਉਨ੍ਹਾਂ ਵਿਚ ਮੈਲ ਜੰਮ ਜਾਵੇਗੀ ।ਇਸ ਨਾਲ ਜਰਮ ਪੈਦਾ ਹੋ ਜਾਣਗੇ । ਲੰਬੇ ਨਹੁੰਆਂ ਨਾਲ ਦੂਜਿਆਂ ਨਾਲ ਖੇਡਣ ਸਮੇਂ ਨਹੁੰ ਲੱਗ ਸਕਦੇ ਹਨ ।

ਤੁਹਾਨੂੰ ਕਿਸੇ ਨਾਲ ਆਪਣੀ ਨਿੱਜੀ ਵਸਤਾਂ ਜਿਵੇਂ ਕਿ ਦੰਦਾਂ ਦਾ ਬੁਰਸ਼, ਕੰਘੀ, ਤੌਲੀਆ, ਟੀ-ਸ਼ਰਟ ਅਤੇ ਜੁਰਾਬਾਂ ਆਦਿ ਬਦਲਣੀਆਂ ਨਹੀਂ ਚਾਹੀਦੀਆਂ ।

ਆਪਣਾ ਕੰਘਾਂ/ਵਾਲਾਂ ਵਾਲਾ ਬੁਰਸ਼ ਆਪਣੇ ਪਰਿਵਾਰ ਅਤੇ ਕਿਸੇ ਨਾਲ ਵੀ ਸਾਂਝਾ ਨਾ ਕਰੋ । ਜੂੰਆਂ ਇੱਕ ਸਿਰ ਤੋਂ ਦੂਜੇ ਸਿਰ ਤੱਕ ਆਸਾਨੀ ਨਾਲ ਫੈਲ ਜਾਂਦੀਆਂ ਹਨ । ਨਾ ਹੀ ਕਿਸੇ ਦਾ ਤੌਲੀਆ, ਜੁਰਾਬਾਂ ਅਤੇ ਅੰਡਰ-ਗਾਰਮੈਂਟਸ ਵਰਤੋਂ ਕਿਉਂਕਿ ਇਸ ਨਾਲ ਛੂਤ ਦੇ ਰੋਗ ਫੈਲ ਜਾਂਦੇ ਹਨ ।

ਤੁਹਾਨੂੰ ਆਪਣੇ ਨਹੁੰ ਦੰਦਾਂ ਨਾਲ ਨਹੀਂ ਕੱਟਣੇ ਚਾਹੀਦੇ, ਨੱਕ ਵਿਚ ਉਂਗਲ ਨਹੀਂ ਮਾਰਨੀ ਚਾਹੀਦੀ ਅਤੇ ਸਿਰ ਨੂੰ ਨਾ ਖੁਰਚੋ ।

ਆਪਣੇ ਨਹੁੰਆਂ ਨੂੰ ਨੱਕ ਵਿਚ ਨਾ ਮਾਰੋ ਅਤੇ ਸਿਰ ਵਿਚ ਨਾ ਖੁਜਾਓ ।ਇਸ ਨਾਲ ਕੀਟਾਣੂ ਅਤੇ ਬੈਕਟੀਰੀਆ ਫੈਲਦੇ ਹਨ ਜਿਹੜੇ ਕਿ ਤੁਹਾਨੂੰ ਬੀਮਾਰ ਕਰਦੇ ਹਨ ।

ਹੱਥ ਧੋਣਾ (Hand Washing)

ਚੰਗੀ ਤਰ੍ਹਾਂ ਹੱਥ ਧੋਣਾ ਇਕ ਬਹੁਤ ਵਧੀਆ ਤਰੀਕਾ ਹੈ ਬੀਮਾਰੀਆਂ ਤੋਂ ਬੱਚਣ ਦਾ ਜਿਵੇਂ ਸਾਦੇ ਜੁਕਾਮ ਤੋਂ ਲੈ ਕੇ ਖਤਰਨਾਕ ਬੀਮਾਰੀ ਸਵਾਇਨ ਫਲੂ, ਹੈਪਾਟਾਈਟ, ਡਾਈਰੀਆ, ਬਰੋਨਚੀਟੀ ਆਦਿ । ਆਪਣੇ ਹੱਥ ਚੰਗੀ ਤਰ੍ਹਾਂ ਧੋਵੋ ਖਾਸ ਕਰਕੇ ਉਂਗਲਾਂ ਦੇ ਵਿੱਚ ਅਤੇ ਨਹੁੰਆਂ ਦੇ ਆਸ ਪਾਸ ਤੋਂ ।

ਹੱਥ ਧੋਣੇ:-

- ਜਦੋਂ ਤੁਸੀਂ ਬਾਹਰ ਤੋਂ ਘਰ ਆਉਂਦੇ ਹੋ ।
- ਖਾਣ ਤੋਂ ਪਹਿਲਾਂ ਅਤੇ ਬਾਅਦ ਵਿਚ ।
- ਆਰਾਮ ਕਰਨ ਤੋਂ ਬਾਅਦ ।

ਹਵਾ ਵਿਚ ਪੈਦਾ ਹੋਏ ਛੂਤ ਰੋਗ:

ਖੰਘ ਕਰਦੇ ਸਮੇਂ ਅਤੇ ਛਿੱਕ ਮਾਰਦੇ ਸਮੇਂ ਆਪਣਾ ਮੂੰਹ ਅਤੇ ਨੱਕ ਢੱਕ ਕੇ ਰੱਖੋ ।
ਇਸ ਲਈ ਟਿਸ਼ੂ ਪੇਪਰ ਵੀ ਵਰਤ ਸਕਦੇ ਹੋ । ਇਸ ਨੂੰ ਵਰਤ ਕੇ ਕੂੜੇਦਾਨ ਵਿਚ ਸੁੱਟ ਦਿਓ ।
ਆਪਣੇ ਨਾਲ ਵਰਤਿਆ ਗਿਆ ਟਿਸ਼ੂ ਪੇਪਰ ਨਾਲ ਨਾ ਰੱਖੋ । ਦਰਵਾਜ਼ਿਆਂ ਦੇ ਹੈਂਡਲ ਅਤੇ ਰਿਮੋਟ ਕੰਟਰੋਲ ਨੂੰ ਸਾਫ ਕਰਨ ਲਈ ਸਾਧਾਰਨ ਕਲੀਨਿੰਗ ਪ੍ਰੋਡਕਟ ਵਰਤੋਂ ।

Downloaded from https:// www.studiestoday.com

Downloaded from https:// www.studiestoday.com

ਦੰਦਾਂ ਦੀ ਸਫਾਈ

ਆਪਣੇ ਦੰਦਾਂ ਦੀ ਸਫਾਈ ਰੱਖਣਾ ਬਹੁਤ ਜ਼ਰੂਰੀ ਹੈ। ਜਦੋਂ ਤੁਹਾਡੇ ਪੱਕੇ ਤੌਰ ਤੇ ਦੰਦ ਆ ਜਾਂਦੇ ਹਨ ਤਾਂ ਤੁਹਾਨੂੰ ਉਹ ਦੰਦ ਸਾਰੀ ਉਮਰ ਸੰਭਾਲ ਕੇ ਰੱਖਣੇ ਹੁੰਦੇ ਹਨ।

- ਦੰਦਾਂ ਨੂੰ ਭੋਜਨ ਕਰਨ ਉਪਰੰਤ ਸਾਫ ਕਰਨੇ ਚਾਹੀਦੇ ਹਨ ਜਾਂ ਘੱਟੋ-ਘੱਟ ਦਿਨ ਵਿਚ ਦੋ ਵਾਰ ਜਰੂਰ ਸਾਫ ਕਰੋ।
- ਸਾਨੂੰ ਰਾਤ ਨੂੰ ਦੰਦ ਸਾਫ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਵੇਰੇ ਵੀ ਸਾਫ ਕਰਨੇ ਚਾਹੀਦੇ ਹਨ
- ਬਰਸ਼ ਖਰਾਬ ਹੋਣ ਦੀ ਸੂਰਤ ਵਿਚ ਬਦਲ ਲੈਣਾ ਚਾਹੀਦਾ ਹੈ।
- ਸਾਨੂੰ ਦੰਦਾਂ ਦੇ ਮਾਹਿਰ ਕੋਲ ਸਾਲ ਵਿਚ ਇੱਕ ਵਾਰ ਦੰਦਾਂ ਦੇ ਚੈਕ ਅੱਪ ਲਈ ਜਰੂਰ ਜਾਣਾ ਚਾਹੀਦਾ ਹੈ।

ਬਰਸ਼ ਕਰਨ ਦਾ ਤਰੀਕਾ:-

1. ਬਰੁਸ਼ ਨੂੰ ਦੰਦਾਂ ਦੇ ਸਾਹਮਣੇ ਰੱਖ ਕੇ ਉੱਪਰ ਤੋਂ ਥੱਲੇ ਮਾਰੋ।



2. ਦੰਦਾਂ ਦੇ ਬਾਹਰ ਤੇ ਅੰਦਰ ਬਰੁਸ਼ ਮਾਰੋ ਬਰਸ਼ ਨੂੰ ਉੱਪਰ ਤੇ ਥੱਲੇ ਘੁੰਮਾਉਂਦੇ ਰਹੋ।



3. ਮੁੰਹਰਲੇ ਦੰਦਾਂ ਦਾ ਅੰਦਰਲਾ ਪਾਸਾ ਸਾਫ ਕਰੋ।



4. ਆਪਣੇ ਦੰਦਾਂ ਨੂੰ ਸਾਫ ਕਰਨ ਉਪਰੰਤ ਜੀਭ ਤੋਂ ਬੈਕਟੀਰੀਆ ਦੂਰ ਕਰਨ ਲਈ ਜੀਭ ਸਾਫ ਕਰੋ।



Downloaded from https:// www.studiestoday.com

Downloaded from https:// www.studiestoday.com

ਅੱਖਾਂ ਦੀ ਸੰਭਾਲ

ਅੱਖਾਂ ਦੀਆਂ ਆਮ ਸੱਮਸਿਆਵਾਂ ਸੰਬੰਧੀ

- ਜੇਕਰ ਤੁਹਾਡੀਆਂ ਅੱਖਾਂ ਲਾਲ ਹਨ, ਉਨ੍ਹਾਂ ਵਿੱਚ ਦਰਦ ਹੈ ਜੋ ਕਿ ਛੇਤੀ ਨਹੀਂ ਜਾਂਦਾ ਤਾਂ ਇਸ ਸਮੇਂ ਆਪਣੀਆਂ ਅੱਖਾਂ ਚੈਕ ਕਰਾਉਣੀਆਂ ਚਾਹੀਦੀਆ ਹਨ ।
- ਜੇਕਰ ਤੁਹਾਡੀ ਅੱਖ ਵਿੱਚ ਰੇਤਾ, ਧੂੜ-ਕਣ ਜਾਂ ਲੋਹੇ ਦਾ ਬਾਰੀਕ ਕਣ ਚਲੇ ਗਏ ਹੋਵੇ ਤਾਂ ਅੱਖ ਨੂੰ ਰਗੜਨਾ ਨਹੀਂ ਚਾਹੀਦਾ ।ਅੱਖਾਂ ਵਿੱਚ ਕੁੱਝ ਸਮਾਂ ਸਾਫ ਪਾਣੀ ਦੇ ਛਿੱਟੇ ਮਾਰੋ ਜੇਕਰ ਅਜਿਹਾ ਕਰਨ ਨਾਲ ਅੱਖ ਸਾਫ ਨਹੀਂ ਹੁੰਦੀ ਤਾਂ ਮਾਹਿਰ ਕੋਲ ਜਾਵੋ ।
- ਜੇਕਰ ਤੁਹਾਡੀ ਅੱਖ ਵਿੱਚ ਕਿਸੇ ਨੇ ਕੁਝ ਮਾਰਿਆ ਹੈ ਅਤੇ ਅੱਖ ਵਿੱਚ ਖੂਨ ਨਿਕਲਦਾ ਹੈ ਤਾਂ ਸਿੱਧੇ ਤੌਰ ਤੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ ।

ਅੱਖਾਂ ਦੇ ਛੂਤ ਰੋਗ ਤੋਂ ਬਚਣਾ

- ਕਿਸੇ ਨਾਲ ਵੀ ਅੱਖਾਂ ਦੇ ਮੇਕਅੱਪ ਦਾ ਸਮਾਨ ਸਾਂਝਾ ਨਾ ਕਰੋ ।
- ਅੱਖਾਂ ਦੀ ਬੂੰਦਾਂ (Eyedrops) ਵੀ ਕਿਸੇ ਨਾਲ ਸਾਂਝੀ ਨਾ ਕਰੋ ।
- Eyedrops ਨੂੰ ਸਿਰੇ ਤੋਂ ਨਾ ਛੂਹੋ ।
- ਕਨਟੈਕਟ (Contact) ਲੈਨਜ਼ ਮੂੰਹ ਵਿਚ ਨਾ ਪਾਓ ਨਾ ਹੀ ਉਸ ਨੂੰ ਗਿੱਲਾ ਕਰੋ ।

ਅੱਖਾਂ ਦਾ ਧਿਆਨ

- ਧੁੱਪ ਵਿੱਚ ਪਾਉਣ ਵਾਲੀ ਐਨਕ ਦੀ ਵਰਤੋਂ ਕਰੋ ।
- ਜਦੋਂ ਤੁਸੀਂ ਖਾਸ ਤੌਰ ਤੇ ਤੈਰਦੇ ਹੋ ਤਾਂ ਅੱਖਾਂ ਦੇ ਬਚਾਅ ਲਈ Eye wear ਪਾਓ । ਜਦੋਂ ਤੁਸੀਂ ਸਾਇੰਸ ਲੈਬ ਵਿਚ ਕੰਮ ਕਰਦੇ ਹੋਵੋ ਤਾਂ ਵੀ ਇਨ੍ਹਾਂ ਦੀ ਵਰਤੋਂ ਕਰੋ ।

- ਪਟਾਕੇ ਆਦਿ ਤੋਂ ਬਚੋ , ਇਹ ਫੱਟ ਕੇ ਅੱਖਾਂ ਨੂੰ ਨੁਕਸਾਨ ਕਰ ਸਕਦੇ ਹਨ ਅਤੇ ਕਿਸੇ ਕਿਸਮ ਦਾ ਕੋਈ ਰਿਸਕ ਨਾ ਲਓ ।
- ਕੰਪਿਊਟਰ ਸਕਰੀਨ ਦੇ ਸਾਹਮਣੇ ਜਿਆਦਾ ਦੇਰ ਨਾ ਬੈਠੋ ਇਹ ਤੁਹਾਡੀਆਂ ਅੱਖਾਂ ਤੇ ਬੋਝ ਪਾ ਸਕਦੀ ਹੈ । ਕੁੱਝ ਲੋਕ 10 ਮਿੰਟ ਬੈਠ ਕੇ ਇੱਕ ਮਿੰਟ ਦਾ ਅਰਾਮ ਲੈ ਲੈਂਦੇ ਹਨ । ਠੀਕ ਤਾਂ ਹੀ ਹੋਵੇਗਾ ਜੇਕਰ ਤੁਸੀਂ ਕੁਝ ਸਮਾਂ ਬੈਠ ਕੇ ਅੱਖਾਂ ਨੂੰ ਝਪਕਾਂਦੇ ਰਹੋ । ਆਪਣੀਆਂ ਅੱਖਾਂ ਵੱਲ ਖਾਸ ਧਿਆਨ ਦੇਂਦੇ ਰਹੋ ।
- ਸ਼ੂਗਰ ਆਦਿ ਬੀਮਾਰੀਆਂ ਕਾਰਨ ਅੱਖਾਂ ਤੇ ਜਿਆਦਾ ਅਸਰ ਪੈ ਜਾਂਦਾ ਹੈ ਇਸ ਤੋਂ ਬਚਾਅ ਰੱਖੋ ।

Downloaded from https:// www.studiestoday.com

Downloaded from https:// www.studiestoday.com

ਕਿਰਿਆ

ਵਿਦਿਆਰਥੀਆਂ ਨੂੰ ਨਿੱਚੇ ਦਿੱਤੀ ਪ੍ਰਸ਼ਨਾਵਲੀ ਹੱਲ ਕਰਨ ਲਈ ਕਹੋ ।

ਨਿੱਜੀ ਸਿਹਤ ਵਿਗਿਆਨ - ਪ੍ਰਸ਼ਨਾਵਲੀ

1. ਤੁਸੀ ਦਿਨ ਵਿੱਚ ਕਿੰਨੀ ਵਾਰ ਆਪਣੇ ਦੰਦਾਂ ਨੂੰ ਸਾਫ ਕਰਦੇ ਹੋ ?

ੳ) ਹਰ ਸਮੇਂ ਜਦੋਂ ਅਸੀਂ ਮਿੱਠੀਆਂ ਚੀਜ਼ਾਂ ਖਾਂਦੇ ਹਾਂ

ਅ) ਦੋ ਵਾਰ ।

ੲ) ਇੱਕ ਵਾਰ ।

2. ਤੁਸੀਂ ਆਪਣੇ ਵਾਲ ਧੋਂਦੇ ਹੋ ?

ੳ) ਹਰ ਰੋਜ਼ ।

ਅ) ਇਕ ਦਿਨ ਛੱਡ ਕੇ ।

ੲ) ਜਦੋਂ ਇਸ ਵਿੱਚ ਚਿਕਨਾਹਟ ਮਹਿਸੂਸ ਹੋਵੇ ।

3. ਤੁਸੀਂ ਗਰਮੀ ਵਿੱਚ ਪਸੀਨੇ ਦੇ ਭਰੇ ਆਏ ਹੋ ਪਰੰਤੂ ਤੁਸੀਂ ਸਾਰੇ ਬਿਸਤਰ ਵਿੱਚ ਸੌਣਾ ਚਾਹੁੰਦੇ ਹੋ ਤਾਂ ਤੁਸੀਂ :

ੳ) ਤੁਸੀਂ ਪਹਿਲਾਂ ਫੁਆਰੈਂ ਥੱਲੇ ਜਾਓਗੇ

ਅ) ਕੇਵਲ ਆਪਣਾ ਮੂੰਹ ਧੋ ਕੇ

ੲ) ਤੁਸੀਂ ਆਪਣੀ ਸ਼ਰਟ ਉਤਾਰ ਕੇ

4. ਔਸਤਨ ਤੌਰ ਤੇ ਤੁਸੀਂ ਕਿੰਨੇ ਘੰਟੇ ਸੌਂਦੇ ਹੋ ?

ੳ) 8 ਘੰਟੇ ਜਾਂ ਜਿਆਦਾ

ਅ) 7 ਘੰਟੇ

ੲ) 6 ਘੰਟੇ ਜਾਂ ਇਸ ਤੋਂ ਘੱਟ

5. ਤੁਹਾਡੇ ਨਹੁੰ

ੳ) ਪਾਲਿਸ਼ ਨਹੀਂ ਹਨ ਪਰੰਤੂ ਸਾਫ ਸੁਥਰੇ ਹਨ

ਅ) ਪਾਲਿਸ਼ ਹਨ ਪਰੰਤੂ ਥੋੜੇ ਜਿਹੇ ਗੰਦੇ ਹਨ

ੲ) ਦੰਦਾਂ ਨਾਲ ਕੱਟੇ ਹਨ ਅਤੇ ਮੈਲ ਦੇ ਭਰੇ ਹਨ

6. ਜਦੋਂ ਤੁਸੀਂ ਸਵੇਰੇ ਕਮੀਜ਼ ਪਾਉਂਦੇ ਹੋ ਤਾਂ ਇਹ

ੳ) ਧੋਤੀ ਹੋਈ ਅਤੇ ਸਾਫ ਸੀ ।

ਅ) ਇਕ ਵਾਰ ਪਾਈ ਹੋਈ ਸੀ ।

ੲ) ਕਈ ਵਾਰ ਪਾਈ ਹੋਈ ਸੀ ।

7. ਤੁਹਾਡੇ ਕਮਰੇ ਦਾ ਫਰਸ਼ ਕਿਹੋ ਜਿਹਾ ਦਿਖਾਈ ਦਿੰਦਾ ਹੈ ?

ੳ) ਬਿਲਕੁਲ ਸਾਫ

ਅ) ਟੁੱਟਿਆ ਹੋਇਆ

ੲ) ਮੈਂ ਦੇਖ ਕੇ ਦਸਾਂਗਾ

8) ਤੁਹਾਡੇ ਭੋਜਨ ਵਿੱਚ

ੳ) ਸੰਤੁਲਿਤ ਭੋਜਨ ਜਿਸ ਵਿੱਚ ਫਰੂਟ ਅਤੇ ਸਬਜ਼ੀਆ ਬਹੁਤ ਮਾਤਰਾ ਵਿੱਚ ਹਨ ।

ਅ) ਸਾਰੇ ਪਿਰਾਮਿਡ ਵਿਚੋਂ ਲਿਆ ਭੋਜਨ , ਆਮ ਤੌਰ ਤੇ ਵਧੀਆ

ੲ) ਜੋ ਵੀ ਨੇੜੇ ਸੀ

9) ਤੁਸੀਂ ਚੁਸਤ ਰਹੋਗੇ:-

ੳ) ਜੇਕਰ ਤੁਸੀਂ ਇੱਕ ਦਿਨ ਵਿੱਚ ਇੱਕ ਘੰਟਾ ਖੇਡਦੇ ਹੋ

ਅ) ਹਫਤੇ ਵਿੱਚ ਥੋੜਾ ਸਮਾਂ ਖੇਡਣ ਨਾਲ

ੲ) ਆਪਣੀ ਖੇਡਣ ਵਾਲੀ ਥਾਂ ਉਤੇ ਖੇਡੋਗੇ ।

10) ਤੁਸੀ ਆਪਣੇ ਹੱਥ ਧੋਂਦੇ ਹੋ:-

ੳ) ਦਿਨ ਵਿੱਚ ਕਈ ਵਾਰ

ਅ) ਜਦੋਂ ਤੁਸੀਂ ਬਾਹਰੋਂ ਘਰ ਆਉਂਦੇ ਹੋ

ੲ) ਜਦੋਂ ਤੁਸੀਂ ਬਾਥਰੂਮ ਤੋਂ ਆਉਂਦੇ ਹੋ

ਜੇ ਜਿਆਦਾਤਰ ਤੁਹਾਡੇ ਉੱਤਰ
c ਵਿੱਚ ਹਨ-ਤਾਂ ਤੁਹਾਨੂੰ ਸਫ਼ਾਈ ਦੀ ਬਹੁਤ ਲੋੜ ਹੈ
b ਵਿੱਚ-ਤੁਹਾਨੂੰ ਸਫ਼ਾਈ ਦਾ ਬਹੁਤ ਚੰਗੀ ਤਰ੍ਹਾਂ ਪਤਾ ਹੈ ਪਰ ਤੁਸੀਂ ਹਮੇਸ਼ਾ ਵਧੀਆ ਕਰ ਸਕਦੇ ਹੋ ।
a ਵਿੱਚ-ਤੁਹਾਡੇ ਵਿੱਚ ਆਪ ਨੂੰ ਸਾਫ਼ ਰੱਖਣ ਦੀ ਗੁਣਵਤਾ ਹੈ ਇਸ ਨੂੰ ਬਣਾਈ ਰੱਖੋ ।

Downloaded from https:// www.studiestoday.com

Downloaded from https:// www.studiestoday.com

ਸਮਾਜਿਕ ਸਾਫ ਸਫਾਈ :-

ਛੂਤ ਦੀਆਂ ਬਿਮਾਰੀਆਂ ਅਕਸਰ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਅਤੇ ਇੱਕ ਸਮਾਜ ਤੋਂ ਦੂਜੇ ਸਮਾਜ ਵਿੱਚ ਹਵਾ, ਧੂੜ, ਪਾਣੀ ਅਤੇ ਦੂਸ਼ਿਤ ਖਾਣਾ ਖਾਣ ਤੋਂ ਫੈਲਦੀਆਂ ਹਨ । ਇਹ ਬਿਮਾਰੀਆਂ ਜੀਵਾਣੂਆਂ ਅਤੇ ਵਿਸ਼ਾਣੂਆਂ ਤੋਂ ਫੈਲਦੀਆਂ ਹਨ । ਸਿਹਤ ਬਚਾਅ ਤਰੀਕੇ ਕੇਵਲ ਸਾਰੇ ਲੋਕ ਇਕੱਠੇ ਹੋ ਕੇ ਲੈ ਸਕਦੇ ਹਨ, ਜਿਵੇਂ ਕਿ ਸਾਫ ਪਾਣੀ, ਕੂੜੇ ਦਾ ਸਹੀ ਨਿਪਟਾਰਾ, ਫਾਲਤੂ ਪਾਣੀ ਦਾ ਸਹੀ ਨਿਪਟਾਰਾ, ਪਸ਼ੂਆਂ ਨੂੰ ਸਹੀ ਚਰਾਉਣ ਅਤੇ ਬਜ਼ਾਰਾਂ ਦੀ ਸਾਫ ਸਫਾਈ ਆਦਿ । ਹਰੇਕ ਸਮਾਜ ਦਾ ਵਿਅਕਤੀ ਸਮਾਜਿਕ ਸਫਾਈ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ । ਉਹਨਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਚੰਗੀ ਸਿਹਤ ਅਤੇ ਸਾਫ ਵਾਤਾਵਰਨ ਨੂੰ ਵਧਾਉਣ । ਉਦਾਹਰਨ ਦੇ ਤੌਰ ਤੇ ਇੱਕ ਪਿੰਡ ਵਿੱਚ ਸਾਰੇ ਲੋਕਾਂ ਨੂੰ ਆਪਣੇ ਘਰ ਸਾਫ ਰੱਖਣੇ ਚਾਹੀਦੇ ਹਨ । ਕਿਉਂਕਿ ਇੱਕ ਗੰਦਾ ਘਰ ਬਿਮਾਰੀ ਫੈਲਾ ਸਕਦਾ ਹੈ ਅਤੇ ਸਮਾਜਿਕ ਨੇਤਾਵਾਂ ਨੂੰ ਘਰਾਂ ਦੀ ਸਾਫ ਸਫਾਈ ਅਤੇ ਵਿਅਕਤੀ ਦੀ ਸਾਫ ਸਫਾਈ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ । ਆਪਣਾ ਵਾਤਾਵਰਨ ਇੱਕ ਮਹੱਤਵਪੂਰਨ ਵਸਤੂ ਹੈ ਜਿਸ ਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਲਈ ਬਚਾਇਆ ਜਾ ਸਕੇ । ਹੇਠਾਂ ਕੁੱਝ ਨੁਕਤੇ ਹਨ ਜੋ ਸਾਡੇ ਵਾਤਾਵਰਨ ਨੂੰ ਸਾਫ ਰੱਖਣ ਵਿੱਚ ਸਹਾਇਤਾ ਕਰਦੇ ਹਨ ।

- ਕੂੜਾ ਕੂੜੇਦਾਨ (dustbin)) ਵਿੱਚ ਹੀ ਸੁੱਟੋ ।
- ਉਹ ਸਥਾਨ ਲੱਭੋ ਜਿੱਥੇ ਬੈਟਰ, ਮੈਡੀਕਲ ਵੇਸਟ ਅਤੇ ਰਸਾਇਣਿਕ ਪਦਾਰਥ ਸੁੱਟੇ ਜਾਣ । ਇਹਨਾਂ ਨੂੰ ਸਾਧਾਰਨ ਕੂੜੇ ਵਿੱਚ ਨਾ ਸੁੱਟੋ ।
- ਕੂੜੇ ਨੂੰ ਨਾ ਖਿਲਾਰੋ । ਆਪਣੇ ਨੇੜੇ ਹਮੇਸ਼ਾ ਕੂੜੇਦਾਨ (ਡਸਟਬਿਨ) ਰੱਖੋ ਅਤੇ ਉਸ ਵਿੱਚ ਸਾਰੇ ਕੂੜੇ ਨੂੰ ਪਾਉਂਦੇ ਰਹੋ ।
- ਆਪਣਾ ਕਮਰਾ ਸਾਫ ਰੱਖੋ ।
- ਜਨਤਕ ਥਾਵਾਂ ਤੇ ਨਾ ਥੁੱਕੋ ।
- ਜਨਤਕ ਥਾਵਾਂ, ਬੈਂਚਾਂ ਅਤੇ ਦੀਵਾਰਾਂ ਤੇ ਸਕਰੈਚ ਨਾ ਪਾਓ ।
  ਪੌਦਿਆਂ ਨੂੰ ਖਰਾਬ ਨਾ ਕਰੋ ਅਤੇ ਫੁੱਲਾਂ ਤੇ ਪੱਤਿਆਂ ਨੂੰ ਨਾ ਤੋੜੋ ।

Downloaded from https:// www.studiestoday.com

Downloaded from https:// www.studiestoday.com

ਲਾਗ ਦੇ ਰੋਗ (communicable diseases)

ਸਾਫ਼ ਸਫ਼ਾਈ ਨਾ ਰੱਖਣ ਦੀਆਂ ਆਦਤਾਂ ਕਈ ਵਾਰ ਜਾਨਲੇਵਾ ਲਾਗ ਦੇ ਰੋਗ ਲਗਾ ਦਿੰਦੀਆਂ ਹਨ । ਲਾਗ ਦੇ ਰੋਗ ਜਿਵੇਂ ਪਾਣੀ ਦੁਆਰਾ ਫੈਲਣ ਵਾਲੇ, ਹਵਾ ਨਾਲ ਫੈਲਣ ਵਾਲੇ ਰੋਗ ਆਮ ਤੌਰ ਤੇ ਸਾਫ਼ ਸਫ਼ਾਈ ਦੀ ਘਾਟ ਨਾਲ ਹੋਣ ਵਾਲੇ ਰੋਗ ਹਨ ।

ਏਡਜ਼(HIV/AIDS)

ਭਿੰਨ–2 ਕਿਸਮ ਦੀ ਕਸਰਤ ਦੀਆਂ ਕਿਰਿਆਵਾਂ ਭਿੰਨ–2 ਸਮੇਂ ਲਈ ਹੀ ਹੁੰਦੀਆਂ ਹਨ। ਅਨੈਰੋਬਿਕ ਕਸਰਤ ਥੋੜੀ ਦੇਰ ਹੁੰਦੀ ਹੈ ਅਤੇ ਐਰੋਬਿਕ ਕਸਰਤ ਜਿਆਦਾ ਸਮਾਂ ਕੀਤੀ ਜਾਂਦੀ ਹੈ ।

Downloaded from https:// www.studiestoday.com

Downloaded from https:// www.studiestoday.com

ਅਨੈਰੋਬਿਕ ਕਸਰਤ ਕੇਵਲ 60 ਸੈਕਿੰਡ ਲਈ ਹੀ ਕੀਤੀ ਜਾ ਸਕਦੀ ਹੈ । ਭਾਰ ਚੁੱਕਣਾ ਅਤੇ ਬਹੁਤ ਤੇਜ਼ ਦੌੜਨਾ ਇਸ ਦੀਆਂ ਉਦਾਹਰਨਾਂ ਹਨ । ਜੇਕਰ ਇਹ ਕਸਰਤ 10 ਸੈਕਿੰਡ ਜਿਆਦਾ ਕੀਤਾ ਜਾਵੇ ਤਾਂ ਲੈਕਟਿਕ ਐਸਿਡ ਬਣ ਜਾਂਦਾ ਹੈ ਤੇ ਮਾਸਪੇਸ਼ੀਆਂ ਦੇ ਪ੍ਰਦਰਸ਼ਨ ਉਤੇ ਜ਼ੋਰ ਦਿੰਦੀ ਹੈ ਆਪਣੀ ਸਹਿਣਸ਼ੀਲਤਾ ਵਿੱਚ ਸੁਧਾਰ ਕਰਕੇ ਲੈਕਟਿਕ ਐਸਿਡ ਨੂੰ ਖਤਮ ਕਰਦੀ ਹੈ ਅਤੇ ਤੁਹਾਡੀਆਂ ਮਾਸਪੇਸ਼ੀਆਂ ਨੂੰ ਅਨੈਰੋਬਿਕ ਹਾਲਤ ਵਿੱਚ ਊਰਜਾ ਪ੍ਰਦਾਨ ਕਰਦੀ ਹੈ ।

ਐਰੋਬਿਕ ਸਿਖਲਾਈ ਮਾਸਪੇਸ਼ੀਆਂ ਨੂੰ ਆਕਸੀਜਨ ਦੇਣ ਵਿੱਚ ਸੁਧਾਰ ਕਰਦੀ ਹੈ ।

ਇਸ ਨਾਲ ਗੁਲਕੋਜ਼ ਨੂੰ ਊਰਜਾ ਵਿੱਚ ਕਿਵੇਂ ਤਬਦੀਲ ਕੀਤਾ । ਇਥੇ ਬਹੁਤ ਸਾਰੇ ਸਿਖਲਾਈ ਦੇ ਤਰੀਕੇ ਹਨ ਜਿਹੜੇ ਤੁਹਾਡੀ ਤੰਦਰੁਸਤੀ ਨੂੰ ਸੁਧਾਰ ਸਕਦੇ ਹਨ ਇਨ੍ਹਾਂ ਵਿੱਚ ਇਹ ਢੰਗ ਸ਼ਾਮਿਲ ਹਨ -

- ਐਰੋਬਿਕ ਜਾਂ ਲਗਾਤਾਰ ਸਿਖਲਾਈ
- ਅੰਤਰਾਲ ਸਿਖਲਾਈ
- ਪੋਲੀਸਮੀਟਰਿਕ (Polymetric) ਸਿਖਲਾਈ
- ਸਰਕਟ ਸਿਖਲਾਈ
- ਭਾਰ ਜਾਂ ਵਿਰੋਧ ਦੀ ਸਿਖਲਾਈ

ਐਰੋਬਿਕ ਜਾਂ ਲਗਾਤਾਰ ਸਿਖਲਾਈ

ਲਗਾਤਾਰ ਸਿਖਲਾਈ ਘੱਟੋ-ਘੱਟ ਅੱਧਾ ਘੰਟਾ ਹਰ ਰੋਜ਼ ਇਕ ਹਫਤੇ ਵਿੱਚ ਤਿੰਨ ਵਾਰ ਕਰਨੀ ਚਾਹੀਦੀ ਹੈ ਇਸ ਨਾਲ ਸਮਰੱਥਾ ਵਧਦੀ ਹੈ । ਉਦਾਹਰਣ ਦੇ ਤੌਰ 'ਤੇ ਜਿੰਮ ਸਰਕਟ ਕਲਾਸਾਂ, ਸਾਈਕਲਿੰਗ, ਤੈਰਨਾ, ਦੌੜਨਾ ਅਤੇ ਜੋਗਿੰਗ ਕਰਨਾ ਆਦਿ । ਇਸਨੂੰ ਐਲ.ਐਸ.ਡੀ .(Long Slow Distance) ਸਿਖਲਾਈ ਵੀ ਕਿਹਾ ਜਾਂਦਾ ਹੈ ।

ਇਹ ਸਿਖਲਾਈ ਉਹਨਾਂ ਲਈ ਹੁੰਦੀ ਹੈ ਜਿਨ੍ਹਾਂ ਨੇ ਵੱਧ ਕੈਲੋਰੀ ਦੀ ਖਪਤ ਕਰਨੀ ਹੁੰਦੀ ਹੈ ਅਤੇ ਵਜ਼ਨ ਘਟਾਉਣਾ ਹੁੰਦਾ ਹੈ ।

ਅੰਤਰਾਲ ਸਿਖਲਾਈ

ਅੰਤਰਾਲ ਸਿਖਲਾਈ ਐਰੋਬਿਕ ਅਤੇ ਅਨੈਰੋਬਿਕ ਤੰਦਰੁਸਤੀ ਨੂੰ ਵਧਾਉਂਦੀ ਹੈ। ਦਸ ਵਾਰ 80 ਮੀਟਰ, ਇੱਕ ਵਾਰ 10 ਸੈਕਿੰਡ ਵਿੱਚ ਦੌੜਨ ਨਾਲ 60 ਸੈਕਿੰਡ ਰਿਕਵਰੀ ਇਸਦੀ ਉਦਾਹਰਨ ਹੈ । ਅਤੇ ਇਕ ਮਿੰਟ ਆਰਾਮ ਕਰ ਸਕਦੇ ਹੋ । ਤੇਜ਼ ਦੌੜਨ ਦੀ ਸਿਖਲਾਈ , ਉਦਾਹਰਨ ਲਈ , ਕਸਰਤ ਕਰਨ ਵਿੱਚ ਵੱਧ ਯਤਨ ਕਰਨਾ ਚਾਹੀਦਾ ਹੈ ਤੇ ਰਿਕਵਰੀ ਦੀ ਮਿਆਦ ਘੱਟੋ - ਘੱਟ ਤਿੰਨ ਗੁਣਾ ਵੱਧ ਸਿਖਲਾਈ ਅੰਤਰਾਲ ਤੋਂ ਹੋਣੀ ਚਾਹੀਦੀ ਹੈ ।

ਤੁਸੀਂ ਵੱਡੇ ਈਵੈਂਟਸ ਵਾਸਤੇ ਵੀ ਇਸ ਸਿਖਲਾਈ ਨੂੰ ਵਰਤ ਸਕਦੇ ਹੋ । ਜੇਕਰ ਤੁਸੀਂ 10 ਕਿਲੋਮੀਟਰ 40 ਸੈਕਿੰਡ ਵਿੱਚ ਦੋੜਨਾ ਹੈ ਤਾਂ ਤੁਹਾਨੂੰ 1 ਕਿਲੋਮੀਟਰ 4 ਸੈਕਿੰਡ ਵਿੱਚ ਦੌੜਨਾ ਪਵੇਗਾ। ਤੁਸੀਂ ਚਾਰ ਵਾਰ ਆਰਾਮ ਕਰ ਸਕਦੇ ਹੋ ਇਸ ਤਰ੍ਹਾਂ ਦੀ ਸਿਖਲਾਈ ਨੂੰ ਵੱਡੀਆਂ ਦੋੜਾਂ ਵਿੱਚ ਵਰਤ ਸਕਦੇ ਹਾਂ ।

Downloaded from https:// www.studiestoday.com

Downloaded from https:// www.studiestoday.com

ਇਸ ਸਿਖਲਾਈ ਨੂੰ ਹੋਰ ਸਿਖਲਾਈ ਤਰੀਕਿਆਂ ਨਾਲ ਬਦਲ ਸਕਦੇ ਹੋ ਉਦਾਹਰਨ ਦੇ ਤੌਰ ਤੇ ਤੁਸੀਂ ਹਫ਼ਤੇ ਵਿੱਚ ਦੋ ਰਾਤਾਂ ਨੂੰ ਦੌੜ ਸਕਦੇ ਹੋ ਤੇ ਤੀਜਾ ਸੈਸ਼ਨ ਲੰਬੀ ਹੌਲੀ ਦੌੜ ਨਾਲ ਬਿਤਾ ਸਕਦੇ ਹੋ ।



Downloaded from https:// www.studiestoday.com

Downloaded from https:// www.studiestoday.com

ਪੋਲੀਮੈਟਰਿਕ (Polymetric) ਸਿਖਲਾਈ



ਹਰਡਲ ਹੋਪਿੰਗ

ਮਾਸਪੇਸ਼ੀਆਂ ਨੂੰ ਜਿਆਦਾ ਤਾਕਤਵਰ ਬਣਾਉਣ ਲਈ ਤੇ ਖਾਸ ਤੌਰ 'ਤੇ ਲੱਤਾਂ ਨੂੰ ਮਜ਼ਬੂਤ ਕਰਨ ਲਈ ਪੋਲੀਮੈਟਰਿਕ ਸਿਖਲਾਈ ਲਈ ਜਾਂਦੀ ਹੈ । ਇਸ ਤਰ੍ਹਾਂ ਕਰਨ ਨਾਲ ਛੋਟੀਆਂ ਮਾਸਪੇਸ਼ੀਆਂ ਦੇ ਸੁੰਗੜਾਅ ਨੂੰ ਲਚਕੀਲਾ ਬਣਾ ਕੇ ਮਜ਼ਬੂਤ ਕੀਤਾ ਜਾਂਦਾ ਹੈ । ਇਸ ਤਰ੍ਹਾਂ ਘੁੰਮਣ ਨਾਲ ਮਾਸਪੇਸ਼ੀਆਂ ਦੇ ਰੇਸ਼ੇ ਬਹੁਤ ਜਲਦੀ ਅਤੇ ਮਜ਼ਬੂਤੀ ਨਾਲ ਊਰਜਾ ਵਿੱਚ ਬਦਲ ਜਾਂਦੇ ਹਨ ।

ਹਰ ਕੋਈ ਹਰਡਲ, ਬਾਕਸ ਜਮਪਿੰਗ, ਬਾਉਂਡਿੰਗ, ਬੰਨੀ ਹੋਪਸ ਆਦਿ ਕਿਰਿਆਵਾਂ ਕਰ ਸਕਦਾ ਹੈ ।



ਬਾਕਸ ਜੰਪ

ਬੰਨੀ ਹੋਪ

ਹਰਡਲ ਹੋਪਿੰਗ (Hurdle Hoppping)

- ਇਕ ਲਾਈਨ ਛੋਟੀਆਂ 2 ਤੋਂ 8 ਹਰਡਲ ਰੱਖੋ ।
- ਹਰੇਕ ਹਰਡਲ ਉਪਰ ਟੱਪਦੇ ਜਾਉ ।
- ਗੋਡੇ ਅਤੇ ਪੈਰ ਵਿਚਕਾਰ ਅਨੁਕੂਲਤਾ ਯਕੀਨੀ ਬਣਾਉ ।

Downloaded from https:// www.studiestoday.com

Downloaded from https:// www.studiestoday.com

ਬਾਕਸ ਜੰਪ (Box Jump)

- ਮੰਨ ਲਓ ਇਕ ਖਿਡਾਰੀ ਆਰਾਮ ਨਾਲ ਡੱਬੇ ਦੇ ਸਾਹਮਣੇ, ਲਗਭਗ ਬਾਂਹ ਦੀ ਲੰਬਾਈ ਤੇ ਖੜਾ ਹੈ ।
- ਬਾਹਾਂ ਸਿਧੀਆਂ ਹੇਠਾਂ ਨੂੰ ਰੱਖੋ ਅਤੇ ਥੋੜੀਆਂ ਝੁਕਾਓ ।ਤੁਹਾਡੇ ਪੈਰ ਪੂਰੀ ਤਰ੍ਹਾਂ ਡੱਬੇ ਤੇ ਹੋਣ।
- ਆਪਣੀਆਂ ਬਾਹਾਂ ਨੂੰ ਥੋੜਾ ਜਿਹਾ ਉੱਪਰ ਉਠਾਓ ਅਤੇ ਉੱਪਰ ਨੂੰ ਅਤੇ ਅੱਗੇ ਨੂੰ ਛਲਾਂਗ ਲਗਾਓ ।
- ਇਕਦਮ ਫਿਰ ਆਪਣੀ ਪਹਿਲੀ ਵਾਲੀ ਸਥਿਤੀ ਵਿੱਚ ਪਿੱਛੇ ਨੂੰ ਛਲਾਂਗ ਲਗਾਓ ।

ਬੰਨੀ ਜੰਪ

ਆਪਣੀਆਂ ਬਾਹਾਂ ਨੂੰ ਸਿੱਧੇ ਰੱਖ ਕੇ ਜਿਨ੍ਹਾਂ ਕੂ ਜੰਪ ਮਾਰ ਸਕਦੇ ਹੋ ਮਾਰੋ , ਇਸ ਨੂੰ ਦੁਹਰਾਉਂਦੇ ਰਹੋ ।
ਪਲਾਈਓਮੈਟ੍ਰਿਕ ਸਿਖਲਾਈ ਨਿਗਰਾਨੀ ਹੇਠ ਕਰਨੀ ਉਚਿਤ ਹੈ ਕਿਉਂਕਿ ਇਸ ਸਿਖਲਾਈ ਦੋਰਾਨ ਤਕਨੀਕ ਤੇ ਤਾਕਤ ਜਿਆਦਾ ਲੱਗਣ ਕਾਰਨ ਸੱਟ ਦਾ ਖਤਰਾ ਜਿਆਦਾ ਰਹਿੰਦਾ ਹੈ ।

ਸਰਕਟ ਸਿਖਲਾਈ

ਸਰਕਟ ਸਿਖਲਾਈ ਤੰਦਰੁਸਤੀ ਦੇ ਕਈ ਪਹਿਲੂਆਂ ਨੂੰ ਵਿਕਸਿਤ ਕਰਨ ਲਈ ਵਰਤੀ ਜਾਂਦੀ ਹੈ । ਸਰਕਟ ਕਈ ਕਿਸਮ ਦੀ ਕਿਰਿਆਵਾਂ ਅਤੇ ਸਾਜ਼ੋ ਸਮਾਨ ਵਾਸਤੇ ਬਣਾਏ ਜਾਂਦੇ ਹਨ । ਇਕ ਸਰਕਟ 6-10 ਕਸਰਤ ਸਟੇਸ਼ਨ ਦਾ ਬਣਿਆ ਹੁੰਦਾ ਹੈ ਜਿਸ ਵਿੱਚ ਇਕ ਖਾਸ ਕਿਰਿਆ ਪ੍ਰਦਰਸ਼ਿਤ ਹੁੰਦੀ ਹੈ । ਸਰਕਟ ਸਿਖਲਾਈ ਨਾਲ ਕਾਰਡੀਓਵੈਸਕੁਲਰ ਤੰਦਰੁਸਤੀ (fitness), ਮਾਸਪੇਸ਼ੀਆਂ ਦਾ ਵਿਕਸਿਤ ਹੋਣਾ, ਮਾਸਪੇਸ਼ੀਆਂ ਵਿੱਚ ਮਜ਼ਬੂਤੀ ਅਤੇ ਲਚਕਤਾ ਪੈਦਾ ਹੁੰਦੀ ਹੈ ।



Downloaded from https:// www.studiestoday.com

Downloaded from https:// www.studiestoday.com

ਭਾਰ ਜਾਂ ਵਿਰੋਧ ਦੀ ਸਿਖਲਾਈ

ਭਾਰ ਸਿਖਲਾਈ ਤਾਕਤ, ਕਸਰਤ ਕਰਕੇ ਮਾਸਪੇਸ਼ੀਆਂ ਵਿੱਣ ਸ਼ਹਿਣਸ਼ੀਲਤਾ ਇੱਕ ਬਾਰਬੈਲ ਤੌਰ 'ਤੇ ਭਾਰ ਚੁੱਕਣ ਲਈ ਜਾਂ ਡੰਬਲ ਜਾਂ ਭਾਰ ਮਸ਼ੀਨ ਚੁੱਕਣ ਲਈ ਜਾਂ ਕਸਰਤ ਕਰਕੇ ਸਰੀਰ ਵਿੱਚ ਲਚਕਤਾ ਪੈਦਾ ਕਰਦੀ ਹੈ ।

ਭਾਰ ਸਿਖਲਾਈ ਦੀਆਂ ਕੁਝ ਉਦਾਹਰਨਾਂ ਹੇਠਾਂ ਚਿੱਤਰ ਵਿੱਚ ਦਰਸ਼ਾਈਆਂ ਗਈਆਂ ਹਨ ।

ਡੰਬਲ ਹੈਮਰ (ਡੰਬਲ ਹਥੋੜਾ)

ਕਰਲ ਲੈੱਗ ਐਕਸਟੈਂਸ਼ਨ



ਡੰਬਲ ਬੈਂਚ ਪ੍ਰੈੱਸ

ਟ੍ਰਾਈਸੈੱਪ ਪ੍ਰੈੱਸ ਡਾਉਨ (ਤਿੰਨ ਸਿਰਿਆਂ ਵਾਲਾ ਪੱਠਾ ਹੇਠਾਂ ਕਰਨਾ)

Downloaded from https:// www.studiestoday.com

Downloaded from https:// www.studiestoday.com

ਨਿਯਮਾਂ ਨੂੰ ਪਤਾ ਕਰਨ ਲਈ

ਐਰੋਬਿਕ ਸਿਖਲਾਈ - ਐਰੋਬਿਕ ਸਮਰੱਥਾ ਵਿੱਚ ਸੁਧਾਰ ਕਰਨ ਲਈ ਵਰਤੀ ਸਿਖਲਾਈ ।

ਪੋਲੀਮੈਟਰਿਕ ਸਿਖਲਾਈ - ਲੱਤਾਂ ਦੇ ਪੱਠਿਆਂ ਦੀ ਤਾਕਤ ਵਧਾਉਣ ਲਈ ਸਿਖਲਾਈ ।

ਵਿਰੋਧ ਦੀ ਸਿਖਲਾਈ - ਤਾਕਤ ਵਧਾਉਣ ਲਈ ਵਜ਼ਨ ਦੇ ਨਾਲ ਸਿਖਲਾਈ ।

ਸਰਕਟ ਸਿਖਲਾਈ - ਸਮੁੱਚੀ ਤੰਦਰੁਸਤੀ ਵਿੱਚ ਸੁਧਾਰ ਕਰਨ ਲਈ ਵੱਖ-2 ਸਟੇਸ਼ਨ ਨਾਲ ਸਿਖਲਾਈ ।

ਅੰਤਰਾਲ ਸਿਖਲਾਈ - ਐਰੋਬਿਕ ਅਤੇ ਅਨੈਰੋਬਿਕ ਦੋਨੋਂ ਤੰਦਰੁਸਤੀਆਂ ਵਿੱਚ ਸੁਧਾਰ ਕਰਨ ਲਈ ਸਿਖਲਾਈ ।

ਅਭਿਆਸ

1. ਕਿਸੇ ਇਕ ਸਿਖਲਾਈ ਦੇ ਢੰਗ ਦਾ ਚਾਰਟ ਬਣਾਓ।

2. ਹੇਠ ਲਿਖੀਆਂ ਸਿਖਲਾਈ ਦੇ ਅਭਿਆਸ ਕਰਨ ਲਈ

a) ਹਰਡਲ

b) ਬਾਕਸ ਜੰਪਿੰਗ

c) ਡੈਪਥ ਜੰਪਿੰਗ ਅਤੇ ਬਾਉਂਡੀਗ

d) ਟੂ ਲੈਗਡ ਹੋਪਸ

e) ਬੰਨੀ ਹੋਪਸ

ਮੁਲਾਂਕਣ

ਹੇਠ ਲਿਖੇ ਮਿਲਾਣ ਕਰੋ -

ਸਰਕਟ ਸਿਖਲਾਈ	• ਲੱਤ ਦੀਆਂ ਮਾਸਪੇਸ਼ੀਆਂ ਮਜ਼ਬੂਤ ਕਰਨਾ
ਵਿਰੋਧ ਸਿਖਲਾਈ	• ਦਿਲ ਦੀ ਸਿਹਤ ਵਿੱਚ ਸੁਧਾਰ ਲਈ ਸਿਖਲਾਈ
ਐਰੋਬਿਕ ਸਿਖਲਾਈ	• ਭਾਰ ਨਾਲ ਸਿਖਲਾਈ
ਅੰਤਰਾਲ ਸਿਖਲਾਈ	• ਐਰੋਬਿਕ ਅਤੇ ਅਨੈਰੋਬਿਕ ਸਮਰੱਥਾ ਦੀ ਸਿਖਲਾਈ
ਪੋਲੀਮੈਟਰਿਕ ਸਿਖਲਾਈ	• ਤੰਦਰੁਸਤੀ ਦੇ ਕਈ ਪਹਿਲੂ

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਤੁਸੀ ਮੁਲਾਂਕਣ ਲਈ ਸਭ ਲੋੜਾਂ ਨੂੰ ਪੂਰਾ ਕੀਤਾ ਹੈ ਇਹ ਵੇਖਣ ਲਈ ਹੇਠ ਲਿਖੀ ਚੈਕਲਿਸਟ ਦੀ ਵਰਤੋਂ ਕਰੋ

ਭਾਗ (ਓ)

ਅੰਤਰ ਪਤਾ ਕਰੋ

1) ਨਿਰੰਤਰ ਅਤੇ ਅੰਤਰਾਲ ਸਿਖਲਾਈ

2) ਪੋਲੀਮੈਟਰਿਕ ਅਤੇ ਸਰਕਟ ਸਿਖਲਾਈ

ਭਾਗ (ਅ)

ਕਲਾਸ ਵਿੱਚ ਹੇਠ ਲਿਖੇ ਦੀ ਚਰਚਾ ਕਰੋ

1. ਐਰੋਬਿਕ ਅਤੇ ਨਿਰੰਤਰ ਸਿਖਲਾਈ ਦੇ ਕੀ ਲਾਭ ਹਨ ?
2. ਪੋਲੀਮੈਟਰਿਕ ਸਿਖਲਾਈ ਦੀਆਂ ਵੱਖ–2 ਕਿਸਮਾਂ ਕੀ ਹਨ ?
3. ਭਾਰ ਸਿਖਲਾਈ ਦੀਆਂ ਵੱਖ–2 ਕਿਸਮਾਂ ਕੀ ਹਨ ?

ਭਾਗ (ਏ)

ਪ੍ਰਦਰਸ਼ਨ ਦਾ ਮਿਆਰ, ਪਰ ਸੀਮਿਤ ਨਹੀਂ

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਬਾਕਸ ਜੰਪਿੰਗ ਦਾ ਪ੍ਰਦਰਸ਼ਨ		
ਹਰਡਲ ਹੋਪਿੰਗ ਦਾ ਪ੍ਰਦਰਸ਼ਨ		
ਬੰਨੀ ਹੋਪ ਦਾ ਪ੍ਰਦਰਸ਼ਨ		

Downloaded from https:// www.studiestoday.com

Downloaded from https:// www.studiestoday.com

ਸ਼ੈਸ਼ਨ -3 :–ਸਰੀਰਕ ਸਿੱਖਿਆ ਅਤੇ ਖੇਡ ਵਿੱਚ ਹਿੱਸਾ ਲੈਣ ਲਈ ਸੁੱਰਖਿਅਤ ਤਰੀਕੇ ਸਿਖਾਉਣਾ ।

ਸੰਬੰਧਿਤ ਗਿਆਨ

ਚੰਗੇ ਸਮਾਨ , ਚੰਗੇ ਅਭਿਆਸ ਅਤੇ ਚੰਗੇ ਪ੍ਰਬੰਧ ਨਾਲ ਖੇਡ ਦੇ ਮੈਦਾਨ ਨੂੰ ਸੁਰਖਿੱਅਤ ਰੱਖਿਆ ਜਾ ਸਕਦਾ ਹੈ । ਘਟਨਾ ਦੇ ਰਿਕਾਰਡ ਨੂੰ ਬਣਾਈ ਰੱਖਣ ਲਈ ਅਤੇ ਹਾਦਸੇ ਨੂੰ ਰੋਕਣ ਦੀ ਸਮੱਰਥਾ ਅਨੁਸਾਰ ਹਾਲਾਤ , ਬੱਚੇ ਦੇ ਖੇਡਣ ਲਈ ਸੁਧਾਰਾਤਮਕ ਕਾਰਵਾਈ ਅਤੇ ਸੁਰੱਖਿਆ ਦੀ ਦਿਸ਼ਾ ਵਿੱਚ ਨਿਗਰਾਨੀ ਜਰੂਰੀ ਹੈ ।

ਖੇਡ ਦਾ ਮੈਦਾਨ - ਸੁਰੱਖਿਅਤ ਹਾਲਾਤ :–ਖੇਡ ਦਾ ਮੈਦਾਨ ਅਤੇ ਬਾਹਰਲੇ ਖੇਡ ਦਾ ਸਮਾਨ ਬੱਚਿਆਂ ਨੂੰ ਤਾਜ਼ੀ ਹਵਾ ਅਤੇ ਸਹੀ ਅਭਿਆਸ ਦੀ ਪੇਸ਼ਕਸ਼ ਕਰਦਾ ਹੈ । ਇਸ ਲਈ ਇਹ ਯਕੀਨੀ ਬਣਾਓ ਕਿ ਗਲਤ ਸਮਾਨ , ਗਲਤ ਸਤ੍ਹਾ ਅਤੇ ਲਾਪਰਵਾਹੀ ਵਾਲਾ ਵਿਵਹਾਰ ਗਰਾਂਊਡ ਜਾ ਕੇ ਹੋਰ ਬੱਚਿਆਂ ਨਾਲ ਖੇਡਣ ਦੀ ਦਿਲਚਸਪੀ ਨੂੰ ਤਬਾਹ ਨਾ ਕਰੇ। ਤੁਸੀਂ ਖੇਡ ਦੇ ਮੈਦਾਨ ਨੂੰ ਮੰਨੋਰੰਜਕ ਅਤੇ ਸੁੱਰਖਿਅਤ ਰੱਖਣ ਲਈ ਕੁੱਝ ਸਧਾਰਣ ਸੁੱਰਖਿਆ ਦੇ ਨਿਯਮ ਅਤੇ ਦਿਸ਼ਾ ਨਿਰਦੇਸ਼ ਦੇ ਸਕਦੇ ਹੋ ।

Adult supervision (ਵੱਡਿਆਂ ਦੀ ਨਿਗਰਾਨੀ)

ਵੱਡਿਆਂ ਦੀ ਨਿਗਰਾਨੀ ਬੱਚਿਆਂ ਨੂੰ ਖੇਡ ਦੇ ਮੈਦਾਨ ਵਿੱਚ ਜ਼ਖਮੀ ਹੋਣ ਤੋਂ ਬੱਚਣ ਲਈ ਮਦਦ ਕਰਦੀ ਹੈ । ਜੇਕਰ ਕੋਈ ਸੱਟ ਲੱਗ ਜਾਂਦੀ ਹੈ ਤਾਂ ਵੱਡੇ ਉਸ ਨੂੰ ਠੀਕ ਮੁੱਢਲੀ ਸਹਾਇਤਾ ਦੇ ਸਕਦੇ ਹਨ । ਬੱਚੇ ਨੂੰ ਕਦੇ ਵੀ ਕਿਸੇ ਮੌਕੇ ਤੇ ਇਕੱਲਾ ਨਾ ਛੱਡੋ ।

ਖੇਡ ਦੇ ਮੈਦਾਨ ਦੀ ਸੁੱਰਖਿਆ :-

ਕਿਸੇ ਵੀ ਖੇਡ ਦੇ ਮੈਦਾਨ ਦੀ ਸੁੱਰਖਿਆ ਲਈ ਮਹਤੱਵਪੂਰਨ ਕਾਰਕ ਹਨ - ਸਹੀ ਸਤ੍ਹਾ, ਡਿਜ਼ਾਇਨ, ਵਿੱਖ, ਸਮਾਨ ਦਾ ਮੁਆਇਨਾ ਅਤੇ ਉਸ ਦੀ ਨਿਗਰਾਨੀ ।
ਸੱਟਾਂ ਨੂੰ ਘੱਟ ਕਰਨ ਲਈ ਸਹੀ ਖੇਡ ਦਾ ਮੈਦਾਨ ਹੋਣਾ ਮਹਤੱਵਪੂਰਨ ਹੈ । ਇੱਕ ਸਹੀ ਗਰਾਊਂਡ ਦਾ ਹੋਣਾ ਉਹ ਇਨ੍ਹਾਂ ਗਲਾਂ ਤੇ ਨਿਰਭਰ ਕਰਦਾ ਹੈ ਕਿ ਜਦੋਂਖਿਡਾਰੀ ਡਿੱਗਦਾ ਹੈ ਤੇ ਉਸਦੇ ਘੱਟ ਤੋਂ ਘੱਟ ਸੱਟਾਂ ਲੱਗਣ ।

ਇੱਥੇ ਕੁੱਝ ਨਿਯਮ ਹਨ ਜਿਨ੍ਹਾਂ ਤੇ ਵਿਚਾਰਿਆ ਜਾ ਸਕਦਾ ਹੈ -

- ਕੰਕਰੀਟ, ਪੱਥਰ, ਲੁੱਕ ਵਾਲੇ ਪੱਥਰ ਆਦਿ ਅਸੁੱਰਖਿਅਤ ਹਨ ਘਾਹ, ਮਿੱਟੀ ਅਤੇ ਪੈਕ-ਧਰਤੀ ਗਿਰਣ ਵਾਲੇ ਵਾਸਤੇ ਕੁਸ਼ਨ ਦੀ ਤਰ੍ਹਾਂ ਕੰਮ ਕਰਦੇ ਹਨ ।
- ਖੇਡ ਦੀ ਸਤ੍ਹਾ ਖੜੇ ਪਾਣੀ ਅਤੇ ਮਲਬੇ ਤੋਂ ਖਾਲੀ ਹੋਣੀ ਚਾਹੀਦੀ ਹੈ । ਗਰਾਊਂਡ ਵਿੱਚ ਟੁੱਟੇ ਕੱਚ, ਕਿਲਾਂ, ਕੋਈ ਤਿੱਖੀ ਚੀਜ਼ ਖਤਰਨਾਕ ਸੱਮਗਰੀ ਨਹੀਂ ਹੋਣੀ ਚਾਹੀਦੀ ।

Downloaded from https:// www.studiestoday.com

Downloaded from https:// www.studiestoday.com

- ਖੇਡ ਦੇ ਮੈਦਾਨ / ਕਿਰਿਆ ਖੇਤਰ ਨੂੰ ਚੈੱਕ ਕਰੋ ਅਤੇ ਖਤਰਨਾਕ ਚੀਜ਼ਾਂ ਮੈਦਾਨ ਤੋਂ ਦੂਰ ਕਰੋ ।
- ਜਮੀਨ ਤੇ ਵਿਛਾਉਣ ਲਈ ਮੈਟ (Swing) ਜਿਹੜੀ ਰੱਬੜ ਦੀ ਬਣੀ ਹੋਵੇ, ਸੁੱਰਖਿਅਤ ਹੁੰਦੀ ਹੈ ।
- ਰੱਬੜ ਮੈਟ ਪ੍ਰਾਇਮਰੀ ਵਿਦਿਆਰਥੀਆਂ ਲਈ ਵਧੀਆ ਹੈ ।
- ਸੁੱਰਖਿਆ ਸਤ੍ਹਾ ਸਮਾਨ ਤੋਂ ਘੱਟੋ - ਘੱਟ 6 ਫੁੱਟ ਪਿੱਛੇ ਵਧਾਉਣੀ ਚਾਹੀਦੀ ਹੈ । ਵਾਧੂ ਕਵਰੇਜ਼ ਦੀ ਜਰੂਰਤ ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਸਲਾਈਡ ਕਿੰਨੀ ਉੱਚੀ ਹੈ ਜਾਂ ਸਵਿੰਗ (ਸ਼ਾਨਿਗ) ਕਿੰਨੀ ਲੰਬੀ ਹੈ ।
- ਸਮਾਨ ਦੇ ਕਿਨਾਰੇ ਗੋਲ ਹੋਣ , ਤਿੱਖੇ ਨਾ ਹੋਣ ।
- ਖੇਡ ਦੇ ਮੈਦਾਨ ਵਿੱਚ ਫਸਟ - ਏਡ ਬਾੱਕਸ ਆਪਣੇ ਨੇੜੇ ਰੱਖੋ ।

ਸੰਭਾਲ ਅਤੇ ਨਿਗਰਾਨੀ

ਜਦੋਂ ਤੁਸੀਂ ਅੰਦਰ (ਇਨ ਡੋਰ) ਜਾਂ ਬਾਹਰ (ਆਊਟ ਡੋਰ) ਖੇਡਦੇ ਹੋ , ਇਹ ਬਹੁਤ ਮਹਤੱਵਪੂਰਨ ਹੈ ਕਿ ਤੁਸੀਂ ਇੱਕ ਨਜ਼ਰ ਸਮਾਨ ਤੇ ਦੇਖੋ ਕਿ ਉਹ ਸਾਫ ਅਤੇ ਠੀਕ ਹੈ ਅਤੇ ਠੀਕ ਤਰੀਕੇ ਨਾਲ ਸੰਭਾਲਿਆ ਹੋਇਆ ਹੈ । ਤੁਹਾਨੂੰ ਕੁੱਝ ਗੱਲਾਂ ਦਾ ਧਿਆਨ ਰੱਖਣਾ ਹੋਵੇਗਾ ।

- ਕੋਈ ਵੀ ਟੁੱਟਿਆ ਹੋਇਆ ਸਮਾਨ ਨਹੀਂ ਹੋਣਾ ਚਾਹੀਦਾ ।
- ਲੱਕੜੀ ਦੇ ਸਮਾਨ ਵਿੱਚ ਕੋਈ ਤਰੇੜ ਨਹੀਂ ਹੋਣੀ ਚਾਹੀਦੀ ।
- ਧਾਤ ਦੇ ਸਮਾਨ ਤੇ ਜੰਗ ਨਹੀਂ ਹੋਣਾ ਚਾਹੀਦਾ ।
- ਬੱਚਿਆਂ ਨੂੰ ਅਸੁੱਰਖਿਅਤ ਅਤੇ ਖਤਰਨਾਕ ਖੇਤਰ ਤੋਂ ਜਾਗਰੂਕ ਹੋਣਾ ਚਾਹੀਦਾ ਹੈ ।
- ਖੇਡ ਦੇ ਸਮਾਨ ਦੀ ਨਿਯਮਿਤ ਤੌਰ ਤੇ ਜਾਂਚ ਹੋਣੀ ਚਾਹੀਦੀ ਹੈ ।
- ਖੇਡ ਦੇ ਮੈਦਾਨ ਦਾ ਸਮਾਨ ਟਿਕਾਊ ਸੱਮਗਰੀ ਦਾ ਬਣਿਆ ਹੋਣਾ ਚਾਹੀਦਾ ਹੈ ਉਸ ਤੇ ਮੌਸਮ ਦਾ ਅਸਰ ਨਹੀਂ ਹੋਣਾ ਚਾਹੀਦਾ ।
- ਇਹ ਯਕੀਨੀ ਬਣਾਓ ਕਿ ਸਲਾਇਡਜ਼ ਅਤੇ ਝੂਲੇ ਆਦਿ ਦੇ ਅੱਗੇ ਕਾਫੀ ਜਗ੍ਹਾ ਹੋਣੀ ਚਾਹੀਦੀ ਹੈ ਤਾਂ ਕਿ ਜਦੋਂ ਬੱਚਾ ਉਸ ਨੂੰ ਵਰਤ ਰਿਹਾ ਹੋਵੇ ਤਾਂ ਕਿਸੇ ਦੇ ਸੱਟ ਨਾ ਲੱਗੇ । ਬੱਚੇ ਇਸ ਦੇ ਅੱਗੇ ਜਿਆਦਾ ਦੇਰ ਨਾ ਖੜ੍ਹਨ ।
- ਹਾਰਡਵੇਅਰ, S - ਸ਼ਕਲ ਦੇ ਹੁਕ, ਕਾਬਲੇ, ਕਿੱਲਾਂ ਅਤੇ ਤਿੱਖੇ ਜਾਂ ਅਧੂਰੇ ਕੋਣੇ ਆਦਿ ਚੈੱਕ ਕੀਤੇ ਜਾਣ ਇਸ ਤਰ੍ਹਾਂ ਦਾ ਸਮਾਨ ਬੱਚੇ ਦੇ ਕੱਟ ਅਤੇ ਕਪੜੇ ਵਿੱਚ ਫੱਸਣ ਦਾ ਕਾਰਨ ਬਣ ਸਕਦੇ ਹਨ ।
- ਸਾਰਾ ਹਾਰਡਵੇਅਰ ਅਤੇ ਸਮਾਨ ਸੁੱਰਖਿਅਤ ਹੋਣਾ ਚਾਹੀਦਾ ਹੈ ਕੋਈ ਵੀ ਢਿੱਲਾ ਜਾਂ ਟੁੱਟਿਆ ਹਿੱਸਾ ਨਹੀਂ ਹੋਣਾ ਚਾਹੀਦਾ । ਪਲਾਸਟਿਕ ਅਤੇ ਲੱਕੜ ਤੇ ਕੋਈ ਵੀ ਕਮਜ਼ੋਰੀ ਦਾ ਸੰਕੇਤ ਨਹੀਂ ਦਿੱਖਣਾ ਚਾਹੀਦਾ ਅਤੇ ਕੋਈ ਵੀ ਜੰਗ ਵਾਲੀ ਸਤਹ ਨਹੀਂ ਹੋਣੀ ਚਾਹੀਦੀ ।
- ਖੇਡ ਦੇ ਮੈਦਾਨ ਨੂੰ ਸਾਫ ਅਤੇ ਸੁੱਰਖਿਅਤ ਰੱਖਣ ਲਈ ਸਾਰਾ ਕੂੜਾ ਆਦਿ ਚੁੱਕੋ । ਸੁੱਰਖਿਆ ਨਾਲ ਸੰਬੰਧਤ ਕਿਸੇ ਵੀ ਸੱਮਸਿਆ ਲਈ ਤੁਰੰਤ ਉਚ ਅਧਿਕਾਰੀਆਂ ਨੂੰ ਰਿਪੋਰਟ ਕਰੋ ।

Downloaded from https:// www.studiestoday.com

Downloaded from https:// www.studiestoday.com

• ਜੇਕਰ ਕੋਈ ਹਿੱਸਾ ਟੁੱਟਿਆ ਹੋਇਆ , ਢਿੱਲਾ ਜਾਂ ਮੁਰੰਮਤ ਯੋਗ ਹੋਵੇ ਤਾਂ ਇਸ ਦੀ ਸੂਚਨਾ ਸੰਬੰਧਤ ਅਧਿਕਾਰੀ ਨੂੰ ਦਿਓ ਤੇ ਉਸ ਨੂੰ ਪੂਰਾ ਕਰਵਾਓ ।

ਖੇਡ ਦਾ ਮੈਦਾਨ - ਸੁਰੱਖਿਅਤ ਕਰੱਤਬ

ਸੁੱਰਖਿਅਤ ਕਰੱਤਬ

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਖੇਡ ਦੇ ਮੈਦਾਨ ਵਿੱਚ ਕਿਵੇਂ ਸੁਰੱਖਿਅਤ ਅਤੇ ਜਿੰਮੇਵਾਰ ਹੋਣਾ ਚਾਹੀਦਾ ਹੈ ?

• Jungle gyms ਗੇਮਸ , ਸਲਾਈਡਸ , ਸੀ–ਸਾ (See – saw) , ਝੂਲੇ ਅਤੇ ਹੋਰ ਸਮਾਨ ਨੂੰ ਕਦੇ ਨਾ ਧੱਕੋ ।

• ਸ਼ਮਾਨ ਨੂੰ ਠੀਕ ਤਰੀਕੇ ਨਾਲ ਵਰਤੋਂ - ਕਿ ਬਾਹਰੋ ਗਰਿਲ ਤੇ ਨਾ ਚੜ੍ਹੋ , ਝੂਲੇ ਤੇ ਨਾ ਖੜ੍ਹੋ ਆਦਿ ।

• ਇਹ ਯਕੀਨੀ ਬਣਾਓ ਸਾਰੇ ਸਮਾਨ ਸਲਾਈਡ , ਸਵਿੰਗ ਆਦਿ ਦੇ ਸਾਹਮਣੇ ਸਭ ਕੁੱਝ ਸਾਫ ਸੁਥਰਾ ਹੋਵੇ ਤੇ ਕੋਈ ਬੱਚਾ ਕਿਸੇ ਵੀ ਸਮਾਨ ਦੇ ਸਾਹਮਣੇ ਜਿਆਦਾ ਦੇਰ ਨਾ ਖੜ੍ਹੇ ।

• ਇਹ ਹਮੇਸ਼ਾ ਯਕੀਨੀ ਬਣਾਓ ਕਿ ਜਦੋਂ ਤੁਸੀਂ ਕਿਸੇ ਸਮਾਨ ਤੋਂ ਅਤੇ ਜ਼ਮੀਨ ਤੇ ਦੋਨੋ ਪੈਰਾਂ ਨਾਲ ਗੋਡੇ ਮੋੜਕੇ ਛਾਲ ਮਾਰਦੇ ਹੋ ਤਾਂ ਕੋਈ ਬੱਚਾ ਰਸਤੇ ਵਿੱਚ ਨਾ ਆਵੇ ।

• ਹਮੇਸ਼ਾ ਸਾਈਕਲ ਜਾਂ ਬਾਈਕ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ ਕਰੋ ।

• ਕਦੇ ਵੀ ਖੇਡਣ ਵਾਲੀ ਸਮੱਗਰੀ ਗਿੱਲ੍ਹੀ ਨਾ ਵਰਤੋਂ , ਜਿਸ ਨਾਲ ਕਿ ਸਮਾਨ ਸੱਲਿਪ ਹੋ ਸਕਦਾ ਹੈ ।

• ਜਦੋਂ ਤੁਸੀਂ ਧੁੱਪ ਵਿੱਚ ਬਾਹਰ ਖੇਡਦੇ ਹੋ ਤਾਂ ਝੱਲਸਣ ਤੋਂ ਬਚਣ ਲਈ ਸਨਸਕਰੀਨ ਦੀ ਵਰਤੋਂ ਕਰੋ ।

Downloaded from https:// www.studiestoday.com

Downloaded from https:// www.studiestoday.com

ਗਰਮਾਉਣਾ(**ਸਰੀਰਕ ਕਿਰਿਆਵਾਂ ਕਰਨ ਤੋਂ ਪਹਿਲਾਂ ਸਰੀਰ ਨੂੰ ਗਰਮਾਉਣਾ**)

ਸਪੋਰਟਸ- ਜਾਣਕਾਰੀ ਦੀ ਸਾਰੀ ਕਹਾਣੀ

ਕਸਰਤ ਤੋਂ ਪਹਿਲਾਂ ਸਰੀਰ ਨੂੰ ਗਰਮਾਉਣ ਦੀ ਕਿਰਿਆ ਵਿੱਚ ਲਹੂ ਦਾ ਦਬਾਅ ਕਸਰਤ ਕਰਨ ਲਈ ਵਰਤੋਂ ਵਿੱਚ ਆਉਣ ਵਾਲੀਆਂ ਮਾਸਪੇਸ਼ੀਆਂ ਵੱਜੋਂ ਹੋ ਜਾਂਦਾ ਹੈ । ਉਨ੍ਹਾਂ ਨੂੰ ਕਿਸੇ ਵੀ ਨੁਕਸਾਨ ਤੋਂ ਬਚਾਉਂਦਾ ਹੈ । ਸਰੀਰ ਗਰਮਾਉਣ ਨਾਲ ਸਰੀਰ ਮਾਨਸਿਕ ਅਤੇ ਸਰੀਰਕ ਪੱਖੋਂ ਉਸ ਕੰਮ ਜਾਂ ਕਸਰਤ ਲਈ ਤਿਆਰ ਹੋ ਜਾਂਦਾ ਹੈ ।

ਗਰਮਾਉਣ ਦੇ ਫਾਇਦੇ :-

1. **ਮਾਸਪੇਸ਼ੀਆਂ ਦੇ ਤਾਪਮਾਨ ਵਿੱਚ ਵਾਧਾ** :- ਸਰੀਰ ਗਰਮਾਉਣ ਦੀ ਕਿਰਿਆ ਵਿੱਚ ਮਾਸਪੇਸ਼ੀਆਂ ਦੇ ਤਾਪਮਾਨ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਮਾਸਪੇਸ਼ੀਆਂ ਦੀ ਲਚਕ ਵਿੱਚ ਵਾਧਾ ਹੁੰਦਾ ਹੈ ਤੇ ਉਹ ਤੇਜੀ ਨਾਲ ਫੈਲਣ ਅਤੇ ਸੁੰਗੜਨ ਲਈ ਤਿਆਰ ਹੋ ਜਾਂਦੀਆਂ ਹਨ ।
2. **ਲਹੂ ਵਹਿਣੀ ਦਾ ਫੈਲਣਾ** :- ਇਸ ਨਾਲ ਲਹੂ ਆਰਾਮ ਨਾਲ ਪੇਸ਼ੀਆਂ ਤੱਕ ਪਹੁੰਚਦਾ ਹੈ ਤੇ ਦਿਲ ਤੇ ਕੋਈ ਵਾਧੂ ਦਬਾਅ ਨਹੀਂ ਪੈਂਦਾ ।
3. **ਲਹੂ ਦੇ ਤਾਪਮਾਨ ਵਿੱਚ ਵਾਧਾ** :- ਲਹੂ ਦਾ ਤਾਪਮਾਨ ਵੱਧਣ ਨਾਲ ਲਹੂ ਵਿਚਲੇ ਹੀਮੋਗਲੋਬਿਨ ਆਕਸੀਜਨ ਨੂੰ ਛੇਤੀ ਮਾਸਪੇਸ਼ੀਆਂ ਦੇ ਵਿੱਚ ਛੱਡ ਦਿੰਦੇ ਹਨ । ਜਿਸ ਨਾਲ ਮਾਸਪੇਸ਼ੀ ਨੂੰ ਥੋੜੀ ਵੱਧ ਆਕਸੀਜਨ ਮਿਲਦੀ ਹੈ ਅਤੇ ਇਸ ਨਾਲ ਮਾਸਪੇਸ਼ੀ ਜਿਆਦਾ ਕੰਮ ਕਰਦੀ ਹੈ ।
4. **ਹਾਰਮੋਨ ਬਦਲਾਅ** :- ਇਸ ਨਾਲ ਸਰੀਰ ਵਿੱਚ ਵੱਖ - ਵੱਖ ਹਾਰਮੋਨ ਪੈਦਾ ਹੁੰਦੇ ਹਨ ਤੇ ਸਰੀਰ ਨੂੰ ਆਉਣ ਵਾਲੇ ਸਮੇਂ ਲਈ ਕਾਰਬੋਹਾਈਡ੍ਰੇਟ ਅਤੇ ਫੈਟੀ ਐਸਿਡ ਤੋਂ ਊਰਜਾ ਪੈਦਾ ਕਰਨ ਲਈ ਤਿਆਰ ਕਰਦੇ ਹਨ ।
5. **ਮਾਨਸਿਕ ਤਿਆਰੀ** :- ਇਸ ਨਾਲ ਸਰੀਰ ਆਉਣ ਵਾਲੀ ਕਿਰਿਆ ਲਈ ਸਮਾਂ ਰਹਿੰਦੇ ਹੀ ਤਿਆਰ ਹੋ ਜਾਂਦਾ ਹੈ । ਚੰਗੀ ਸੋਚ ਨਾਲ ਖਿਡਾਰੀ ਆਪਣੇ ਕੰਮ ਤੇ ਕੇਂਦਰਿਤ ਹੋ ਜਾਂਦਾ ਹੈ ।

Downloaded from https:// www.studiestoday.com

Downloaded from https:// www.studiestoday.com

ਅਰਾਮ ਦੀ ਅਵਸਥਾ ਅਤੇ ਫੈਲਾਅ (Cool down and stretching)

ਚੰਗੀ ਕਸਰਤ ਕਰਨ ਤੋਂ ਬਾਅਦ ਸਰੀਰ ਨੂੰ ਅਰਾਮ ਦੀ ਅਵਸਥਾ ਵਿੱਚ ਲਿਆਉਣ ਦੇ ਸਮੇਂ ਨੂੰ ਰਿਕਵਰੀ ਪੀਰੀਅਡ ਕਿਹਾ ਜਾਂਦਾ ਹੈ । ਸਰੀਰ ਦੀਆਂ ਮਾਸਪੇਸ਼ੀਆਂ ਦੇ ਹੌਲੀ - ਹੌਲੀ ਫੈਲਾਉਣ ਅਤੇ ਇਕੱਠੇ ਕਰਨ ਨਾਲ ਸਰੀਰ ਅਗਲੇ ਵੱਡੇ ਕੰਮ ਲਈ ਤਿਆਰ ਹੋ ਜਾਂਦਾ ਹੈ । ਪਰੰਤੂ ਕਈ ਆਦਮੀ ਇਹਨਾਂ ਦੋਵੇਂ ਕਿਰਿਅਵਾਂ ਚੰਗੀ ਕਸਰਤ ਤੋਂ ਪਹਿਲਾਂ ਸਰੀਰ ਨੂੰ ਤਿਆਰ ਕਰਨਾ ਅਤੇ ਕਸਰਤ ਤੋਂ ਬਾਅਦ ਹੌਲੀ - ਹੌਲੀ ਰੁਕਣ ਨੂੰ ਨਜ਼ਰ ਅੰਦਾਜ਼ ਕਰਦੇ ਹਨ । ਜਦੋਂ ਕਿ ਇਹ ਦੋਵੇਂ ਕਿਰਿਆਵਾਂ ਸਰੀਰ ਲਈ ਕਸਰਤ ਜਿੰਨੀਆਂ ਹੀ ਜਰੂਰੀ ਹਨ ।

ਚੰਗੀ ਕਸਰਤ ਤੋਂ ਬਾਅਦ ਸਰੀਰ ਨੂੰ ਨਾਰਮਲ ਅਵਸਥਾ ਵਿੱਚ ਲਿਆਉਣ ਲਈ ਕੁੱਝ ਸਮਾਂ ਦੇਣਾ ਚਾਹੀਦਾ ਹੈ ਤਾਂ ਕਿ ਨਬਜ਼ , ਤਾਪਮਾਨ ਅਤੇ ਸਾਹ ਕਿਰਿਆ ਆਮ ਹਾਲਤਾਂ ਵਿੱਚ ਆ ਜਾਣ । ਇਸ ਦੇ ਨਾਲ ਲਹੂ ਗੇੜ ਪ੍ਰਣਾਲੀ ਨਾਰਮਲ ਹੋ ਕੇ ਮਾਸਪੇਸ਼ੀਆਂ ਵਿੱਚ ਇਕਤੱਰ ਹੋਏ ਲੈਕਟਿਕ ਤੇਜ਼ਾਬ ਨੂੰ ਪੇਸ਼ੀ ਸੈਲਾਂ ਤੋਂ ਬਾਹਰ ਕੱਢਦੀ ਹੈ ।

ਜੇਕਰ ਕਸਰਤ ਤੋਂ ਬਾਅਦ ਇੱਕਦਮ ਸਰੀਰ ਨੂੰ ਰੋਕ ਦਿੱਤਾ ਜਾਵੇ ਤਾਂ ਲਹੂ ਮਾਸਪੇਸ਼ੀਆਂ ਦੁਆਲੇ ਇਕੱਠਾ ਹੋ ਜਾਵੇਗਾ । ਅਤੇ ਦਿਮਾਗ ਨੂੰ ਘੱਟ ਲਹੂ ਮਿਲੇਗਾ । ਜਿਸ ਨਾਲ ਦਿਮਾਗ ਨੂੰ ਆਕਸੀਜਨ ਦੀ ਘਾਟ ਹੋਵੇਗੀ ਤੇ ਚੱਕਰ ਆਉਣੇ , ਅੱਖਾਂ ਬੰਦ ਹੋਣੀਆਂ , ਸੁਸਤੀ ਅਤੇ ਉਲਟੀ ਵਾਂਗ ਮਹਿਸੂਸ ਹੁੰਦਾ ਹੈ ।

ਇੱਕ ਚੰਗੇ ਸਰੀਰ ਨੂੰ ਕਸਰਤ ਤੋਂ ਬਾਅਦ ਅਗਮ ਅਵਸਥਾ ਵਿੱਚ ਲਿਆਉਣ ਲਈ ਮਾਸਪੇਸ਼ੀਆਂ ਦਾ ਹੋਲੀ - ਹੋਲੀ ਭੇਜਣਾ ਤੇ ਸੁੰਘੜਣਾ ਜਰੂਰੀ ਹੁੰਦਾ ਹੈ ਇਸ ਸਮੇਂ ਸਰੀਰ ਦੀਆਂ ਲਗਭਗ ਮਾਸਪੇਸ਼ੀਆਂ ਵਾਲੇ ਭਾਗਾਂ ਨੂੰ ਹੋਲੀ - ਹੋਲੀ ਹਿਲਾਉਣਾ ਚਾਹੀਦਾ ਹੈ ਤਾਂ ਕਿ ਸਰੀਰ ਪੂਰੀ ਤਰ੍ਹਾਂ ਆਮ ਅਵੱਸਥਾ ਵਿੱਚ ਆ ਜਾਵੇ ।

ਫੈਲਾਅ ਸੰਬੰਧੀ ਯਾਦ ਰੱਖਣ ਯੋਗ ਗੱਲਾਂ :-

1. ਬਾਊਂਸ ਨਾ ਕਰੋ ।

2. ਅਰਾਮ ਵਿੱਚ ਰਹੋ ਕਦੇ ਵੀ ਸਰੀਰ ਨੂੰ ਨਾ ਹਿਲਾਓ ਜੇਕਰ ਦਰਦ ਹੁੰਦਾ ਹੋਵੇ ।

3. ਹਰੇਕ ਫੈਲਾਅ 20 ਸਕਿੰਟ ਤੋਂਜਿਆਦਾ ਨਾ ਹੋਵੇ ।

4. ਠੰਡੇ ਮਾਸਪੇਸ਼ੀਆਂ ਨੂੰ ਕਦੇ ਵੀ ਨਾ ਫੈਲਾਓ । ਸਰੀਰ ਨੂੰ ਫੈਲਾਣ ਤੋਂ ਪਹਿਲਾਂ ਕਸਰਤ (Jogging) ਕਰ ਲੈਣੀ ਜਰੂਰੀ ਹੈ ।

5. ਦੌੜਣ ਤੋਂ ਪਹਿਲਾਂ ਸਰੀਰ ਨੂੰ ਥੋੜ੍ਹਾ ਜਿਹਾ ਫੈਲਾਓ ਅਤੇ ਬਾਅਦ ਵਿੱਚ ਜਿਆਦਾ ਫੈਲਾਓ ।

Downloaded from https:// www.studiestoday.com

Downloaded from https:// www.studiestoday.com

ਸੁਰੱਖਿਅਤ ਖੇਢਣ ਲਈ

- ਪੂਰੀ ਤਰ੍ਹਾਂ ਗਰਮ ਹੋਏ ਬਿਨ੍ਹਾਂ ਨਾ ਖੇਲੋ ।
- ਖੇਡਦੇ ਹੋਏ ਜੂਤੇ , ਕੱਪੜੇ ਠੀਕ ਢੰਗ ਨਾਲ ਪਾਓ ।
- ਖੇਡਦੇ ਹੋਏ ਪਾਣੀ ਦੀ ਬੋਤਲ ਕੋਲ ਰੱਖੋ ।
- ਮੈਦਾਨ ਵਿੱਚ ਲੋਕਾਂ ਤੋਂ ਅਤੇ ਨੀਚੇ ਗਿਰੀਆਂ ਹੋਈਆਂ ਚੀਜ਼ਾਂ ਤੋਂ ਸਾਵਧਾਨ ਰਹੋ ।
- ਜਿਹੜੇ ਖੇਤਰ ਵਿੱਚ ਖੇਡ ਹੋਣੀ ਹੈ ਉੱਥੋਂ ਬਾਰ-2 ਨਾ ਗੁਜ਼ਰੋ ।
- ਖੇਡਦੇ ਹੋਏ ਹਥਿਆਰਾਂ ਦੀ ਵਰਤੋਂ ਨਾ ਕਰੋ ।
- ਜੇਕਰ ਜਖਮੀ ਹੋ ਜਾਵੋ ਤਾਂ ਕੋਚ ਦੀ ਮਦਦ ਲਵੋ ।
- ਮੈਦਾਨ ਵਿੱਚੋਂ ਕਿੱਲ, ਪੱਥਰ, ਕੱਚ ਆਦਿ ਨੂੰ ਦੂਰ ਰੱਖੋ ।
- ਸਰੀਰ ਨੂੰ ਸਮਰੱਥਾ ਤੋਂ ਜਿਆਦਾ ਨਾ ਖਿੱਚੋ ।
- ਬੇਕਾਰ ਜਾਂ ਫਟਿਆ ਹੋਇਆ ਖੇਡ ਦਾ ਸਾਮਾਨ ਨਾ ਵਰਤੋ ।

ਖੇਡਾਂ ਦੀ ਸਹੀ ਵਰਦੀ

Downloaded from https:// www.studiestoday.com

Downloaded from https:// www.studiestoday.com

ਸਵੀਮਿੰਗ ਪੂਲ ਵਿੱਚ ਸੁਰੱਖਿਆ

- ਉੱਥੇ ਮੌਜੂਦ ਸਟਾਫ ਨੂੰ ਆਪਣੇ ਆਣ-ਜਾਣ ਬਾਰੇ ਦੱਸੋ ।
- ਤੈਰਾਕੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਨਹਾਓ ।
- ਚਾਹੇ ਤੁਸੀਂ ਚੰਗੇ ਤੈਰਾਕ ਹੋ ਤਾਂ ਵੀ ਬਿਨਾਂ ਨਿਗਰਾਨੀ ਦੇ ਨਾ ਤੈਰੋ ।
- ਹਮੇਸ਼ਾ ਠੀਕ ਤੈਰਾਕੀ ਪੋਸ਼ਾਕ ਪਾਉ ।
- ਜਿਆਦਾ ਡੂੰਘੇ ਪਾਣੀ ਵਿੱਚ ਨਾ ਜਉ ।
- ਪੂਲ ਦੇ ਨੇੜੇ ਘੁੜਸਵਾਰੀ ਨਾ ਕਰੋ ।
- ਭਾਰੀ (ਜਿਆਦਾ) ਖਾਣਾ ਖਾਣ ਤੋਂ ਬਾਅਦ ਨਾ ਤੈਰੋ ।
- ਡੁੱਬਣ ਦੀ ਨਕਲ ਨਾ ਕਰੋ ।
- ਆਪਣੀ ਸਮਰੱਥਾ ਤੋਂ ਜਿਆਦਾ ਨਾ ਤੈਰੋ ।
- ਤੈਰਣ ਤੋਂ ਪਹਿਲਾਂ ਟਾਇਲਟ ਦਾ ਇਸਤੇਮਾਲ ਕਰੋ ।
- ਆਪਣਾ ਨੱਕ ਸਾਫ ਕਰਨ ਲਈ ਪੂਲ ਦੇ ਗੱਟਰ (gutter) ਦਾ ਇਸਤੇਮਾਲ ਕਰੋ ।
- ਜੇਕਰ ਤੁਹਾਨੂੰ ਚਮੜੀ ਦੀ ਬੀਮਾਰੀ /ਐਲਰਜੀ /ਖੁੱਲਾ ਜਖ਼ਮ ਹੋਵੇ ਤਾਂ ਪੂਲ ਵਿੱਚ ਨਾ ਜਉ ।

Downloaded from https:// www.studiestoday.com

Downloaded from https:// www.studiestoday.com

ਯਾਦ ਰੱਖਣਯੋਗ ਗੱਲਾਂ

ਸੁਰੱਖਿਆ -ਇਹ ਸੁਰੱਖਿਅਤ ਹੋਣ ਦਾ ਰਾਜ ਹੈ ।

ਰੱਖ-ਰਖਾਵ -ਚੰਗੀ ਹਾਲਤ ਵਿੱਚ ਰੱਖਣ ਲਈ ।

ਗਰਮ ਹੋਣਾ - ਇਹ ਕਸਰਤ ਕਰਨ ਤੋਂ ਪਹਿਲਾਂ ਦਿਲ ਦੀ ਦਰ ਵਧਾਉਣ ਲਈ ਅਤੇ ਸਰੀਰ ਨੂੰ ਗਰਮ ਕਰਨ ਲਈ ਅਭਿਆਸ ਹੈ ।

ਠੰਡਾ ਹੋਣਾ - ਇਹ ਕਸਰਤ ਕਰਨ ਤੋਂ ਬਾਅਦ ਦਿਲ ਦੀ ਦਰ ਨੂੰ ਵਾਪਸ ਲਿਆਉਣ ਵਾਲੀ ਕਿਰਿਆ ਹੈ ।

ਸੁਰੱਖਿਅਤ ਕੰਮ - ਸੱਟ ਤੋਂ ਬਚਾਉਣ ਦਾ ਕੰਮ ਕਰਦਾ ਹੈ ।

ਸੁਰੱਖਿਅਤ ਹਾਲਤਾਂ - ਸਰੀਰਕ ਵਿੱਤੀ ਜਾਂ ਭਾਵਨਾਤਮਕ ਵਿਰੁੱਧ ਸੁਰੱਖਿਅਤ ਹੋਣ ਦੀ ਹਾਲਤ ਜਾਂ ਅਸਫਲਤਾ, ਨੁਕਸਾਨ, ਸੱਟ ਅਤੇ ਹਾਦਸੇ ਦੇ ਹੋਰ ਕਿਸਮ ਦੇ ਨਤੀਜੇ ।

ਜੰਗ ਲੱਗਣਾ - ਲੋਹੇ ਨੂੰ ਜੰਗ ਲੱਗਣ ਦੀ ਰਸਾਇਣਿਕ ਪ੍ਰਕਿਰਿਆ ।

ਸਨ-ਸਕਰੀਨ -ਇਕ ਘੋਲ ਜੋ ਚਮੜੀ ਦੀ ਸੁਰੱਖਿਆ ਲਈ ।

ਅਭਿਆਸ

1. ਸਕੂਲ ਵਿੱਚ ਖੇਡ ਸਹੂਲਤ ਅਤੇ ਸੁਰੱਖਿਆ ਦੇ ਮੁੱਦੇ ਦੇ ਸਰਵੇਖਣ ਦੀ ਸੂਚੀ ।

.....

.....

.....

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

2. ਕਾਲਮ ਏ ਵਿੱਚ ਲਿਖੋ ਜੇਕਰ ਕਾਲਮ ਬੀ ਦੀ ਸਰਗਰਮੀ ਇਕ ਸੁਰੱਖਿਅਤ ਐਕਟ ਜਾਂ ਸੁਰੱਖਿਅਤ ਹਾਲਤ ਹੈ।

ਕਾਲਮ ਏ	ਕਾਲਮ ਬੀ
ਸੁਰੱਖਿਅਤ ਹਾਲਤ	• ਖਿਡੌਣੇ ਦੀ ਦੇਖਭਾਲ
	• ਮੈਦਾਨ ਦੀ ਸੰਭਾਲ
ਸੁਰੱਖਿਅਤ ਕੰਮ (ਐਕਟ)	• ਠੰਡਾ ਹੋਣਾ
	• ਗਰਮ ਹੋਣਾ
	• ਖਿੱਚਣਾ
	• ਤੈਰਾਕੀ ਪੂਲ 'ਤੇ ਸੁਰੱਖਿਅਤ ਸਾਈਨਬੋਰਡ ਮੈਦਾਨ ਵਿੱਚ ਪਾਣੀ ਦੀ ਬੋਤਲ
	• ਟੋਪ (Helmet) ਪਹਿਨਣਾ ਤੈਰਾਕੀ ਪੂਲ ਵਰਤਣ ਤੋ ਪਹਿਲਾਂ ਟਾਇਲਟ ਵਰਤਣਾ
	• ਖੇਡ ਦੇ ਮੈਦਾਨ 'ਤੇ ਮੁੱਢਲੀ ਸਹਾਇਤਾ

ਮੁਲਾਂਕਣ

1. ਸੁਰੱਖਿਅਤ ਹਾਲਤ ਅਤੇ ਸੁਰੱਖਿਅਤ ਕੰਮ ਵਿੱਚ ਕੀ ਅੰਤਰ ਹੈ ?

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

2. ਇਕ ਗਰਮ ਕਰਨ ਅਤੇ ਠੰਡਾ ਕਰਨ ਨੂੰ ਸੁਰੱਖਿਅਤ ਐਕਟ ਮੰਨਿਆ ਗਿਆ ਹੈ ?

.....

.....

.....

.....

.....

.....

.....

.....

.....

.....

3. ਤੁਸੀਂ ਆਪਣੇ ਸਕੂਲ ਦੇ ਖੇਡਣ ਲਈ ਇਕ ਸੁਰੱਖਿਅਤ ਜਗ੍ਹਾ ਬਣਾਉਣ ਲਈ ਕੀ ਕੰਮ ਕਰੋਗੇ ?

.....

.....

.....

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਪ੍ਰਦਰਸ਼ਨ ਦਾ ਮਿਆਰ , ਪਰ ਸੀਮਿਤ ਨਹੀਂ

ਭਾਗ (ਓ)

ਅੰਤਰ ਪਤਾ ਕਰੋ

1. ਸੁਰੱਖਿਅਤ ਹਾਲਤ ਜਾਂ ਸੁਰੱਖਿਅਤ ਕੰਮ ।

ਭਾਗ (ਅ)

ਹੇਠ ਲਿਖੇ ਦੀ ਕਲਾਸ ਵਿੱਚ ਚਰਚਾ ਕਰੋ -

1. ਸੁਰੱਖਿਅਤ ਹਾਲਤ ਅਤੇ ਸੁਰੱਖਿਅਤ ਕੰਮ ਸੰਬੰਧੀ ਕੀ ਹਦਾਇਤਾਂ ਹੋਣਗੀਆਂ ?

ਭਾਗ (ਏ)

ਪ੍ਰਦਰਸ਼ਨ ਦਾ ਮਿਆਰ , ਪਰ ਸੀਮਿਤ ਨਹੀਂ

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
ਗੇਂਦ ਨੂੰ ਸੁਰੱਖਿਅਤ ਵਰਤਣ ਦਾ ਪ੍ਰਦਰਸ਼ਨ		
ਫਲੈਕਸੀ ਖੰਭੇ ਨੂੰ ਸੁਰੱਖਿਅਤ ਵਰਤਣ ਦਾ ਪ੍ਰਦਰਸ਼ਨ		
ਰੱਸੀ–ਪੌੜੀ (rope-ladder) ਨੂੰ ਸੁਰੱਖਿਅਤ ਵਰਤਣ ਦਾ ਪ੍ਰਦਰਸ਼ਨ		
ਜਿੰਮ–ਮੈੱਟ ਨੂੰ ਸੁਰੱਖਿਅਤ ਵਰਤਣ ਦਾ ਪ੍ਰਦਰਸ਼ਨ		
ਬਿਨ ਬੈਗਸ ਨੂੰ ਸੁਰੱਖਿਅਤ ਵਰਤਣ ਦਾ ਪ੍ਰਦਰਸ਼ਨ		

Downloaded from https:// www.studiestoday.com

Downloaded from https:// www.studiestoday.com

ਸੈਸ਼ਨ - 4 ਮੁੱਢਲੀ ਸਹਾਇਤਾ ਦੀ ਸਿੱਖਿਆ

ਸੰਬੰਧਤ ਗਿਆਨ

ਮੁੱਢਲੀ ਸਹਾਇਤਾ -ਧਾਰਨਾ

ਅੱਜ ਦੇ ਆਧੁਨਿਕ ਯੁੱਗ ਵਿੱਚ ਵਿਗਿਆਨਕ ਵਿਕਾਸ ਦੇ ਕਾਰਨ ਜੀਵਨ ਬਹੁਤ ਤੇਜ਼ ਹੋ ਗਿਆ ਹੈ ਇਸ ਕਾਰਨ ਹਰੇਕ ਸਥਾਨ 'ਤੇ ਬਹਤ ਸਾਰੀਆਂ ਦੁਰਘਟਨਾਵਾਂ ਹੋ ਰਹੀਆਂ ਹਨ ਅਜਿਹੀ ਹਾਲਤ ਵਿੱਚ ਮੁੱਢਲੀ ਸਹਾਇਤਾ ਬਹੁਤ ਮਹੱਤਵਪੂਰਨ ਹੈ ਕੇਵਲ ਮੁੱਢਲੀ ਸਹਾਇਤਾ ਹੀ ਕਾਫੀ ਨਹੀਂ ਹੈ ਇਸ ਨੂੰ ਦੇਣ ਵਾਲਾ ਵਿਅਕਤੀ ਵੀ ਚਾਹੀਦਾ ਹੈ। ਮੁੱਢਲੀ ਸਹਾਇਤਾ ਦਾ ਭਾਵ ਉਹ ਸਹਾਇਤਾ ਹੈ ਜਿਹੜੀ ਕਿ ਫੱਟੜ ਨੂੰ ਚੋਟ ਲੱਗਣ 'ਤੇ ਜਾਂ ਕਿਸੇ ਹੋਰ ਦੁਰਘਟਨਾ ਦੇ ਤੁਰੰਤ ਮਗਰੋਂ ਡਾਕਟਰ ਦੇ ਆਉਣ ਤੋਂ ਪਹਿਲਾਂ ਜਾਂ ਡਾਕਟਰੀ ਸਹਾਇਤਾ ਦੇਣ ਤੋਂ ਪਹਿਲਾਂ ਦਿੱਤੀ ਜਾਂਦੀ ਹੈ। ਮੁੱਢਲੀ ਸਹਾਇਤਾ ਵੀ ਇਕ ਮਹੱਤਵਪੂਰਨ ਹੁਨਰ ਹੁੰਦਾ ਹੈ। ਕੁੱਝ ਸਧਾਰਨ ਵਿਧੀ ਦੁਆਰਾ ਅਤੇ ਕੁੱਝ ਦਿਸ਼ਾ ਨਿਰਦੇਸ਼ਾਂ ਦੁਆਰਾ ਜ਼ਿੰਦਗੀ ਨੂੰ ਡਾਕਟਰੀ ਸਹਾਇਤਾ ਆਉਣ ਤੋਂ ਪਹਿਲਾਂ ਬਚਾਇਆ ਜਾ ਸਕਦਾ ਹੈ।

ਮੁੱਢਲੀ ਸਹਾਇਤਾ ਦੇ ਉਦੇਸ਼ ਅਤੇ ਮੂਲ ਨਿਯਮ

ਮੁੱਢਲੀ ਸਹਾਇਤਾ ਨੂੰ ਡਾਕਟਰੀ ਸਹਾਇਤਾ ਨਹੀਂ ਕਿਹਾ ਜਾ ਸਕਦਾ। ਇਹ ਇੱਕ ਮੁੱਢਲੇ ਸਹਾਇਕ ਦਾ ਉਪਰਾਲਾ ਹੁੰਦਾ ਹੈ ਕਿ ਹਾਦਸਾ–ਗ੍ਰਸਤ ਵਿਅਕਤੀ ਦੀ ਨਾਜ਼ੁਕ ਹਾਲਤ ਨੂੰ ਡਾਕਟਰ ਦੇ ਆਉਣ ਤੋਂ ਪਹਿਲਾਂ ਜਾਂ ਡਾਕਟਰ ਕੋਲ ਪਹੁੰਚਾਉਣ ਤੋਂ ਪਹਿਲਾਂ ਜਾਂ ਕਿਸੇ ਵਹੀਕਲ ਨੂੰ ਹਸਪਤਾਲ ਪਹੁੰਚਾਉਣ ਤੋਂ ਪਹਿਲਾਂ ਜਾਂ ਮਰੀਜ਼ ਨੂੰ ਘਰ ਪਹੁੰਚਾਉਣ ਤੋਂ ਪਹਿਲਾਂ ਸੰਭਾਲਿਆ ਜਾ ਸਕੇ ਅਤੇ ਉਸਦੀ ਜਾਨ ਬਚਾਈ ਜਾ ਸਕੇ।

ਸਿਧਾਂਤ

- ਮੁੱਢਲੇ ਸਹਾਇਕ ਨੂੰ ਲੋੜ ਅਨੁਸਾਰ ਕੰਮ ਕਰਨਾ ਚਾਹੀਦਾ ਹੈ।
- ਮਰੀਜ਼ ਦੇ ਆਲੇ–ਦੁਆਲੇ ਲੋਕਾਂ ਨੂੰ ਇਕੱਠੇ ਨਾ ਹੋਣ ਦਿਓ।
- ਸਭ ਤੋਂ ਪਹਿਲਾਂ ਖੂਨ ਨੂੰ ਵਗਣ ਤੋਂ ਰੋਕਣਾ ਚਾਹੀਦਾ ਹੈ।
- ਰੋਗੀ ਦਾ ਜੇ ਸਾਹ ਰੁਕਦਾ ਹੋਵੇ ਤਾਂ ਉਸਨੂੰ ਬਣਾਉਟੀ ਸਾਹ ਦਿਓ।

ਕੱਟ ਅਤੇ ਚੋਟ

ਕੱਟ ਅਤੇ ਚੋਟਾਂ ਬਹੁਤ ਵਧਦੀਆਂ ਜਾ ਰਹੀਆਂ ਹਨ। ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਤੋਂ ਬਚਾਓ। ਪਰ ਜੇਕਰ ਉਹ ਇਸ ਤਰ੍ਹਾਂ ਦੀ ਸੱਟ ਖਾ ਵੀ ਲੈਣ ਤੇ ਉਨ੍ਹਾਂ ਦੇ ਕੱਟ ਅਤੇ ਚੋਟਾ ਡੂੰਘੀਆਂ ਲੱਗੀਆ ਹੋਣ ਅਤੇ ਖੂਨ ਨਾ ਰੁੱਕਦਾ ਹੋਵੇ ਤਾਂ ਉਸ ਨੂੰ ਡਾਕਟਰ ਕੋਲ ਲੈ ਜਾਵੋ।

ਕੀ ਕਰਨਾ ਚਾਹੀਦਾ ਹੈ ?

- ਜ਼ਖਮ ਨੂੰ ਹੋਲੀ-2 ਸਾਫ ਪਾਣੀ ਨਾਲ ਧੋਵੋ।
- ਜੇਕਰ ਜਖ਼ਮ ਵਿੱਚੋਂ ਖੂਣ ਵਹਿ ਰਿਹਾ ਹੋਵੇ ਤਾਂ ਉਸ ਉਤੇ ਦਬਾਅ ਪਾ ਕੇ ਖੂਨ ਰੋਕੋ। ਇਸ ਵਾਸਤੇ ਸਾਫ ਜਾਲੀਦਾਰ ਕੱਪੜਾ ਜਾਂ ਪੱਟੀ, ਜੋ ਮੌਕੇ 'ਤੇ ਮਿਲ ਜਾਵੇ ਬੰਨੋ।
- ਜੇਕਰ ਜਖ਼ਮੀ ਹਿੱਸਾ ਦਿਲ ਦੇ ਨੇੜੇ ਹੈ, ਤਾਂ ਉੱਥੇ ਘੱਟ ਦਬਾਅ ਪਾ ਕੇ ਖੂਨ ਨੂੰ ਵੱਗਣ ਤੋਂ ਰੋਕੋ।
- ਜਦੋਂ ਖੂਨ ਰੁੱਕ ਜਾਵੇ ਉਦੋਂ ਜਖ਼ਮ ਨੂੰ ਢੱਕੋ।

Downloaded from https:// www.studiestoday.com

Downloaded from https:// www.studiestoday.com

ਰੋਕਥਾਮ:

ਬੱਚਿਆਂ ਨੂੰ ਤਿੱਖੀਆਂ ਚੀਜ਼ਾਂ ਠੀਕ ਤਰ੍ਹਾਂ ਵਰਤਣ ਦੀ ਸਲਾਹ ਦਿਓ । ਜਦੋਂ ਉਹ ਤਿੱਖੀਆਂ ਚੀਜ਼ਾਂ ਵਰਤਦੇ ਹੋਣ ਤਾਂ ਉਹਨਾਂ ਉੱਤੇ ਨਿਗ੍ਹਾਂ ਰੱਖੋ । ਬੱਚਿਆਂ ਦਾ ਘਰ ਦੇ ਵਾਤਾਵਰਣ ਅਤੇ ਸਕੂਲ ਦੇ ਵਾਤਾਵਰਣ ਵਿੱਚ ਤਿੱਖੀਆਂ ਚੀਜ਼ਾਂ ਤੋਂ, ਕੱਚ ਤੋ, ਚਾਕੂ ਆਦਿ ਵਰਤਨ ਤੋਂ ਸਾਵਧਾਨ ਰਹੋ ।

ਕੱਟ ਅਤੇ ਜਖ਼ਮ ਕਿਵੇਂ ਠੀਕ ਹੁੰਦੇ ਹਨ ?

ਜਦੋਂ ਕਿਸੇ ਰੋਗੀ ਦੀ ਚਮੜੀ ਉੱਤੇ ਕੱਟ ਜਾਂ ਸਕਰੈਚ ਪੈ ਜਾਵੇ ਅਤੇ ਖੁਨ ਵੱਗਣ ਲੱਗ ਪੈਂਦਾ ਹੈ । ਇਹ ਚਮੜੀ ਦੇ ਥੱਲੇ ਜੋ ਖੂਨ ਦੀਆਂ ਨਸਾਂ ਹੁਦੀਆਂ ਹਨ ਉਹਨਾਂ ਉੱਤੇ ਕੱਟ ਵੱਜਣ ਕਾਰਨ ਖੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਹਵਾ ਲੱਗਣ ਨਾਲ ਖੂਨ ਬਾਹਰ ਜੰਮ ਜਾਂਦਾ ਹੈ ਇਸ ਨੂੰ ਕਲੋਟਿੰਗ (clotting ਕਹਿੰਦੇ ਹਨ। ਜਖ਼ਮ ਦੇ ਉੱਪਰ ਇਕ ਪਾਪੜੀ (scab) ਜਿਹੀ ਜੰਮ ਜਾਂਦੀ ਹੈ ਜੋ ਕਿ ਜਖ਼ਮ ਦੇ ਬਾਹਰ ਦੇ ਕੀਟਾਣੂਆਂ ਨੂੰ ਉਸ ਉੱਪਰ ਲੱਗਣ ਤੋਂ ਰੋਕਦੀ ਹੈ । ਇਹ ਚਮੜੀ ਦੇ ਉਸ ਭਾਗ ਨੂੰ ਉਦੋਂ ਤੱਕ ਸਾਂਭਦੀ ਹੈ ਜਦੋਂ ਤੱਕ ਜਖ਼ਮ ਠੀਕ ਨਾ ਹੋ ਜਾਵੇ ਅਤੇ ਨਵੀਂ ਚਮੜੀ ਨਾ ਆ ਜਾਵੇ । ਜਦੋਂ ਨਵੀਂ ਚਮੜੀ ਆਉਣੀ ਸ਼ੁਰੂ ਹੋ ਜਾਂਦੀ ਹੈ ਤਾਂ ਇਹ ਪਾਪੜੀ (scab) ਆਪਣੇ ਆਪ ਉਤਰਨੀ ਸ਼ੁਰੂ ਹੋ ਜਾਂਦੀ ਹੈ ਇਹ ਇਕ ਦੋ ਹਫਤਿਆ ਵਿੱਚ ਆਉਣੀ ਸ਼ੁਰੂ ਹੋ ਜਾਂਦੀ ਹੈ ਇਸ ਨੂੰ ਖੁਦ ਨਾ ਪੱਟੋ ਨਹੀਂ ਤਾਂ ਜਖ਼ਮ ਠੀਕ ਹੋਣ ਵਿੱਚ ਜ਼ਿਆਦਾ ਸਮਾਂ ਲੱਗੇਗਾ ।

ਗਰਮੀ ਦੀ ਥਕਾਵਟ ਅਤੇ ਲੂ ਲੱਗਣਾ

ਚਿੰਨ੍ਹ ਅਤੇ ਲੱਛਣ

- ਪਿਆਸ ਲੱਗਣਾ
- ਕਮਜ਼ੋਰ ਮਾਸਪੇਸ਼ੀਆਂ
- ਮਿਚਲੀ ਜਾਂ ਉਲਟੀ ਕਰਨਾ
- ਬੇਸੁਰਤ ਹੋਣਾ
- ਸਿਰ ਦਰਦ
- ਜਿਆਦਾ ਪਸੀਨਾ ਆਉਣਾ
- ਸਾਹ ਲੈਣ ਵਿੱਚ ਮੁਸ਼ਕਿਲ

ਕੀ ਕਰਨਾ ਚਾਹੀਦਾ ਹੈ ?

- ਬੱਚੇ ਨੂੰ ਛਾਂ ਵਾਲੀ ਥਾਂ ਉੱਤੇ ਲੈ ਜਾਓ ਅਤੇ ਉਸਦੇ ਪੈਰ ਸਿੱਧੇ ਕਰਕੇ ਲਿਟਾ ਦਿਓ ।ਅਤੇ ਉਸਦੇ ਕੱਪੜੇ ਢਿੱਲੇ ਕਰੋ ।
- ਜੇਕਰ ਬੱਚਾ ਹੋਸ਼ ਵਿੱਚ ਹੋਵੇ ਤਾਂ ਉਸਦੇ ਸਿਰ ਉੱਪਰ ਠੰਢ ਗਿੱਲਾ ਕੱਪੜਾ ਰੱਖ ਦਿਓ ।
- ਉਸਨੂੰ ਠੰਢਾ ਪਾਣੀ ਜਾਂ ਸਪੋਰਟਸ ਡਰਿੰਕ ਦਿਓ ।
- ਜੇਕਰ ਉਹ ਉਲਟੀ ਕਰਦਾ ਹੈ ਤਾਂ ਸਾਹ ਰੁੱਕਣ ਤੋਂ ਬਚਾਉਣ ਲਈ ਉਸਨੂੰ ਟੇਢਾ ਕਰਕੇ ਲਿਟਾ ਦਿਓ ।
- ਜੇਕਰ ਲੂ ਲੱਗੀ ਹੈ ਤਾਂ ਡਾਕਟਰੀ ਸਹਾਇਤਾ ਤੁਰੰਤ ਲਵੋ ।

Downloaded from https:// www.studiestoday.com

Downloaded from https:// www.studiestoday.com

ਸਾਹ ਲੈਣ ਵਿੱਚ ਤਕਲੀਫ

ਜੇਕਰ ਕਿਸੇ ਦਾ ਸਾਹ ਰੁੱਕ ਜਾਂਦਾ ਹੈ ਤਾਂ ਉਸਨੂੰ ਮੋਢੇ ਤੋਂ ਛੂਹ ਕੇ ਦੇਖੋ ਕਿ ਕੀ ਉਹ ਗੱਲ ਕਰਦਾ ਹੈ ਜੇਕਰ ਅਜਿਹਾ ਨਹੀਂ ਤਾਂ ਉਸਨੂੰ ਮੁੱਢਲੀ ਸਹਾਇਤਾ ਤੁਰੰਤ ਦਿਉ । ਪਰੰਤੂ ਜੇ ਤੁਸੀ ਇੱਕਲੇ ਹੋ ਤਾਂ ਵੀ ਸਧਾਰਨ ਰੂਪ ਵਿੱਚ ਡਾਕਟਰੀ ਸਹਾਇਤਾ ਦੇਣ ਤੋਂ ਪਹਿਲਾਂ ਉਸਨੂੰ ਮੁੱਢਲੀ ਸਹਾਇਤਾ ਦੇ ਦਿਓ ।

- ਰੋਗੀ ਨੂੰ ਫਰਸ਼ ਉੱਤੇ ਲਿਟਾ ਦਿਓ ।
- ਸਿਰ ਨੂੰ ਝੁਕਾਓ ਤਾਂ ਕਿ ਜਬਾੜੇ ਦੇ ਨਿੱਚੇ ਉਂਗਲਾਂ ਰੱਖ ਕੇ ਠੋਡੀ (ਛਹਨਿ) ਨੂੰ ਉੱਪਰ ਵੱਲ ਚੁੱਕਿਆ ਜਾ ਸਕੇ । ਇਸ ਨੂੰ ਉਪਰ ਨਿੱਚੇ ਕਰਦੇ ਰਹੋ । ਹੋ ਸਕਦਾ ਹੈ ਕਿ ਰੋਗੀ ਦੀ ਜੀਭ ਪਿਛਾਂਹ ਵੱਲ ਡਿੱਗ ਕੇ ਹਵਾ ਨਾਲੀ ਨੂੰ ਬੰਦ ਕਰ ਦੇਵੇ ।
- ਇਸ ਹਾਲਤ ਵਿੱਚ ਹਵਾ ਨਾਲੀ ਨੂੰ ਬੰਦ ਹੋਣ ਤੋਂ ਰੋਕਣ ਲਈ ਕਿਸੇ ਸਹਾਇਕ ਦੀ ਸਹਾਇਤਾ ਨਾਲ ਰੋਗੀ ਦੀ ਜੀਭ ਨੂੰ ਰੁਮਾਲ ਨਾਲ ਪਕੜ ਕੇ ਬਾਹਰ ਕੱਢ ਕੇ ਰੱਖੋ ।
- ਜੇ ਕੋਈ ਸਹਾਇਕ ਨਾ ਮਿਲ ਸਕੇ ਤਾਂ ਰੋਗੀ ਦੇ ਸਿਰ ਨੂੰ ਇਕ ਪਾਸੇ ਵੱਲ ਜਿਨ੍ਹਾਂ ਹੋ ਸਕੇ ਮੋੜ ਦਿਓ ।ਆਪਣਾ ਕੰਨ ਰੋਗੀ ਦੇ ਮੂੰਹ ਕੋਲ ਲਿਜਾ ਕੇ ਉਸਦਾ ਸਾਹ ਚੈੱਕ ਕਰੋ ਅਤੇ ਚੈੱਕ ਕਰੋ ਕਿ ਉਹ ਸਾਹ ਲੈ ਰਿਹਾ ਹੈ ? ਇਹ ਕੇਵਲ ਦਸ ਸੈਕਿੰਡ ਵਿੱਚ ਹੀ ਦੇਖਣਾ ਹੈ ।
- ਜੇਕਰ ਰੋਗੀ ਠੀਕ ਸਾਹ ਲੈ ਰਿਹਾ ਹੈ ਤਾਂ ਰੋਗੀ ਦੇ ਸਿਰ ਨੂੰ ਇਕ ਪਾਸੇ ਵਲ ਮੋੜ ਦਿਓ । ਜੇਕਰ ਰੋਗੀ ਠੀਕ ਸਾਹ ਨਹੀਂ ਲੈ ਰਿਹਾ ਤਾਂ ਉਸਨੂੰ ਬਣਾਉਟੀ ਸਾਹ ਦਿਓ ।

ਕਟ (Cut)

ਖੂਨ ਵਹਿਣਾ - ਇਹ ਜ਼ਰੂਰੀ ਹੈ ਕਿ ਹਰੇਕ ਕਿਸਮ ਦੇ ਖੂਨ ਦੇ ਵਹਿਣ ਨੂੰ ਜਲਦੀ ਤੋਂ ਜਲਦੀ ਰੋਕਿਆ ਜਾਵੇ ।

ਛੋਟੇ ਕੱਟ - ਛੋਟੇ ਕੱਟਾਂ ਨਾਲ ਖੂਨ ਵੱਗਣ ਲੱਗ ਪੈਂਦਾ ਹੈ ਤੇ ਕੁਝ ਮਿੰਟਾਂ ਵਿੱਚ ਜਮ ਵੀ ਜਾਂਦਾ ਹੈ । ਜਿੱਥੇ ਖੂਨ ਵਗ ਰਿਹਾ ਹੋਵੇ ਉਸ ਜਗ੍ਹਾਂ ਨੂੰ ਸਾਫ ਕਰੋ ਅਤੇ ਆਰਾਮ ਨਾਲ ਉਸ ਉੱਤੇ ਪਲਾਸਟਰ ਲਗਾ ਦਿਓ ।

ਡੂੰਘੇ ਕੱਟ - ਡੂੰਘੇ ਕੱਟਾਂ ਨਾਲ ਖੂਨ ਜ਼ਿਆਦਾ ਵਹਿੰਦਾ ਹੈ ਅਤੇ ਇਸਨੂੰ ਰੋਕਣ ਲਈ ਕੱਪੜਾ ਰੱਖ ਕੇ ਜਖ਼ਮ 'ਤੇ ਦਬਾ ਪਾਓ । ਅਕਸਰ ਇਹਨਾਂ ਨੂੰ ਠੀਕ ਕਰਨ ਲਈ ਟਾਂਕੇ ਲਗਾਏ ਜਾਂਦੇ ਹਨ ਮੁੱਢਲੀ ਸਹਾਇਤਾ ਕਰਨ ਤੋਂ ਤੁਰੰਤ ਬਾਅਦ ਡਾਕਟਰ ਲਿਜਾ ਕੇ ਇਲਾਜ ਕਰਵਾਓ ।

ਧਮਣੀਆਂ ਵਿੱਚੋਂ ਖੂਨ ਵਹਿਣਾ

ਧਮਣੀਆਂ ਵਿੱਚੋਂ ਖੂਨ ਵਹਿਣ ਉੱਤੇ ਤੁਰੰਤ ਡਾਕਟਰ ਕੋਲ ਲਿਜਾਇਆ ਜਾਵੇ । ਧਮਣੀਆਂ ਵਿੱਚੋਂ ਖੂਨ ਵਹਿਣਾ ਬਹੁਤ ਖਤਰਨਾਕ ਹੁੰਦਾ ਹੈ ਇਸ ਨਾਲ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ ਇਸ ਲਈ ਮੁੱਢਲੀ ਸਹਾਇਤਾ ਦੀ ਤੁਰੰਤ ਲੋੜ ਪੈਂਦੀ ਹੈ । ਨਬਜ਼ ਦੇ ਵੱਧਣ ਨਾਲ ਖੂਨ ਦੀ ਧਾਰਾ ਤੇਜ਼ ਹੋ ਜਾਂਦੀ ਹੈ ਇਹ ਖੂਨ ਅਕਸਰ ਹਲਕੇ ਲਾਲ ਰੰਗ ਦਾ ਹੁੰਦਾ ਹੈ ।

Downloaded from https:// www.studiestoday.com

Downloaded from https:// www.studiestoday.com

ਨਕਸੀਰ

ਨੱਕ ਵਿੱਚੋਂ ਖੂਨ ਵਹਿੰਦਾ ਹੈ ਜਦੋਂ ਨੱਕ ਅੰਦਰ ਦੀ ਝਿੱਲੀ ਫੱਟ ਜਾਂਦੀ ਹੈ। ਸਿਰ ਨੂੰ ਨੀਚੇ ਨੂੰ ਨਾ ਝੁਕਾਓ। ਇਹ ਖੂਨ ਦਾ ਦਬਾਅ ਵਧਾ ਦਿੰਦਾ ਹੈ ਅਤੇ ਉਸ ਨਾਲ ਖੂਨ ਜ਼ਿਆਦਾ ਵਹਿਣ ਲੱਗ ਪੈਂਦਾ ਹੈ । ਕਈ ਵਾਰ ਖੂਨ ਪੇਟ ਵਿੱਚ ਵੀ ਚਲਾ ਜਾਂਦਾ ਹੈ ।

- ਨੱਕ ਦੇ ਛੇਦਾਂ ਨੂੰ 10 ਮਿੰਟ ਲਈ ਬੰਦ ਕਰ ਦਿਓ ।ਜਿਸ ਨਾਲ ਖੂਨ ਦਾ ਦਬਾਉ ਘੱਟ ਜਾਂਦਾ ਹੈ
- ਜਦੋਂ ਇਹ ਛੇਦ ਬੰਦ ਹੋ ਜਾਂਦੇ ਹਨ ਤਾਂ ਰੋਗੀ ਨੂੰ ਸਾਹ ਮੂੰਹ ਨਾਲ ਲੈਣਾ ਚਾਹੀਦਾ ਹੈ॥
- ਜੇਕਰ ਇੰਜ ਕਰਨ ਨਾਲ ਖੂਨ ਬੰਦ ਨਾ ਹੋਵੇ ਤਾਂ ਡਾਕਟਰ ਨਾਲ ਜਲਦੀ ਸੰਪਰਕ ਕੀਤਾ ਜਾਵੇ । ਇਹ ਜ਼ਿਆਦਾ ਗਰਮੀ ਅਤੇ ਖੁਸ਼ਕ ਮੌਸਮ ਵਿੱਚ ਹੋ ਜਾਂਦੀ ਹੈ ।

ਟ੍ਰਿਗਰਸ ਕੀ ਹੈ ? (ਖੁਸ਼ਕ ਮੌਸਮ , ਗਰਮੀ)

ਰੋਕਥਾਮ

ਬੱਚੇ ਜਿਹਨਾਂ ਨੂੰ ਇਹ ਤਕਲੀਫ ਰਹਿੰਦੀ ਹੈ ਉਨ੍ਹਾਂ ਨੂੰ ਪੈਟਰੋਲੀਅਮ ਜੈਲੀ ਜਾਂ ਨਮਕੀਣ ਪਾਣੀ ਦਾ ਸਪਰੇਅ ਕਰਦੇ ਰਹਿਣਾ ਚਾਹੀਦਾ ਹੈ । ਜੇ ਇੰਜ ਕਰਨ ਨਾਲ ਖੂਨ ਫਿਰ ਵੀ ਨਾ ਰੁਕੇ ਤਾਂ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ ।

ਸਾਹ ਬੰਦ ਹੋਣਾ

ਸਾਹ ਉਦੋਂ ਬੰਦ ਹੁੰਦਾ ਹੈ ਜਦੋਂ ਹਵਾ ਨਾਲੀ ਬੰਦ ਹੋ ਜਾਂਦੀ ਹੈ, ਜਦੋ ਭੋਜਨ ਚੰਗੀ ਤਰ੍ਹਾਂ ਨਾ ਚਬਾਇਆ ਜਾਵੇ ਤਾਂ ਉਹ ਚਿਪਕਿਆ ਰਹਿ ਜਾਂਦਾ ਹੈ। ਜੇਕਰ ਦੇਖਣ ਉੱਤੇ ਕਿਸੇ ਦਾ ਸਾਹ ਬੰਦ ਹੋ ਰਿਹਾ ਹੈ ਤਾਂ ਉਸ ਨੂੰ ਪੁੱਛੋ ਕਿ ਕੀ ਉਹ ਗੱਲ ਕਰਨ ਦੇ ਯੋਗ ਹੈ ? ਜਿਹੜੇ ਵਿਅਕਤੀ ਦਾ ਸਾਹ ਬੰਦ ਹੋ ਜਾਂਦਾ ਹੈ ਉਹ ਕੇਵਲ ਆਪਣੇ ਹੱਥਾਂ ਦੇ ਇਸ਼ਾਰੇ ਨਾਲ ਅਜਿਹੇ ਕੇਸਾਂ ਵਿੱਚ ਉਹਨਾਂ ਨੂੰ ਨਿਸ਼ਚਿਤ ਤੌਰ 'ਤੇ ਮਦਦ ਦੀ ਜਰੂਰਤ ਹੈ ਜੇ ਵਿਅਕਤੀ ਹੋਸ਼ ਵਿੱਚ ਹੈ ਤੇ ਸਾਹ ਲੈ ਰਿਹਾ ਹੈ ਤਾਂ ਉਸ ਵਿੱਚ ਦਖ਼ਲਅੰਦਾਜ਼ੀ ਨਾ ਕਰੋ ।

ਖੇਡਾਂ ਦੌਰਾਨ ਸੱਟ ਲੱਗਣ ਤੋਂ ਭਾਵ ਖੇਡ ਖੇਡਦੇ ਸਮੇਂ , ਸਿਖਲਾਈ ਦੌਰਾਨ ਤੰਦਰੁਸਤੀ ਲਈ ਕ੍ਰਿਆ ਕਰਦੇ ਸਮੇਂ ਸੱਟ ਦਾ ਲੱਗਣਾ । ਇਸ ਦਾ ਕਾਰਣ ਸਮਾਨ ਦੀ ਕਮੀ , ਠੀਕ ਤਰ੍ਹਾਂ ਸਿਖਲਾਈ ਨਾ ਦੇਣਾ ਆਦਿ । ਸੱਟ ਥੋੜੀ ਜਾਂ ਭਿਆਨਕ ਵੀ ਹੋ ਸਕਦੀ ਹੈ । ਐਕਿਊਟ ਟਰਾਮੈਟਿਕ (Acute Traumate) ਸੱਟ ਇਕੱਲੇ ਤੌਰ ਤੇ ਵਾਪਰਦੀ ਹੈ ਜਿਵੇਂ ਕਿ ਤਣਾਅ , ਮੋਚ ਆਉਣਾ , ਹੱਡੀ ਦਾ ਟੁੱਟਣਾ ਆਦਿ ।

ਕਰੋਨਿਲ ਸੱਟ :– ਜਦ ਕਿ ਸਿਖਲਾਈ ਲੰਮੇ ਸਮੇਂ ਤੋਂ ਠੀਕ ਨਾ ਦਿੱਤੀ ਜਾਂਦੀ ਹੋਵੇ ਤਾਂ ਇਹ ਸੱਟ ਲੰਮਾ ਸਮਾਂ ਚਲਦੀ ਰਹਿੰਦੀ ਹੈ , ਜਿਵੇਂ ਕਿ ਤਣਾਅ , ਹੱਡੀ ਦਾ ਟੁੱਟਣਾ ਆਦਿ ।

Downloaded from https:// www.studiestoday.com

Downloaded from https:// www.studiestoday.com

ਮੁਢਲੀ ਸਹਾਇਤਾ

ਕੱਟ ਅਤੇ ਸੱਟ

ਕੱਟ ਅਤੇ ਚੋਟਾਂ ਬਹੁਤ ਵਧਦੀਆਂ ਜਾ ਰਹੀਆਂ ਹਨ । ਬੱਚਿਆਂ ਨੂੰ ਇਹਨਾਂ ਚੀਜ਼ਾਂ ਤੋਂ ਬਚਾਓ । ਪਰ ਜੇਕਰ ਉਹ ਇਸ ਤਰ੍ਹਾ ਦੀ ਸੱਟ ਖਾ ਵੀ ਲੈਣ ਤਾ ਉਨ੍ਹਾਂ ਦੇ ਕੱਟ ਅਤੇ ਚੋਟਾਂ ਡੂੰਘੀਆਂ ਲੱਗੀਆਂ ਹੋਣ ਅਤੇ ਖੂਨ ਰੁੱਕਦਾ ਹੋਵੇ ਤਾਂ ਉਸਨੂੰ ਡਾਕਟਰ ਕੋਲ ਲੈ ਜਾਵੋ ।

ਕੀ ਕਰਨਾ ਚਾਹੀਦਾ ਹੈ ?

- ਜਖ਼ਮ ਨੂੰ ਹੌਲੀ-2 ਸਾਫ ਪਾਣੀ ਨਾਲ ਧੋਵੋ ।
- ਜੇਕਰ ਜਖ਼ਮ ਵਿੱਚੋਂ ਖੂਣ ਵਹਿ ਰਿਹਾ ਹੋਵੇ ਤਾਂ ਉਸ ਉੱਤੇ ਦਬਾਅ ਪਾ ਕੇ ਖੂਨ ਰੋਕੋ ।
- ਇਸ ਵਾਸਤੇ ਸਾਫ ਜਾਲੀਦਾਰ ਕੱਪੜਾ ਜਾਂ ਪੱਟੀ ਜੋ ਮੌਕੇ 'ਤੇ ਮਿਲ ਜਾਵੇ ਬੰਨੋ ।
- ਜਦੋਂ ਖੂਨ ਰੁੱਕ ਜਾਵੇ ਤਾਂ ਇਸ ਨੂੰ ਸਾਫ ਬੈਂਡੇਜ਼ ਨਾਲ ਢੱਕੋ ।

ਰੋਕਥਾਮ

ਬੱਚਿਆਂ ਨੂੰ ਤਿੱਖੀਆਂ ਚੀਜ਼ਾਂ ਠੀਕ ਤਰ੍ਹਾਂ ਵਰਤਣ ਦੀ ਸਲਾਹ ਦਿਓ। ਜਦੋਂ ਇਹ ਵਰਤਦੇ ਹਨ ਉਨ੍ਹਾਂ 'ਤੇ ਨਿਗ੍ਹਾ ਰੱਖੋ । ਬੱਚਿਆਂ ਦੇ ਸਕੂਲ ਅਤੇ ਘਰ ਦੇ ਵਾਤਾਵਰਣ ਨੂੰ ਸੁਰੱਖਿਅਤ ਰੱਖੋ ਇਸ ਲਈ ਤਿੱਖੀਆਂ ਚੀਜ਼ਾਂ ਜਿਵੇਂ ਕੱਚ ਦਾ ਫਰਨੀਚਰ, ਚਾਕੂ ਤੋਂ ਸਾਵਧਾਨ ਰਹੋ ।

ਗਰਮੀ ਦੀ ਥਕਾਵਟ ਅਤੇ ਲੂ ਲੱਗਣਾ

ਚਿੰਨ੍ਹ ਅਤੇ ਲੱਛਣ

- ਮਿਚਲੀ ਜਾਂ ਉਲਟੀ ਕਰਨਾ
- ਬੇਸੁਰਤ ਹੋਣਾ
- ਸਿਰ ਦਰਦ
- ਜਿਆਦਾ ਪਸੀਨਾ ਆਉਣਾ
- ਸਾਹ ਲੈਣ ਵਿੱਚ ਮੁਸ਼ਕਿਲ

ਕੀ ਕਰਨਾ ਚਾਹੀਦਾ ਹੈ ?

- ਬੱਚੇ ਨੂੰ ਛਾਂ ਵਾਲੀ ਥਾਂ ਉੱਤੇ ਲੈ ਜਾਓ ਅਤੇ ਉਸਦੇ ਪੈਰ ਸਿੱਧੇ ਕਰਕੇ ਲਿਟਾ ਦਿਓ ਅਤੇ ਉਸਦੇ ਕੱਪੜੇ ਢਿੱਲੇ ਕਰੋ ।
- ਜੇਕਰ ਬੱਚ ਹੋਸ਼ ਵਿੱਚ ਹੋਵੇ ਤਾਂ ਉਸਦੇ ਸਿਰ ਉਪਰ ਠੰਡਾ ਗਿੱਲਾ ਕੱਪੜਾ ਰੱਖ ਦਿਓ ।
- ਉਸਨੂੰ ਠੰਡਾ ਪਾਣੀ ਜਾਂ ਸਪੋਰਟਸ ਡਰਿਕ ਦਿਓ ।
- ਜੇਕਰ ਉਹ ਉਲਟੀ ਕਰਦਾ ਹੈ ਤਾਂ ਸਾਹ ਰੁੱਕਣ ਤੋਂ ਬਚਾਉਣ ਲਈ ਉਸਨੂੰ ਟੇਢਾ ਕਰਕੇ ਲਿਟਾ ਦਿਓ ।
- ਜੇਕਰ ਲੂ ਲੱਗੀ ਹੈ ਤਾਂ ਡਾਕਟਰੀ ਸਹਾਇਤਾ ਤੁਰੰਤ ਲਵੋ ।

Downloaded from https:// www.studiestoday.com

Downloaded from https:// www.studiestoday.com

ਮੋਚ ਅਤੇ ਮਚਕੋੜ (ਮਰੋੜਨਾ)

ਕੀ ਕਰਨਾ ਚਾਹੀਦਾ ਹੈ ?

- ਬੱਚੇ ਨੂੰ ਸਿੱਧਾ, ਸਿਰ ਨੂੰ ਪਾਸੇ ਸਿਰ ਝੁਕਾ ਕੇ ਲਿਟਾ ਦਿਉ ।
- ਜਿਸ ਛੇਦ ਵਿੱਚੋਂ ਖੂਨ ਵੱਗ ਰਿਹਾ ਹੈ ਉਸਨੂੰ 2 ਮਿੰਟ ਲਈ ਦਬਾਉ । ਖੂਨ ਦੇ ਜਮਣ ਨੂੰ 2 ਮਿੰਟ ਕਾਫੀ ਹੈ ਅਤੇ ਕੁਦਰਤੀ ਸੀਲ ਜਖ਼ਮ 'ਤੇ ਬਣ ਜਾਂਦੀ ਹੈ।
- ਦੂਜਾ ਛੇਦ ਖੁਲ੍ਹਾ ਛੱਡ ਦਿਉ । ਬੱਚਾ ਆਪਣੇ ਮੂੰਹ ਨਾਲ ਸਾਹ ਲਵੇ ਅਤੇ ਨੱਕ ਦੇ ਛੇਦ ਖੋਲ ਦਿਓ ।

ਆਰਾਮ (Rest) ਜਖ਼ਮੀ ਭਾਗ ਨੂੰ ਆਰਾਮ ਵਿੱਚ ਰੱਖੋ।

ਆਈਸ ਪੈਕ (Ice-pack) ਸੱਟ ਵਾਲੇ ਹਿੱਸੇ ਨੂੰ ਆਈਸ ਪੈਕ ਲਗਾਉ । ਇਹ ਜ਼ਿਆਦਾ ਤੋਂ ਜ਼ਿਆਦਾ 20 ਮਿੰਟ ਰੱਖਿਆ ਜਾਵੇ ਅਤੇ ਵੱਧ ਤੋਂ ਵੱਧ 4 ਤੋਂ 8 ਵਾਰ ਰੱਖੋ ।

ਕੰਪ੍ਰੈਸ਼ਨ (Compression)
ਦੋ ਦਿਨ ਵਾਸਤੇ ਸੱਟ ਵਾਲੇ ਹਿੱਸੇ ਉੱਤੇ ਇਲਾਸਟਿਕ ਪੱਟੀ ਉਸਨੂੰ ਸਹਾਰਾ ਦੇਣ ਲਈ ਲਪੇਟ ਕੇ ਰੱਖੋ ।

- ਖੁਸ਼ਕ ਮੌਸਮ
- ਗਰਮੀ

ਐਲੀਵੇਸ਼ਨ (Elevation)
ਸੱਟ ਵਾਲੇ ਭਾਗ ਦੀ ਸੋਜ਼ ਘਟਾਉਣ ਲਈ, ਦਰਦ ਘਟਾਉਣ ਲਈ, ਬੱਚੇ ਨੂੰ ਪੈਰਾਸਟਾਮੋਲ ਉਸੀ ਉਮਰ ਅਤੇ ਭਾਰ ਅਨੁਸਾਰ ਦਿਓ ।

ਚਿੰਨ੍ਹ ਅਤੇ ਲੱਛਣ – ਦਰਦ, ਜਖ਼ਮੀ ਭਾਗ ਦੇ ਇੱਧਰ-ਉਧਰ ਘੁੰਮਣ 'ਤੇ ਮੁਸ਼ਕਿਲ, ਤਾਕਤ ਵਿੱਚ ਕਮੀ, ਤਾਕਤ ਵਿੱਚ ਕਮੀ, ਸੋਜ ਅਤੇ ਚੋਟ

ਰੋਕਥਾਮ
ਕੋਈ ਖੇਡ ਕਿਰਿਆ ਤੋਂ ਪਹਿਲਾਂ ਗਰਮ ਅਤੇ ਹਲਕਾ ਖਿਚਾਵਪੈਦਾ ਕਰੋ । ਕਿਸੇ ਵੀ ਖੇਡ ਲਈ ਹਮੇਸ਼ਾ ਠੀਕ ਕੱਪੜੇ ਪਾਓ ।

ਨਕਸੀਰ

ਇਹ 3 ਤੋਂ 10 ਸਾਲ ਦੇ ਬੱਚਿਆਂ ਵਿੱਚ ਆਮ ਹੁੰਦੀ ਹੈ ਇਹਨੂੰ ਆਰਾਮ ਨਾਲ ਸਕੂਲ ਅਤੇ ਘਰ ਵਿੱਚ ਸੰਭਾਲ ਲਿਆ ਜਾਂਦਾ ਹੈ ।

ਕੀ ਕਰਨਾ ਚਾਹੀਦਾ ਹੈ ?

- ਬੱਚੇ ਨੂੰ ਸਿੱਧਾ , ਸਿਰ ਨੂੰ ਪਾਸੇ ਸਿਰ ਝੁਕਾ ਕੇ ਲਿਟਾ ਦਿਓ ।
- ਜਿਸ ਛੇਦ ਵਿੱਚੋਂ ਖੂਨ ਵੱਗ ਰਿਹਾ ਹੈ ਉਸਨੂੰ 2 ਮਿੰਟ ਲਈ ਦਬਾਉ । ਖੂਨ ਦੇ ਜਮਣ ਨੂੰ 2 ਮਿੰਟ ਕਾਫੀ ਹੈ ਅਤੇ ਕੁਦਰਤੀ ਸੀਲ ਜਖ਼ਮ 'ਤੇ ਬਣ ਜਾਂਦੀ ਹੈ।

- ਖੁਸ਼ਕ ਮੌਸਮ
- ਗਰਮੀ

ਰੋਕਥਾਮ
ਬੱਚੇ ਜਿਹਨਾਂ ਨੂੰ ਇਹ ਤਕਲੀਫ ਰਹਿੰਦੀ ਹੈ ਉਹਨਾਂ ਨੂੰ ਪੈਟਰੋਲਿਮ ਜੈਲੀ ਜਾਂ ਨਮਕੀਨ ਪਾਣੀ ਦਾ ਸਪਰੇਅ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਸ ਕਰਨ ਨਾਲ ਖੂਨ ਫਿਰ ਵੀ ਨਾ ਰੁਕੇ .....

Downloaded from https:// www.studiestoday.com

Downloaded from https:// www.studiestoday.com

ਮੋਚ ਅਤੇ ਮਰੋੜਨ ਦਾ ਇਲਾਜ

- ਜਿਸ ਕਿਰਿਆ ਦੌਰਾਨ ਇਹ ਸਮੱਸਿਆ ਆਈ ਉਹ ਤਰੰਤ ਰੋਕ ਦਿਉ ।
- ਆਰ. ਆਈ. ਸੀ. ਈ. (Rest-Ice-Compression-Elevation) ਦੀ 48 ਘੰਟਿਆਂ ਵਾਸਤੇ ਵਰਤੋਂ ਕਰੋ ।

ਆਰਾਮ (Rest) - ਜਖਮੀ ਭਾਗ ਨੂੰ ਆਰਾਮ ਵਿੱਚ ਰੱਖੋ ।

ਆਈਸ-ਪੈਕ (Ice-pack)- ਸੱਟ ਵਾਲੇ ਹਿੱਸੇ ਨੂੰ ਆਈ ਪੈਕ ਲਗਾਉ । ਇਹ ਜ਼ਿਆਦਾ ਤੋਂ ਜ਼ਿਆਦਾ 20 ਮਿੰਟ ਰੱਖਿਆ ਜਾਵੇ ਅਤੇ ਵੱਧ ਤੋਂ ਵੱਧ 4 ਵਾਰ ਰੱਖੋ ।

ਕੰਪ੍ਰੈਸ਼ਨ (Compression)- ਦੋ ਦਿਨ ਵਾਸਤੇ ਸੱਟ ਵਾਲੇ ਹਿੱਸੇ ਉੱਤੇ ਇਲਾਸਟਿਕ ਪੱਟੀ ਉਸਨੂੰ ਸਹਾਰਾ ਦੇਣ ਲਈ ਲਪੇਟ ਕੇ ਰੱਖੋ ।

ਐਲੀਵੇਸ਼ਨ (Elevation)- ਸੱਟ ਵਾਲੇ ਭਾਗ ਦੀ ਸੋਜ ਘਟਾਉਣ ਲਈ ਉੱਚਾ ਚੁੱਕ ਕੇ ਰੱਖੋ ।

ਚਿੰਨ੍ਹ ਅਤੇ ਲੱਛਣ

ਦਰਦ, ਜਖ਼ਮੀ ਭਾਗ ਦੇ ਇੱਧਰ-ਉੱਧਰ ਘੁੰਮਣ 'ਤੇ ਮੁਸ਼ਕਿਲ, ਤਾਕਤ ਵਿੱਚ ਕਮੀ, ਸੋਜ ਅਤੇ ਚੋਟ ।

ਰੋਕਥਾਮ

ਕਿਸੇ ਖੇਡ ਕਿਰਿਆ ਤੋਂ ਪਹਿਲਾਂ ਗਰਮ ਅਤੇ ਹਲਕਾ ਖਿਚਾਅ ਪੈਦਾ ਕਰੋ ।

ਕਿਸੇ ਵੀ ਖੇਡ ਲਈ ਹਮੇਸ਼ਾ ਠੀਕ ਕੱਪੜੇ ਪਾਉ ।

1. ਵਨ ਸੈੱਟ ਆਫ ਫਸਟ ਏਡ ਸਪਲਿੰਟਸ
2. ਟਰੈਂਗੁਲਰ ਬੈਂਡੇਜ਼
3. ਪੈਕਟ ਆਫ ਸਟਿਰਲਾਈਜ਼ਡ ਕਾਟਨ ਟੂਲ
4. ਫਸਟ ਏਡ (3 ਵੱਡੀ, 3 ਛੋਟੀਆਂ)
5. ਗੋਲ ਪੱਟੀ
6. ਬਰਨਜ਼ ਡਰੈਸਿੰਗ
7. ਆਈ ਪੈਡ
8. ਸੇਫਟੀ ਪਿੰਨ ਦਾ ਪੈਕਟ (ਬਕਸੂਏ ਦਾ ਪੈਕਟ)
9. ਸਪੂਲ ਐਡਰੈਸਿਵ ਪਲਾਸਟਰ
10. ਸੀਜ਼ਰ ਐਡ ਟਵੀਟਰ
11. ਡਿਟੋਲ ਅਤੇ ਸਾਬੁਣ
12. ਲੂਜ਼ ਵੋਵਨ ਗੌਜ
13. ਸਕਰਿਬਲਿੰਗ ਪੈਡ ਪੈਨ ਨਾਲ
14. ਗਲੋਵਜ਼ ਦਾ ਪੈਕਟ
15. ਕਰੀਪ ਬੈਂਡੇਜ਼
16. ਡਿਸਪੈਲਏਬਲ ਗਲੋਵਜ਼ ਐਂਡ ਬੈਗਜ਼
17. ਮਾਊਥ ਮਾਸਕ
18. ਮੈਂਗਨੀਫਾਇੰਗ ਲੈਂਜ਼

Downloaded from https:// www.studiestoday.com

Downloaded from https:// www.studiestoday.com

ਯਾਦ ਰੱਖਣਯੋਗ ਗੱਲਾਂ

ਮੁੱਢਲੀ ਸਹਾਇਤਾ - ਡਾਕਟਰ ਦੇ ਆਉਣ ਤੋਂ ਪਹਿਲਾਂ ਦਿੱਤੀ ਜਾਣ ਵਾਲੀ ਸਹਾਇਤਾ।

ਚੈੱਟ - ਜਦੋਂ ਚੋਟ ਛਿੱਲੀ ਜਾਵੇ।

ਨਕਸੀਰ - ਜਦੋਂ ਖੂਨ ਨੱਕ ਵਿੱਚੋਂ ਬਾਹਰ ਆ ਰਿਹਾ ਹੋਵੇ।

ਮੋਚ - ਮਾਸਪੇਸ਼ੀਆਂ 'ਤੇ ਬਹੁਤ ਖਿਚਾਅ ਪੈ ਜਾਣਾ ।

ਮਰੋੜਨਾ - ਲਿਗਾਮੈਂਟ ਦਾ ਖਿਚਿਆ ਜਾਣਾ ।

ਰਾਈਸ (RICE) - Rest-Ice pack- Compression-Elevation

ਸੁੱਜਣ - ਸਰੀਰ ਦੇ ਅੰਗ ਦਾ ਫੁੱਲਣਾ ।

ਸੱਟ -ਸਰੀਰ ਦੇ ਕਿਸੇ ਅੰਗ ਦਾ ਜਖ਼ਮੀ ਹੋ ਜਾਣਾ।

ਅਭਿਆਸ

1. ਹੇਠ ਲਿਖੀਆਂ 'ਤੇ ਮੁੱਢਲੀ ਸਹਾਇਤਾ ਬਾਰੇ ਚਾਰਟ ਬਣਾਓ।

   a) ਕੱਟਣਾ ਅਤੇ ਚੋਟ

   b) ਨਕਸੀਰ

   c) ਮੋਚ

   d) ਮਰੋੜਨਾ

2) ਮੰਨ ਲਓ ਤੁਸੀ ਆਪਣੇ ਜਮਾਤੀਆਂ ਨਾਲ ਫੁੱਟਬਾਲ ਖੇਡ ਰਹੇ ਹੋ ਅਚਾਨਕ ਤੁਸੀਂ ਵੇਖਿਆ ਕਿ ਖਿਡਾਰੀ ਦਾ ਗਿੱਟਾ ਮੁੱਚ ਗਿਆ ਹੈ, ਉਸਦੀ ਲੱਤ ਦੇ ਹੇਠਲੇ ਭਾਗ ਵਿੱਚ ਬਹੁਤ ਜਿਆਦਾ ਦਰਦ ਹੋ ਰਿਹਾ ਹੈ ਤੇ ਉਸਦਾ ਗਿੱਟਾ ਸੁੱਜ ਗਿਆ ਹੈ ਤੁਸੀ ਉਸਦੀ ਮੁੱਢਲੀ ਸਹਾਇਤਾ ਕਿਵੇਂ ਕਰੋਗੇ ?

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

ਪ੍ਰਸ਼ਨ 1. ਮੁੱਢਲੀ ਸਹਾਇਤਾ ਦੇ ਮੂਲ ਸਿਧਾਂਤ ਕੀ ਹਨ ?

ਪ੍ਰਸ਼ਨ 2. ਆਰ.ਆਈ. ਸੀ. ਈ. (R.I.C.E) ਕੀ ਹੈ ? ਤੁਸੀ ਇਸਦੀ ਵਰਤੋਂ ਕਦੋਂ ਕਰੋਗੇ ?

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਭਾਗ (ੳ)

ਅੰਤਰ ਪਤਾ ਕਰੋ

1. ਮੋਚ ਅਤੇ ਮਰੋੜਨਾ
2. ਮਾਸਪੇਸ਼ੀਆਂ ਦਾ ਖਿਚਾਵ ਅਤੇ ਟੁੱਟ

ਭਾਗ (ਅ)

ਕਲਾਸ ਵਿੱਚ ਹੇਠ ਲਿਖੇ ਦੀ ਚਰਚਾ ਕਰੋ–

1. ਆਰ.ਆਈ. ਸੀ. ਈ. (R.I.C.E) ਕੀ ਹੈ ?
2. ਖੇਡਾਂ ਵਿੱਚ ਬੁਨਿਆਦੀ ਸੱਟ ਕੀ ਹੈ ?

ਭਾਗ (ਏ)

ਪ੍ਰਦਰਸ਼ਨ ਦਾ ਮਿਆਰ , ਪਰ ਸੀਮਿਤ ਨਹੀਂ

ਪ੍ਰਦਰਸ਼ਨ ਦਾ ਮਿਆਰ	ਹਾਂ	ਨਹੀਂ
ਕੱਟਣ 'ਤੇ ਮੁੱਢਲੀ ਸਹਾਇਤਾ ਦਾ ਮੂਲ ਪ੍ਰਦਰਸ਼ਨ		
ਚੋਟਾਂ 'ਤੇ ਮੁੱਢਲੀ ਸਹਾਇਤਾ ਦਾ ਮੂਲ ਪ੍ਰਦਰਸ਼ਨ		
ਲੂ ਲੱਗਣ 'ਤੇ ਮੁੱਢਲੀ ਸਹਾਇਤਾ ਦਾ ਮੂਲ ਪ੍ਰਦਰਸ਼ਨ		
ਮੋਚ ਅਤੇ ਮਰੋੜਨਾ 'ਤੇ ਮੁੱਢਲੀ ਸਹਾਇਤਾ ਦਾ ਮੂਲ ਪ੍ਰਦਰਸ਼ਨ		

Downloaded from https:// www.studiestoday.com

Downloaded from https:// www.studiestoday.com

ਸਰੀਰਕ ਸਿੱਖਿਆ ਅਤੇ ਖੇਡਾਂ

ਮਾਡਿਊਲ-5

ਟੀਚਿੰਗ-ਲਰਨਿੰਗ

ਐੱਨ. ਐੱਸ. ਕਿਊ. ਐੱਫ. ਲੈਵਲ 2 – ਕਲਾਸ ਦਸਵੀਂ

ਵਿਦਿਆਰਥੀ ਕਾਰਜ ਪੁਸਤਕ

ਪੀ.ਐੱਸ.ਐੱਸ ਕੇਂਦਰੀ ਕਾਰਜ ਸਿੱਖਿਆ ਸੰਸਥਾ, ਐੱਨ. ਸੀ. ਈ. ਆਰ. ਟੀ, ਭੋਪਾਲ
PSS Central Institute of Vocational Education, NCERT, Bhopal

Downloaded from https:// www.studiestoday.com

Downloaded from https:// www.studiestoday.com

ਚੇਤਾਵਨੀ

ਪੀ.ਐੱਸ.ਐੱਸ. ਕੇਂਦਰੀ ਕਿੱਤਾ ਮੁਖੀ ਸੰਸਥਾ, 2014 ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ । ਕਾਪੀ ਰਾਈਟ ਐਕਟ ਅਧੀਨ ਅਧਿਕਾਰਤ ਮੰਤਵਾਂ ਤੋਂ ਇਲਾਵਾ, ਪੂਰਵ ਲਿਖਤੀ ਆਗਿਆ ਤੋਂ ਬਿਨਾਂ ਨਕਲ, ਰੂਪਾਂਤਰਣ, ਇਲੈਟ੍ਰੋਨਿਕ ਸੰਗ੍ਰਹਿਣ ਅਤੇ ਸੰਚਾਰਣ ਉਤੇ ਪੂਰੀ ਤਰ੍ਹਾਂ ਪਾਬੰਦੀ ਹੈ ।

Downloaded from https:// www.studiestoday.com

Downloaded from https:// www.studiestoday.com

ਵਿਸ਼ਾ- ਸੂਚੀ	
ਭੂਮਿਕਾ	272
ਖੇਤਰ ਬਾਰੇ	274
ਧੰਨਵਾਦ	276
ਤੁਹਾਡੀ ਕਾਰਜ ਪੁਸਤਕ ਬਾਰੇ	278
ਮਾਡਿਊਲ - 5 **ਟੀਚਿੰਗ-ਲਰਨਿੰਗ**	
ਸ਼ੈਸ਼ਨ– 1 ਸਿਖਾਉਣ ਲਈ ਸਿੱਖਣਾ ਅਤੇ ਸਿੱਖਣ ਲਈ ਸਿਖਾਉਣਾ	279
ਸ਼ੈਸ਼ਨ– 2 ਪੜ੍ਹਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਦੀ ਵਿਆਖਿਆ ਕਰਨਾ	293
ਸ਼ੈਸ਼ਨ –3 ਪ੍ਰਭਾਵਸ਼ਾਲੀ ਸੰਚਾਰ ਕਲਾਵਾਂ ਦੀ ਵਿਆਖਿਆ	300
ਸ਼ੈਸ਼ਨ –4 ਕਿਸੇ ਈਵੈਂਟ ਨੂੰ ਯੋਜਨਾਬਧ ਕਰਨ ਦੀ ਵਿਆਖਿਆ	310

Downloaded from https:// www.studiestoday.com

Downloaded from https:// www.studiestoday.com

ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ (NSQF) 2015 ਵਿਦਿਆਰਥੀਆਂ ਦੇ ਸਕੂਲੀ ਜੀਵਨ ਦੀ ਸਕੂਲ ਤੋਂ ਬਾਹਰ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਗਿਆਨ ਤੋਂ ਅਜਿਹੇ ਗਿਆਨ ਦੀ ਗੱਲ ਕਰਦਾ ਹੈ ਜਿਹੜੇ ਕਿ ਸਕੂਲ, ਘਰ, ਕਮਿਊਨਿਟੀ ਅਤੇ ਕੰਮ ਵਾਲੀ ਥਾਂ 'ਤੇ ਕਿਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

NSQF (National Skill Qualification Framwork) ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਤੇ ਖੇਡਾਂ ਦੇ ਲਈ ਇੱਕ ਅਜਿਹੀ ਅਭਿਆਸ ਪੁਸਤਿਕਾ ਦਿੰਦਾ ਹੈ ਜਿਹੜੀ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ (M H R D), ਭਾਰਤ ਸਰਕਾਰ (G O I) ਦੁਆਰਾ ਸਥਾਪਿਤ ਸਿਧਾਤਾਂ ਤੇ ਅਗਵਾਈ ਲੀਹਾਂ ਅਨੁਸਾਰ ਮਾਨਤਾ ਪ੍ਰਾਪਤ ਵਿਦਿਅਕ ਪ੍ਰੰਬੰਧ ਨੂੰ ਸਕੂਲਾਂ ਦੇ ਕਿੱਤਾ ਮਈ ਸਿੱਖਿਆ, ਟ੍ਰੇਨਿੰਗ ਸੰਸਥਾਵਾਂ, ਤਕਨੀਕੀ ਸਿੱਖਿਆ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਗੂ ਕਰਨ ਦੀ ਗੱਲ ਕਰਦਾ ਹੈ। N S Q F ਇੱਕ ਅਜਿਹੇ ਪਾਰਦਰਸ਼ੀ ਯੋਗਤਾਵਾਂ, ਅੰਤਰ-ਖੇਤਰ ਸਿੱਖਣਾ, ਵਿਦਿਆਰਥੀ ਕੇਂਦਰਤ ਸਿੱਖਣਾ ਅਤੇ ਵੱਖ-ਵੱਖ ਯੋਗਤਾਵਾਂ ਵਿੱਚ ਆਪਸੀ ਤਾਲਮੇਲ ਦੀ ਗੱਲ ਕਰਦਾ ਹੈ।ਜਿਸਦਾ ਕਿ ਜੀਵਨ ਭਰ ਪ੍ਰਭਾਵ ਰਹਿੰਦਾ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਗਰੇਡ IX ਤੋਂ ਗਰੇਡ XII ਤੱਕ ਵੱਖ-ਵੱਖ ਸੁਝਾਵਾਂ ਅਤੇ ਸੰਸਥਾਵਾਂ ਤੋਂ ਪ੍ਰਾਪਤ ਪ੍ਰਕ੍ਰਿਆ ਰਾਂਹੀ ਤਿਆਰ ਕੀਤੀ ਗਈ ਹੈ ।

SCEALS ਕਿ ਹਰਿਆਣਾ ਸਕੂਲ ਸਿੱਖਿਆ ਵਿਭਾਗ ਦਾ ਇੱਕ ਭਾਗ ਹੈ ਨੇ ਇੱਕ ਅਜਿਹਾ ਮੌਡੂਲਰ ਕਰੀਕੁਲਾ (Modular curricula) ਅਤੇ ਸਿੱਖਣ ਸਮੱਗਰੀ (ਇਕਾਈ) ਦਾ ਮੈਟੀਰੀਅਲ ਕਿੱਤਾ ਮਈ ਸਿੱਖਿਆ ਦੇ ਲਈ ਸਰੀਰਕ ਸਿੱਖਿਆ ਅਤੇ ਖੇਡਾਂ ਦੇ ਖੇਤਰ ਲਈ ਤਿਆਰ ਕੀਤਾ ਹੈ। ਸਰੀਰਕ ਸਿੱਖਿਆ ਟਰੇਨਰ ਦੀ ਭੂਮਿਕਾ N S Q F ਪੱਧਰ ਇੱਕ ਤੋਂ ਚਾਰ, ਪੱਧਰ ਇੱਕ ਗਰੇਡ IX ਦੇ ਸਮਾਨ ਹੈ । ਪੱਧਰ ਚਾਰ ਗਰੇਡ XII ਦੇ ਬਰਾਬਰ ਕੀਤਾ ਗਿਆ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਤੋਤਾ-ਰਟਨ ਨੂੰ ਨਿਰਉਤਸ਼ਾਹਿਤ ਕਰਦੀ ਹੈ ਅਤੇ ਵੱਖਰੇ-ਵੱਖਰੇ ਵਿਸ਼ਿਆਂ ਵਿੱਚ ਜਰੂਰੀ ਭਾਗ ਬਣਾਉਂਦੀ ਹੈ । ਅਭਿਆਸ ਪੁਸਤਿਕਾ ਦੀ ਕੋਸ਼ਿਸ਼ ਹੈ ਜਿਸ ਨਾਲ ਪ੍ਰਯੋਗੀ ਸਿੱਖਿਆ ਛੋਟੇ ਭਾਗਾਂ ਵਿੱਚ ਵਿਚਾਰ, ਚਰਚਾ ਅਤੇ ਗਤੀਵਿਧੀਆਂ ਨੂੰ ਤਜਰਬੇ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਤੋਂ ਹੈ । ਸਾਨੂੰ ਉਮੀਦ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਵਿਦਿਆਰਥੀ ਕੇਂਦਰਿਤ ਪਹੁੰਚ ਕੀਤੀ । ਇਹ ਇੱਕ ਵੱਡਾ ਕਦਮ ਹੈ ।

ਇਸ ਯਤਨ ਦੀ ਸਫਲਤਾ ਸਕੂਲ ਮੁੱਖੀਆ ਅਤੇ ਅਧਿਆਪਕਾਂ ਦੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਕਲਪਨਾ ਸ਼ੀਲਤਾ ਵੱਲ ਲੈ ਜਾ ਕੇ ਗਤੀਵਿਧੀਆਂ ਕਰਾਉਣ ਤੇ ਨਿਰਭਰ ਕਰਦੀ ਹੈ । ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਕਿਆ ਵਿੱਚ ਉਦੋ ਹੀ ਕੀਮਤਾਂ ਅਤੇ ਨਿਰਮਾਣ ਕਰਨ ਵਿੱਚ ਯੋਗਤਾ ਵਧੇਗੀ ਜੇਕਰ ਉਹ ਸੂਚਨਾ ਪ੍ਰਾਪਤ ਕਰਨ ਵਾਲੇ ਨਹੀ ਹੋਣਗੇ । ਰੋਜ਼ਾਨਾ ਸਮਾਂ ਸਾਰਣੀ ਵਿੱਚ ਇੰਨੀ ਕੁ ਲਚਕਤਾ ਹੋਣੀ ਚਾਹੀਦੀ ਹੈ ਜਿਸ ਨਾਲ ਇਹ ਕੰਮ ਰੂਟੀਨ ਵਿੱਚ ਜੇਕਰ ਨਾਂ ਹੋ ਸਕੇ ਤਾਂ ਪੜਾਉਣ ਦੇ ਦਿਨ ਵਧਾਉਣੇ ਚਾਹੀਦੇ ਹਨ ।

Downloaded from https:// www.studiestoday.com

Downloaded from https:// www.studiestoday.com

ਹਰੇਕ ਸਕੂਲ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਉਸ ਸਮੇਂ ਹੀ ਪੂਰਾ ਕਰ ਸਕੇਗਾ ਜੇਕਰ ਉਸ ਕੋਲ ਖੇਡਾਂ ਦੀ ਬੁਨਿਆਦੀ ਲੋੜਾਂ ਪੂਰੀਆਂ ਹਨ । ਇਸ ਦੇ ਲਈ ਗੁਆਂਢੀ ਇਲਾਕੇ ਦੇ ਸਕੂਲਾਂ ਦੀ ਵੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਕਿ ਸਥਾਨਕ ਪੱਧਰ ਤੇ ਖੇਡਾਂ ਦੇ ਪੱਧਰ ਨੂੰ ਪ੍ਰਫੁਲਿਤ ਕੀਤਾ ਜਾ ਸਕੇ ।

Downloaded from https:// www.studiestoday.com

Downloaded from https:// www.studiestoday.com

ਖੇਤਰ ਬਾਰੇ

ਸਰੀਰਕ ਸਿੱਖਿਆ ਅਤੇ ਖੇਡਾਂ ਦਾ ਖੇਤਰ ਇੱਕ ਅਜਿਹਾ ਹੈ ਜਿਸਦਾ ਅੱਗੇ ਬਹੁਤ ਸਕੋਪ ਹੈ, ਸਮਾਜ ਉਤੇ ਇਸ ਦਾ ਬਹੁਤ ਹੀ ਡੂੰਘਾ ਪ੍ਰਭਾਵ ਹੈ । ਦੇਸ਼ ਵਿੱਚ ਖੇਡਾਂ ਪ੍ਰਤੀ ਜਾਗਰੁਕਤਾ ਅਤੇ ਸਭਿਆਚਾਰ ਦੀ ਕਮੀ ਹੈ । ਆਮ ਧਾਰਨਾ ਹੈ ਕਿ ਖੇਡਾਂ ਨੂੰ ਪੜਾਈ ਦੀ ਕੀਮਤ ਤੇ ਹੀ ਵਧਾਇਆ ਜਾ ਸਕਦਾ ਹੈ । ਭਾਰਤ ਵਿੱਚ ਇਸ ਸੰਬੰਧ ਵਿੱਚ ਇੱਕ ਆਮ ਕਹਾਵਤ ਹੈ:

“ ਪੜੋਗੇ ਲਿਖੋਗੇ ਬਣੋਗੇ ਨਵਾਬ, ਖੇਲੋਗੇ ਕੁਦੋਗੇ ਬਣੋਗੇ ਖਰਾਬ “ ਇਸ ਤਰ੍ਹਾਂ ਦੀਆਂ ਧਾਰਨਾਵਾਂ ਸਰੀਰਕ ਗਤੀਵਿਧੀਆਂ ਵੱਲ ਸਾਡਾ ਸੰਤੁਲਨ ਵਿਗਾੜਦੀਆਂ ਹਨ ।

ਜਿਸ ਤਰ੍ਹਾਂ ਕਿ ਅਸੀਂ ਇਨਾਂ ਸਾਰੇ ਮਸਲਿਆਂ ਜਿਵੇ ਖੜੀ ਜੀਵਨ ਸ਼ੈਲੀ, ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਭੋਜਨ ਆਦਤਾਂ, ਤਣਾਵ ਯੁਕਤ ਜੀਵਨ ਕ੍ਰਮ ਨਾਲ ਇੱਕੀਵੀ (21 ਵੀਂ) ਸਦੀ ਵਿੱਚ ਜੀ ਰਹੇ ਹਾਂ, ਇਸ ਅਸੰਤੁਲਨ ਨੂੰ ਬਦਲਣ ਦੀ ਜ਼ਰੂਰਤ ਹੈ, ਨਹੀ ਤਾਂ ਅਸੀਂ ਉਸ ਪੀੜੀ ਦਾ ਸਾਹਮਣਾ ਕਰਾਂਗੇ ਜਿਸਦਾ ਜੀਵਨ ਨਾਲ ਪਿਛਲੀਆਂ ਪੀੜੀਆ ਤੋਂ ਘੱਟ ਹੋਵੇਗਾ । ਇੱਕ ਅਧਿਐਨ ਅਨੁਸਾਰ 30% ਬੱਚੇ ਮੋਟੇ ਹਨ । ਮੋਟਾਪਾ ਇੱਕ ਬੀਮਾਰੀ ਹੈ । ਖੋਜ ਇਹ ਵੀ ਦਰਸ਼ਾਉਦੀ ਹੈ ਕਿ 80% ਮੋਟੇ ਬੱਚੇ ਵੱਡੇ ਹੋ ਕੇ ਮੋਟੇ ਹੀ ਰਹਿੰਦੇ ਹਨ ਜੋ ਕਿ ਚਿੰਤਾ ਦਾ ਅੰਕੜਾ ਹੈ । ਇਸ ਕੈਟਾਗਰੀ (ਸ਼੍ਰੇਣੀ) ਵਿੱਚ ਸ਼ੂਗਰ, ਉੱਚ ਕੋਲੋਸਟ੍ਰੋਲ ਅਤੇ ਤਨਾਅ ਸੰਬੰਧਿਤ ਅਨਿਯਤਾਵਾਂ ਆਮ ਹਨ ।

ਕਿਸੇ ਵੀ ਜੀਵਨ ਸੈਲੀ ਵਿੱਚ ਸਰੀਰਕ ਕ੍ਰਿਆਵਾਂ ਦਾ ਬੀਜ ਉਸਦੇ ਬਚਪਨ ਵਿਚੋਂ ਹੀ ਬੀਜਿਆ ਜਾ ਸਕਦਾ ਹੈ । ਇਹ ਇੱਕ ਅਜਿਹੀ ਆਦਤ ਹੈ ਜੋ ਕਿ ਛੋਟੇ ਹੁੰਦਿਆਂ ਤੋਂ ਹੀ ਪਾਉਣੀ ਚਾਹੀਦੀ ਹੈ । ਇਸ ਤੋਂ ਇਹ ਸਪੱਸਟ ਹੋ ਜਾਂਦਾ ਹੈ ਕਿ ਸਰੀਰਕ ਸਿੱਖਿਆ ਸਾਡੀ ਸਿੱਖਿਆ ਦਾ ਇੱਕ ਅਟੁੱਟ ਅੰਗ ਹੈ । ਅਸੀਂ ਜੀਵਨ ਦੀਆਂ ਕਈ ਕ੍ਰਿਆਵਾਂ ਖੇਡਾਂ ਰਾਹੀ ਸਿੱਖਦੇ ਹਾਂ ਜੋ ਕਿ ਸਾਨੂੰ ਬਿਹਤਰ ਨਾਗਰਿਕ ਬਣਾਉਂਦੀਆਂ ਹਨ ।

ਸਰਕਾਰ ਨੇ ਸਿੱਖਿਆ ਵਿੱਚ ਸਰੀਰਕ ਸਿੱਖਿਆ ਨੂੰ ਇੱਕ ਅਟੁੱਟਵਾਂ ਹਿੱਸਾ ਹੋਣ ਦੀ ਜ਼ਰੂਰਤ ਨੂੰ ਪਹਿਚਾਣ ਲਿਆ ਸੀ ਅਤੇ ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਮਿਆਰੀ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ । ਭਾਰਤ ਵਿੱਚ ਇਹ ਤਾਂ ਇੱਕ ਹੇਠਲੇ ਪੱਧਰ ਦੀ ਦਖਲ ਹੈ ਜੋ ਕਿ ਹੌਲੀ-ਹੌਲੀ ਸਰੀਰਕ ਸਿੱਖਿਆ ਨੂੰ ਖੇਡ ਸੰਬੰਧੀ ਉਦਯੋਗ ਵੱਲ ਲੈ ਕੇ ਜਾਏਗੀ ।

ਇਸ ਸਮੇਂ ਫੌਰੀ ਤੌਰ ਤੇ ਵੱਖ-ਵੱਖ ਪੱਧਰ ਤੇ ਚੰਗੀ ਕਿਸਮ ਦੀ ਸਰੀਰਕ ਸਿੱਖਿਆ ਅਤੇ ਖੇਡ ਅਧਿਕਾਰੀਆਂ ਦੀ ਜ਼ਰੂਰਤ ਹੈ। ਇਹ ਜ਼ਰੂਰਤ ਆਉਣ ਵਾਲੇ ਸਾਲਾਂ ਵਿੱਚ ਇੱਕ ਧਮਾਕੇ ਨਾਲ ਉਹਨਾਂ ਸਾਰਿਆਂ ਨੂੰ ਮੌਕਾ ਪ੍ਰਦਾਨ ਕਰੇਗੀ ਜੋ ਕਿ ਖੇਡਾਂ ਨਾਲ ਜੁੜਨਾ ਅਤੇ ਖੇਡਾਂ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ।ਇਸ ਖੇਤਰ ਵਿੱਚ ਕਈ ਨੌਕਰੀਆਂ ਦੇ ਮੌਕੇ ਪਹਿਲਾਂ ਤੋ ਹੀ ਹਨ ਜਿਵੇਂ ਸਰੀਰਕ ਸਿੱਖਿਆ ਅਧਿਆਪਕ, ਸਪੋਰਟਸ ਕੋਚ, ਫਿਜੀ ਓਥਰੈਪਿਸਟਸ, ਪਾਲਣ ਪੋਸ਼ਣ ਕਰਤਾ, ਸਪੋਰਟਸ ਡਾਕਟਰ, ਖੇਡ ਅਧਿਕਾਰੀ, ਭਿੰਨ-ਭਿੰਨ ਖੇਡਾਂ ਦੇ ਮੈਨੇਜਰ ਆਦਿ ਕੁੱਝ ਇਨ੍ਹਾਂ ਵਿੱਚੋਂ ਹਨ ।

ਇਸ ਖੇਤਰ ਵਿੱਚ ਪੇਸ਼ਾਵਰਾਂ (Professionals) ਦੀ ਮੰਗ ਅਤੇ ਪੂਰਤੀ ਵਿੱਚ ਗੈਪ (ਪਾੜਾ) ਹੈ । ਜੋ ਕਿ ਗੁਣਤਾ ਦੇ ਨਾਲ-ਨਾਲ ਸੰਖਿਆ ਵਿੱਚ ਵੀ ਹੈ । ਸਰੀਰਕ ਸਿਖਲਾਈ ਅਤੇ ਖੇਡਾਂ ਵਾਲੇ ਕਿੱਤਾ ਮਈ ਕੋਰਸ (ਵੋਕੇਸ਼ਨਲ ਕੋਰਸ) ਇਸ ਖੇਤਰ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਬੁਨਿਆਦੀ ਪੱਧਰ ਵੀ ਦਿੰਦੇ ਹਨ । ਇਸ ਕੋਰਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸ਼ੁਰੂਆਤੀ ਦਰਜੇ ਦਾ ਗਿਆਨ ਹੋਣਾ ਚਾਹੀਦਾ ਹੈ । ਇਹ ਕਲਾਵਾਂ ਸਿੱਖਿਆ ਦੇ ਖੇਤਰ ਵਿੱਚ ਜਾਂ ਰੋਜਗਾਰ ਅੱਗੇ ਵੱਧਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਹਨ ।

Downloaded from https:// www.studiestoday.com

Downloaded from https:// www.studiestoday.com

ਵਿਦਿਆਰਥੀਆਂ ਨੂੰ ਖੇਡ ਦੇ ਖੇਤਰ ਵਿੱਚ ਜੋ ਮੌਕੇ ਚਾਹੀਦੇ ਹਨ, ਉਹ ਹੇਠ ਲਿਖੀ ਸਾਰਣੀ ਅਨੁਸਾਰ ਹਨ:-

ਸੈਲਫ (ਖੁਦ)	ਸਕੂਲਜ	ਸਪੋਰਟਸ ਅਕੈਡਮੀ	ਫਿਟਨੈੱਸ ਕੇਂਦਰ	ਹਸਪਤਾਲ	ਸਪੋਰਟਸ ਈਵੈਂਟਸ
ਪੇਸ਼ਾਵਰ ਖਿਡਾਰੀ	- ਸਰੀਰਕ ਸਿੱਖਿਆ ਅਧਿਆਪਕ - ਸ਼ੁਰੂਆਤ ਵਿੱਚ ਫਿਜੀਕਲ ਟਰੇਨਰਜ - ਸਪੋਰਟਸ ਕੋਚ	- ਸਪੋਰਟਸ ਕੋਚ - ਸਹੂਲਤ ਮੈਨੇਜਰ - ਅਕੈਡਮੀ ਮੈਨੇਜਰ	- ਫਿਟਨੈੱਸ ਟਰੇਨਰਜ - ਪਾਲਣ ਪੋਸ਼ਣ ਕਰਤਾ	- ਸਪੋਰਟਸ ਡਾਕਟਰ -ਫਿਜੀਓਥਰੈਪਿਸਟਸ - ਪਾਲਣ ਪੋਸ਼ਣ ਕਰਤਾ	-ਈਵੈਂਟ ਮੈਨੇਜਰ -ਅਧਿਕਾਰੀ -ਟਿਪਣੀਕਾਰ ਜਰਨਲਇਸਟ (ਪੱਤਰਕਾਰ)

ਜਿਵੇਂ ਕਿ ਇਸ ਖੇਤਰ ਵਿੱਚ ਜ਼ਿਆਦਾਤਰ ਨੌਕਰੀਆਂ ਕਰਨ ਵਾਲੇ ਕਰਮਚਾਰੀ ਨੂੰ ਆਪਣੇ ਨਾਲ ਦੇ ਇਨਸਾਨਾਂ ਨਾਲ ਵਰਤਣਾ ਪੈਂਦਾ ਹੈ, ਇਸ ਸੰਬੰਧ ਵਿੱਚ ਉਨ੍ਹਾਂ ਨੂੰ ਕਈ ਕਲਾਵਾਂ ਲੋੜੀਂਦੀਆਂ ਹਨ । ਪੱਧਰ-1 ਦਾ ਵੋਕੇਸ਼ਨਲ ਕੋਰਸ ਵਿਦਿਆਰਥੀਆਂ ਨੂੰ ਕਈ ਕਲਾਵਾਂ ਸਿਖਾਉਣ ਵਿੱਚ ਮਦਦ ਕਰੇਗਾ । ਇਸ ਖੇਤਰ ਲਈ ਤਾਂ ਜੋ ਉਨ੍ਹਾਂ ਨੂੰ ਇਸਦੇ ਸਕੋਪ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਨੂੰ ਆਪਣੀ ਅੰਦਰੂਨੀ Choice ਨੂੰ ਘੋਖਣ ਦਾ ਮੌਕਾ ਮਿਲੇ ।

ਜਿਵੇਂ ਕਿ ਕੋਰਸ ਪੱਧਰ-2 ਤੱਕ ਵੱਧਦਾ ਹੈ ਵਿਦਿਆਰਥੀ ਗਰਾਊਂਡ ਮਾਰਕਿੰਗ ਕਰਨ ਵਿੱਚ ਪੱਕਾ ਹੋਵੇਗਾ, ਸਰੀਰਕ ਸਿੱਖਿਆਂ ਅਧਿਆਪਕ ਦੀ ਸਕੂਲ ਜਾਂ ਅਕੈਡਮੀ ਵਿੱਚ ਸਹਾਇਤਾ ਕਰੇਗਾ । ਪੱਧਰ-4 ਦੇ ਵਿਦਿਆਰਥੀ ਖੁੱਦ ਸਕੂਲ ਦੇ ਸਰੀਰਕ ਸਿੱਖਿਆ ਡਾਇਰੈਕਟਰ ਜਾਂ ਟੀਮ ਕੋਚ ਦੇ ਸਾਹਮਣੇ ਆਪਣਾ ਪਾਠ ਪੂਰਾ ਕਰੇਗਾ । ਉਨ੍ਹਾਂ ਨੂੰ ਸਰੀਰਕ ਸਿੱਖਿਆ ਦਾ ਬੁਨਿਆਦੀ ਗਿਆਨ ਜਿਵੇਂ- ਸਕਿਲ, ਨਿਯਮ, ਗਰਾਊਂਡ ਮਾਰਕਿੰਗ, ਟੂਰਨਾਮੈਂਟ ਕਰਾਉਣਾ, ਬੁਨਿਆਦੀ ਫਸਟ ਏਡ ਅਤੇ ਇਸ ਤਰ੍ਹਾਂ ਦੇ ਹੋਰ ਪਾਠ ਆਦਿ ਹੋ ਜਾਏਗਾ । ਉਨ੍ਹਾਂ ਨੂੰ Skill Verse Fitness ਅਤੇ ਉਨ੍ਹਾਂ ਦੋਵਾਂ ਦੀ ਸੁਧਾਰ ਲਈ ਕੀ ਕਰਨਾ ਚਾਹੀਦਾ ਹੈ ਤਾਂ ਗਿਆਨ ਹੋਵੇਗਾ ।

ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਟਰੇਨਰਜ਼ ਦੀ ਖਾਸ ਲੋੜ ਹੈ ਜੋ ਕਿ ਵਿਦਿਆਰਥੀਆਂ ਨੂੰ ਸਰੀਰਕ ਕ੍ਰਿਆਵਾਂ ਕਰਾਉਣ ਲਈ ਉਤਸ਼ਾਹਿਤ ਕਰਨ, ਖੇਡਾਂ ਲਈ ਦਿਲਚਸਪੀ, ਸਮਾਜ ਵਿੱਚ ਰਹਿਣ ਆਦਿ ਲਈ ਵਿਦਿਆਰਥੀਆਂ ਨੂੰ ਇਹ ਕਰਨ ਲਈ ਯੋਗ ਕਰਨਗੇ ।

Downloaded from https:// www.studiestoday.com

Downloaded from https:// www.studiestoday.com

ਧੰਨਵਾਦ

ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਨੌਜਵਾਨਾਂ ਦੀ ਹਮੇਸ਼ਾ ਹੀ ਇੱਕ ਪ੍ਰੇਰਣਾਦਾਇਕ ਦੇਣ ਰਹੀ ਹੈ ।

ਅਸੀਂ ਉਨ੍ਹਾਂ ਸਕੂਲਾਂ ਦਾ ਧੰਨਵਾਦ ਕਰਦੇ ਹਾਂ ਜਿਹੜੇ ਕਿ ਸਾਡਾ ਹਿੱਸਾ ਬਣੇ ਅਤੇ ਜਿਨ੍ਹਾਂ ਨੇ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਸਾਡੀ ਸਹਾਇਤਾ ਕੀਤੀ । ਉਨ੍ਹਾਂ ਨੇ ਸਾਡੇ ਵਿਚਾਰਾਂ ਤੇ ਵਿਸ਼ਵਾਸ ਕੀਤਾ ਤੇ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿਸ ਦਾ ਸਹੀ ਪ੍ਰਭਾਵ ਸਹੀ ਉਮਰ ਵਿੱਚ ਪਿਆ ।

ਅਸੀਂ ਉਨ੍ਹਾਂ ਸਰੀਰਕ ਸਿੱਖਿਆ ਕਾਲਜਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨਾਂ ਕੇਵਲ ਸਾਨੂੰ ਅਗਵਾਈ ਅਤੇ ਵਿਦਿਆਰਥੀ ਦਿੱਤੇ ਸਗੋਂ ਆਪਣਾ ਸਮਰਥਨ ਵੀ ਜਦੋਂ ਅਸੀਂ ਚਾਹਿਆ ਉਦੋਂ ਹੀ ਦਿੱਤਾ । ਅਸੀਂ ਉਨ੍ਹਾਂ ਸਰੀਰਕ ਸਿੱਖਿਆ ਪੇਸ਼ਾਵਰਾਂ (Professionals) ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਸਾਡੇ ਨਾਲ ਕੰਮ ਕੀਤਾ, ਇਨ੍ਹਾਂ ਦੀ ਸਹਾਇਤਾ ਤੋਂ ਅਸੀਂ ਸਰੀਰਕ ਸਿੱਖਿਆ ਵਿੱਚ ਉਹ ਬਦਲਾਅ ਨਹੀਂ ਲਿਆ ਸਕਦੇ ਸੀ ਜੋ ਅਸੀਂ ਲਿਆਦੇ ਕਿਉਂਕਿ ਸਕੂਲ, ਅਧਿਕਾਰੀ, ਮਾਪੇ ਅਤੇ ਵਿਦਿਆਰਥੀ ਇਨ੍ਹਾਂ ਦੇ ਨਾਲ ਸਿੱਧੇ ਸੰਪਰਕ ਵਿੱਚ ਰਹੇ ।

ਅਸੀਂ ਭਾਰਤ ਦੇ ਉਨ੍ਹਾਂ ਖਿਡਾਰੀਆਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਹ ਕੰਮ ਯੋਗ ਤਰੀਕੇ ਨਾਲ ਕਰਨ ਲਈ ਰਸਤਾ ਵਿਖਾਇਆ ।

ਅਸੀਂ ਆਪਣੇ ਉਨ੍ਹਾਂ ਸਾਰੇ ਸ਼ੁੱਭਚਿੰਤਕਾਂ, ਦੋਸਤਾਂ ਅਤੇ ਸਾਰੇ ਨਿਵੇਸ਼ ਕਰਨ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਖੁੱਲਦਿਲੀ ਨਾਲ ਸਾਡੇ ਇਸ ਯਤਨ ਨੂੰ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿੱਥੇ ਅਸੀਂ ਆਪਣੇ ਵਿਚਾਰ, ਉਤਪਾਦ ਅਤੇ ਸੇਵਾਵਾਂ ਉਨ੍ਹਾਂ ਦੇ ਸਾਹਮਣੇ ਰੱਖੀਆ ਜਿਹੜੀਆਂ ਕਿ ਉਨ੍ਹਾਂ ਦੁਆਰਾ ਦਿੱਤੇ ਮੌਕੇ ਤੇ ਵਿਸਵਾਸ਼ ਤੋਂ ਬਿਨਾਂ ਸੰਭਵ ਨਹੀਂ ਸਨ ।

ਸਾਡੀ ਇਸ ਪ੍ਰੇਰਣਾ ਨਾਲ ਕਿੱਤਾ ਮਈ ਕੋਰਸ ਸਕੂਲਾਂ ਵਿੱਚ ਸ਼ੁਰੂ ਹੋਏ ਅਤੇ ਸਾਨੂੰ ਵਿਦਿਆਰਥੀਆਂ ਦੇ ਚਿਹਰੇ ਤੇ ਮੁਸਕਰਾਹਟ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਅਸੀਂ ਸਿਹਤ ਅਤੇ ਤੰਦਰੁਸਤ ਰਾਸ਼ਟਰ ਵੱਲ ਇੱਕ ਕਦਮ ਵਧਾਇਆ ਹੈ।

ਅਸੀਂ ਮਨੁੱਖੀ ਸਰੋਤ ਮੰਤਰਾਲੇ (M H R O), ਭਾਰਤ ਸਰਕਾਰ (G O I) ਅਤੇ N S D C ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਸਕੂਲ ਪਾਠਕ੍ਰਮ ਦਾ ਹਿੱਸਾ ਬਣਾਉਦੇ ਹੋਏ ਸਾਡੀ ਇਸ ਸਹਿਭਗਤਾ ਨੂੰ ਸਲਾਇਆ ।

ਅਸੀਂ Srividya MajMudar, Javed Azad Khan, Pavan Gamatam , Delix lssac, Anuradha Venkatraman ਅਤੇ Jyoti MajMudar ਦਾ ਜਿਨ੍ਹਾਂ ਦੇ ਇੱਕਠੇ ਯਤਨਾਂ ਸਦਕਾ ਹੈਂਡ ਬੁੱਕ ਪਾਠਕ੍ਰਮ ਪੱਧਰ- II ਲਿਆਉਣ ਵਿੱਚ ਮਦਦ ਕੀਤੀ ।

Downloaded from https:// www.studiestoday.com

Downloaded from https:// www.studiestoday.com

ਅਸੀਂ Dr. Vinay Swarup Mehrotra, ਹੈੱਡ ਪਾਠਕ੍ਰਮ ਵਿਕਾਸ ਅਤੇ ਮੁਲਾਂਕਣ ਕੇਂਦਰ (C D E C) , PSSCIVE , Prof-R.B Shivagunde ਸੰਯੁਕਤ ਡਾਇਰੈਕਟਰ, PSSCIVE , ਸਕੂਲ ਸਿੱਖਿਆ ਵਿਭਾਗ ਹਰਿਆਣਾ ਜਿਨ੍ਹਾਂ ਨੇ ਆਪਣੇ ਸਮਰਥਨ ਅਤੇ ਅਗਵਾਈ ਨਾਲ N S Q F ਅਨੁਸਾਰ ਪਾਠਕ੍ਰਮ ਤਿਆਰ ਕਰਨ ਵਿੱਚ ਸਹਾਇਤਾ ਕੀਤੀ ।

ਅਸੀਂ Edusports Lasourment ਅਤੇ Wadhworm ਫਾਊਡੇਸ਼ਨ ਵੱਲੋਂ ਵੀ ਦਿਤੀ ਗਈ ਦੇਣ ਅਤੇ ਸਹਾਇਤਾ ਲਈ ਵੀ ਇਸ ਪਾਠਕ੍ਰਮ ਨੂੰ ਤਿਆਰ ਕਰਨ ਲਈ ਧੰਨਵਾਦੀ ਹਾਂ ।

ਧੰਨਵਾਦ
S C E A L S
ਹਰਿਆਣਾ ਸਰਕਾਰ
ਫਰੀਦਾਬਾਦ ।

Downloaded from https:// www.studiestoday.com

Downloaded from https:// www.studiestoday.com

ਤੁਹਾਡੀ ਕਾਰਜ ਪੁਸਤਕ ਬਾਰੇ

ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਅਗਵਾਈ ਵਿੱਚ ਅਭਿਆਸ ਪੁਸਤਿਕਾ ਵਿੱਚੋ ਕਲਾਸ ਰੂਮ ਵਿੱਚ ਕੰਮ ਕਰਨਾ ਚਾਹੀਦਾ ਹੈ।ਇਸ ਕਿਤਾਬ ਵਿੱਚ ਸੈਸ਼ਨ ਹਨ ਜੋ ਤੁਹਾਨੂੰ ਲੋੜੀਂਦਾ ਗਿਆਨ ਤੇ ਭਿੰਨ-ਭਿੰਨ ਰੂਪ ਜੋ ਇਸ ਮਡਿਊਲ ਵਿੱਚ ਹਨ ਬਾਰੇ ਦਸਣਗੇ।

ਹਰ ਸੈਸ਼ਨ ਇੰਨਾ ਕੁ ਛੋਟਾ ਹੁੰਦਾ ਹੈ ਕਿ ਅਗਲੇ ਸੈਸ਼ਨ ਤੇ ਜਾਣ ਤੋਂ ਪਹਿਲਾਂ ਇਸ ਨੂੰ ਅਸਾਨੀ ਨਾਲ ਜਜਬ ਕਰ ਲੈਦੇ ਹਾਂ। ਪਾਠ ਪੁਸਤਕ ਨੂੰ ਹੋਰ ਜਿਆਦਾ ਅੱਖਾਂ ਨੂੰ ਲੁਭਾਉਣ ਵਾਲੀ ਬਣਾਉਣ ਲਈ ਐਨੀਮੇਟਰ ਤਸਵੀਰਾਂ ਅਤੇ ਤਸਵੀਰਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ । ਇਸ ਦੀ ਵਿਸਥਾਰ ਪੂਰਵਕ ਸਿਰਜਨਾ ਲਈ ਤੁਸੀਂ ਆਪਣੀ ਕਲਪਨਾ ਅਨੁਸਾਰ ਕੋਸ਼ਿਸ ਕਰ ਸਕਦੇ ਹੋ ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ । ਆਓ ਦੇਖੀਏ ਸੈਸ਼ਨ ਦੇ ਇਸ ਭਾਗ ਵਿੱਚ ਤੁਹਾਡੇ ਲਈ ਕੀ ਹੈ ?

ਭਾਗ - 1 ਜਾਣ ਪਹਿਚਾਣ :- ਇਹ ਭਾਗ ਇਕਾਈ (Unit) ਦੇ ਵਿਸ਼ੇ ਨਾਲ ਜਾਣੂ ਕਰਵਾਉਂਦਾ ਹੈ।ਇਹ ਭਾਗ ਤੁਹਾਨੂੰ ਇਹ ਵੀ ਦੱਸੇਗਾ ਕਿ ਇਸ ਇਕਾਈ ਦੇ ਅੰਤਰਗਤ ਵੱਖ-ਵੱਖ ਸੈਸ਼ਨਾਂ ਰਾਹੀਂ ਤੁਸੀਂ ਕੀ ਸਿੱਖੋਗੇ ?

ਭਾਗ -2 ਢੁੱਕਵਾ ਗਿਆਨ : - ਇਹ ਭਾਗ ਤੁਹਾਨੂੰ ਇਸ ਸੈਸ਼ਨ ਦੇ ਅੰਦਰ ਆਉਦੇ ਵਿਸ਼ੇ / ਵਿਸ਼ਿਆਂ ਬਾਰੇ ਸੰਬੰਧਿਤ ਜਾਣਕਾਰੀ ਮੁੱਹਈਆ ਕਰਵਾਉਦਾ ਹੈ।ਇਸ ਭਾਗ ਰਾਂਹੀ ਪ੍ਰਾਪਤ ਕੀਤਾ ਗਿਆਨ ਤੁਹਾਨੂੰ ਕਈ ਕ੍ਰਿਆਵਾਂ ਕਰਨ ਦੇ ਯੋਗ ਬਣਾਉਂਦਾ ਹੈ । ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਨੂੰ ਵਿਸ਼ੇ ਦੇ ਵੱਖ-ਵੱਖ ਤੱਥਾਂ ਤੇ ਆਪਣੀ ਸਮਝ ਵਧਾਉਣ ਲਈ ਦਿੱਤੀ ਜਾਣਕਾਰੀ ਨੂੰ ਪੜ੍ਹਨਾ ਚਾਹੀਦਾ ਹੈ ।

ਭਾਗ -3 ਅਭਿਆਸ : ਹਰ ਸੈਸ਼ਨ ਦੇ ਅਭਿਆਸ ਹਨ । ਜਿਨ੍ਹਾਂ ਨੂੰ ਕਿ ਤੁਹਾਨੂੰ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ । ਤੁਸੀਂ ਇਹ ਕ੍ਰਿਆਵਾਂ ਜਮਾਤ ਘਰ ਜਾਂ ਮੈਦਾਨ ਵਿੱਚ ਕਰੋਗੇ । ਇਸ ਭਾਗ ਵਿੱਚ ਆਉਂਦੀਆਂ ਕ੍ਰਿਆਵਾਂ ਤੁਹਾਡੇ ਕੰਮ ਦੀ ਜਗ੍ਹਾਂ 'ਤੇ ਸਮਰਥਾ ਨਾਲ ਕੰਮ ਕਰਨ ਲਈ ਲੋੜੀਂਦੇ ਗਿਆਨ, ਹੁਨਰ ਅਤੇ ਰਵੱਈਏ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ । ਇਹ ਕ੍ਰਿਆਵਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਨਿਗਰਾਨੀ ਹੇਠ ਕਰਨੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ । ਅਤੇ ਨਾਲ ਹੀ ਤੁਹਾਡੀ ਕਾਰਗੁਜ਼ਾਰੀ ਨੂੰ ਵਧੀਆ ਕਰਨ ਦਾ ਸੁਝਾਅ ਦੇਣਗੇ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਦੀ ਸਲਾਹ ਨਾਲ ਇੱਕ ਸਮਾਂ ਸਾਰਣੀ ਤਿਆਰ ਕਰੋ ਅਤੇ ਸਖ਼ਤੀ ਨਾਲ ਤੈਅ ਕੀਤੇ ਦਰਜਿਆਂ ਅਤੇ ਨਿਯਮਾਂ ਦੀ ਪਾਲਣਾ ਕਰੋ। ਆਪਣੇ ਅਧਿਆਪਕ ਜਾਂ ਟਰੇਨਰ ਤੋਂ ਕੋਈ ਵੀ ਚੀਜ਼ ਪੁੱਛਣ ਤੋਂ ਸੰਕੋਚ ਨਾ ਕਰੋ ਜੋ ਤੁਹਾਨੂੰ ਸਮਝ ਨਾ ਆਈ ਹੋਵੇ ।

ਭਾਗ -4 ਅਸੈੱਸਮੈਂਟ : ਇਸ ਭਾਗ ਵਿੱਚ ਸ਼ਾਮਲ ਰੀਵਿਊ ਪ੍ਰਸ਼ਨ ਤੁਹਾਡੀ ਤਰੱਕੀ (ਉੱਨਤੀ) ਚੈਕ ਕਰਨਗੇ । ਤੁਸੀਂ ਅਗਲੇ ਸੈਸ਼ਨ ਜਾਣ ਤੋਂ ਪਹਿਲਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋਣੇ ਚਾਹੀਦੇ ਹੋ ।

ਭਾਗ -5 ਅਸੈੱਸਮੈਂਟ ਚੈਕਲਿਸਟ : ਚੈਕਲਿਸਟ ਨਾਲ ਤੁਹਾਨੂੰ ਮੌਕਾ ਮਿਲੇਗਾ ਕਿ ਤੁਸੀ ਇਸ ਵਿਸ਼ੇ ਦੇ ਸਾਰੇ ਟਾਪਿਕ ਕਵਰ ਕਰ ਲਏ ਹਨ । ਆਪਣੀ ਸਿੱਖਿਆ ਮਿਣਨ ਲਈ ਇਸ ਨੂੰ ਵਰਤੋਂ ।

Downloaded from https:// www.studiestoday.com

Downloaded from https:// www.studiestoday.com

ਪੀ ਐੱਸ 205-ਐੱਨ ਕਿਊ 2014

ਸਿਖਾਉਣ ਲਈ ਸਿੱਖਣਾ ਅਤੇ ਸਿੱਖਣ ਲਈ ਸਿਖਾਉਣਾ

Downloaded from https:// www.studiestoday.com

Downloaded from https:// www.studiestoday.com

ਸੈਸ਼ਨ-1:- ਸਿਖਾਉਣ ਲਈ ਸਿੱਖਣਾ ਅਤੇ ਸਿੱਖਣ ਲਈ ਸਿਖਾਉਣਾ

ਜਾਣ -ਪਛਾਣ

ਇਹ ਇਕ ਅਧਿਆਪਕ ਹੀ ਹੈ ਜੋ ਆਪਣੀ ਚੰਗੀ ਯੋਜਨਾ ਦੁਆਰਾ, ਹਦਾਇਤਾਂ ਦੁਆਰਾ ਅਤੇ ਕ੍ਰਿਆਵਾਂ ਦੁਆਰਾ ਜਾਣਕਾਰੀ ਨੂੰ ਗਿਆਨ ਵਿੱਚ ਬਦਲਦਾ ਹੈ, ਆਪਣੇ ਵਿਦਿਆਰਥੀਆਂ ਵਿੱਚ ਕੁਸ਼ਲਤਾ ਪੈਦਾ ਕਰਦਾ ਹੈ ਉਹਨਾਂ ਵਿੱਚ ਚੰਗਾ ਰਵੱਈਆਂ ਪੈਦਾ ਕਰਦਾ ਹੈ । ਅਧਿਆਪਕ ਅਤੇ ਵਿਦਿਆਰਥੀ ਕਲਾਸਰੂਮ ਵਿੱਚ, ਵਾਤਾਵਰਨ ਖੇਤਰ ਵਿੱਚ ਅਤੇ ਹੋਰ ਕੋਈ ਸਿੱਖਣ ਸਿਖਾਣ ਦੀਆਂ ਕ੍ਰਿਆਵਾਂ ਵਿੱਚ ਨਾਲ-ਨਾਲ ਰਹਿੰਦੇ ਹਨ । ਅਧਿਆਪਕ ਬੱਚਿਆਂ ਨੂੰ ਪੜ੍ਹਾਉਂਦਾ ਹੈ ਅਤੇ ਉਹਨਾਂ ਦੀ ਪੜ੍ਹਨ ਵਿੱਚ ਮਦਦ ਕਰਦਾ ਹੈ ਜਦਕਿ ਵਿਦਿਆਰਥੀਆਂ ਨੂੰ ਚੰਗੇ ਸਿਖਿਆਰਥੀ ਬਣਨਾ ਹੁੰਦਾ ਹੈ । ਇਕ ਚੰਗੇ ਅਧਿਆਪਕ ਕੋਲ ਪ੍ਰਭਾਵਿਤ ਆਦਾਨ ਪ੍ਰਦਾਨ ਦੀ ਕੁਸ਼ਲਤਾ, ਜਾਣਕਾਰੀ ਅਤੇ ਆਦਾਨ ਪ੍ਰਦਾਨ ਟੈਕਨਾਲੋਜੀ ਕੁਸ਼ਲਤਾ ਅਤੇ ਵਿਸ਼ਾ ਗਿਆਨ ਹੋਣਾ ਚਾਹੀਦਾ ਹੈ ਪਰ ਉਸ ਸਮੇਂ ਕਦਰਾਂ ਕੀਮਤਾਂ, ਨੈਤਿਕਤਾ ਅਤੇ ਪ੍ਰਬੰਧਕੀ ਯੋਗਤਾਵਾਂ ਵੀ ਦਸਣੀਆਂ ਚਾਹੀਦੀਆਂ ਹਨ । ਆਓ ਅਸੀਂ ਹੁਣ ਸਰੀਰਕ ਸਿੱਖਿਆ ਅਧਿਆਪਕ ਵਿੱਚ ਕੀ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ ਬਾਰੇ ਸਿੱਖੀਏ ।

ਤਾਲ ਮੇਲ(Communication) ਤਾਲ ਮੇਲ ਇਕ ਚਾਬੀ ਹੈ ਕਿਸੇ ਵੀ ਚੀਜ ਦੀ । ਇਹ ਸਿਰਫ਼ ਅਧਿਆਪਕ ਲਈ ਹੀ ਜਰੂਰੀ ਨਹੀਂ ਸਗੋਂ ਸਾਰੇ ਕੰਮਾਂ ਵਿੱਚ ਜਿੰਦਗੀ ਵਿੱਚ ਜਰੂਰੀ ਹੈ । ਇਕ ਚੰਗਾ ਤਾਲਮੇਲਰ ਬੜਾ ਆਸਾਨੀ ਨਾਲ ਸਾਰਿਆਂ ਨਾਲ ਸੰਪਰਕ ਬਣਾ ਲੈਂਦਾ ਹੈ । ਉਹ ਆਸਾਨੀ ਨਾਲ ਆਪਣੇ ਆਸ ਪਾਸ ਦਿਆਂ ਨੂੰ ਸਮਝ ਸਕਦਾ ਹੈ । ਜੇ ਅਸੀ ਮਿਲਜੁਲ-ਕੇ ਰਹਿਣਾ ਚਾਹੁੰਦੇ ਹਾਂ ਤਾਂ ਤਾਲਮੇਲ ਬਹੁਤ ਜ਼ਰੂਰੀ ਹੈ । ਗਹਿਰਾਈ ਤੱਕ ਇਸ ਤਾਲਮੇਲ ਵਾਲੇ ਵਿਸ਼ੇ ਵਿੱਚ ਜਾ ਸਕਦੇ ਹਾਂ ਅਤੇ ਕੁਝ ਪ੍ਰੈਟੀਕਲ ਕਰਕੇ ਸਮਝ ਸਕਦੇ ਹਾਂ ਕਿ ਤਾਲਮੇਲ ਕਿਵੇਂ ਪ੍ਰਭਾਵਿਤ ਹੈ ।

ਸਹੀ ਸਿੱਖਣ ਵਾਲਾ ਵਾਤਾਵਰਨ ਤਿਆਰ ਕਰਨਾ (Creating the Correct learning Environment): ਇਕ ਅਧਿਆਪਕ ਦਾ ਕੰਮ ਬੱਚੇ ਨੂੰ ਪੜ੍ਹਾਉਣਾ ਹੈ । ਅਧਿਆਪਕ ਦੀ ਸਫ਼ਲਤਾ ਇਸ ਗੱਲ ਤੋਂ ਮਾਪੀ ਜਾਂਦੀ ਹੈ ਕਿ ਬੱਚੇ ਨੂੰ ਕਿੰਨਾ ਕੁ ਸਿੱਖਿਆ ਹੈ । ਇਸ ਲਈ ਸਾਡਾ ਸਾਰਾ ਧਿਆਨ ਇਸ ਗੱਲ ਤੇ ਹੁੰਦਾ ਹੈ ਕਿ ਬੱਚੇ ਨੂੰ ਕਿੰਨਾਂ ਕੁ ਸਿੱਖਿਆ ਹੈ ਅਤੇ ਕਿੰਨਾਂ ਕੁ ਅੰਦਰ ਦਿਮਾਗ ਵਿੱਚ ਪਾਇਆ ਹੈ । ਸਿੱਖਣ ਲਈ ਸਹੀ ਵਾਤਾਵਰਨ ਤਿਆਰ ਕਰਨ ਲਈ ਅਧਿਆਪਕ ਨੇ ਜਰੂਰਤ ਹੈ ਸਹੀ ਫੋਕਸ ਕਰਨ ਦੀ । ਆਪਣਾ ਧਿਆਨ ਇਸ ਗੱਲ ਤੇ ਕੇਂਦਰਿਤ ਕਰਨ ਲਈ ਕਿ ਬੱਚਿਆਂ ਨੇ ਕਿੰਨਾ ਕੁ ਪੜ੍ਹਾਇਆ ਜਾਵੇ ਚੰਗਾ ਇਹ ਹੈ ਕਿ ਅਸੀਂ ਦੇਖੀਏ ਕੀ ਬੱਚੇ ਨੇ ਕਿੰਨਾ ਯਾਦ ਕੀਤਾ ਹੈ ।

ਯਜਨਾ (Planning):- ਇਹ ਜ਼ਰੂਰੀ ਹਿੱਸਾ ਹੈ ਕਿ ਅਧਿਆਪਕ ਦੀ ਜਿੰਦਗੀ ਦਾ । ਬਿਨਾਂ ਯੋਜਨਾ ਦੇ ਕੁਝ ਵੀ ਸੰਭਵ ਨਹੀਂ । ਤਿਆਰੀ ਅਧਿਆਪਕ ਨੂੰ ਸ਼ਕਤੀ ਦਿੰਦੀ ਹੈ ਕਿ ਉਸ ਨੇ ਜੋ ਸਾਰਾ ਸਾਲ ਕਰਨਾ ਹੈ ਉਸ ਨੂੰ ਪੇਪਰ ਤੇ ਲਿਖੇ । ਤਿਆਰੀ ਕਰਨ ਨਾਲ ਚੰਗੇ ਨਤੀਜੇ ਆਉਂਦੇ ਹਨ । ਇਹ ਅਸੀਂ ਪਹਿਲਾ ਹੀ ਪੜ੍ਹ ਚੁੱਕੇ ਹਾਂ ਕਿ ਤਿਆਰੀ ਅਧਿਆਪਕ ਲਈ ਕਿੰਨੀ ਮਹੱਤਵਪੂਰਨ ਹੈ ।

Downloaded from https:// www.studiestoday.com

Downloaded from https:// www.studiestoday.com

ਕੋਡ ਆਫ਼ ਕੰਡਕਟ:-

ਅਧਿਆਪਕ ਇੱਕ ਨਮੂਨਾ ਹੁੰਦੇ ਹਨ।

ਨਮੂਨਾ ਅਧਿਆਪਕ ਤੋਂ ਮਤਲਬ ਕਿ ਉਹ ਅਧਿਆਪਕ ਜੋ ਵਿਦਿਆਰਥੀਆਂ ਦੀ ਦੇਖਭਾਲ ਕਰੇ, ਉਹ ਵਿਦਿਆਰਥੀ ਨੂੰ ਆਪਣੇ ਵਰਗਾ ਬਣਾਉਣ, ਅਧਿਆਪਕ ਅਜਿਹੇ ਵਿਦਿਆਰਥੀਆਂ ਨੂੰ ਪੂਰਾ ਸਮਰਪਿਤ ਹੋਵੇ।
ਇਹ ਅਧਿਆਪਕ ਦੇ ਮੋਢਿਆਂ ਤੇ ਇੱਕ ਭਾਰੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਥੱਲੇ ਕੁੱਝ ਕੋਡ ਆਫ਼ ਕੰਡਕਟ ਹਨ ਜੋ ਅਧਿਆਪਕ ਦੇ ਕਿੱਤੇ ਨਾਲ ਲੋੜੀਂਦੇ ਹਨ।

1. **ਸਮੇਂ ਦਾ ਪਾਬੰਦ** :- ਅਧਿਆਪਕ ਵਿਦਿਆਰਥੀ ਸਾਹਮਣੇ ਇੱਕ ਅਜਿਹੀ ਉਦਾਹਰਨ ਰੱਖਣ ਕਿ ਉਹ ਹਮੇਸ਼ਾ ਉਨ੍ਹਾਂ ਨੂੰ ਸਮੇਂ ਸਿਰ ਪੜ੍ਹਾਉਣ।

2. **ਵਰਦੀ** :- a) ਅਧਿਆਪਕ ਅਜਿਹੀ ਉਦਾਹਰਣ ਪੇਸ਼ ਕਰਨ ਕਿ ਉਨ੍ਹਾਂ ਦੀ ਵਰਦੀ ਸਾਫ਼-ਸੁਥਰੀ ਤੇ ਉਹ ਚੁਸਤ ਜਿਹੇ ਮਹਿਸੂਸ ਹੋਣ।

   b) ਉਹ ਸਾਫ਼-ਸੁਥਰੇ ਹੋਣ, ਉਨ੍ਹਾਂ ਦੇ ਵਾਲ ਠੀਕ ਢੰਗ ਨਾਲ ਕੱਟੇ ਹੋਣ, ਕੰਘੀ ਠੀਕ ਤਰੀਕੇ ਨਾਲ ਕੀਤੀ ਹੋਵੇ। ਨਹੁੰ ਕੱਟੇ ਹੋਣ, ਦਾੜ੍ਹੀ ਆਦਿ ਠੀਕ ਤਰੀਕੇ ਨਾਲ ਸੈਟ ਕੀਤੀ ਹੋਵੇ।

3. **ਹਾਜਰੀ** :- ਕਿਉਂਕਿ ਵਿਦਿਆਰਥੀ ਉਨ੍ਹਾਂ ਦੇ ਹਮੇਸ਼ਾ ਇੰਤਜਾਰ ਵਿੱਚ ਹੁੰਦੇ ਹਨ ਇਸ ਲਈ ਅਧਿਆਪਕ ਦਾ ਕਲਾਸ ਵਿੱਚ ਵੱਧ ਤੋਂ ਵੱਧ ਸਮਾਂ ਹਾਜ਼ਰ ਹੋਣਾ ਅਤਿ ਜ਼ਰੂਰੀ ਹੈ।

4. **ਕਿੱਤੇ ਸੰਬੰਧੀ ਵਰਤਾਅ** :- ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਦੀ ਇੱਜਤ ਕਰਨੀ ਚਾਹੀਦੀ ਹੈ। ਜੇਕਰ ਉਨ੍ਹਾਂ ਨੇ ਕਿਸੇ ਖਾਸ ਮਜਬੂਰੀ ਦੌਰਾਨ ਜੇਕਰ ਸਕੂਲ ਨਾ ਆਉਣਾ ਹੋਵੇ ਤਾਂ ਵਿਦਿਆਰਥੀਆਂ ਨੂੰ ਸੂਚਨਾ ਦੇ ਦੇਣੀ ਚਾਹੀਦੀ ਹੈ। ਇੰਝ ਕਰਨ ਨਾਲ ਵਿਦਿਆਰਥੀ ਹਮੇਸ਼ਾ ਅਧਿਆਪਕ ਦਾ ਆਦਰ ਕਰਨਗੇ

5. ਵਿਦਿਆਰਥੀਆਂ ਦੀ ਸਾਰੀ ਆਦਤਾਂ ਅਧਿਆਪਕ ਵਿੱਚ ਲੁਕੀਆਂ ਹੁੰਦੀਆਂ ਹਨ। ਜਿਵੇਂ ਕਿ ਸਖਤ ਮਿਹਨਤ, ਇਮਾਨਦਾਰੀ, ਸਚਾਈ, ਆਦਰ ਕਰਨਾ, ਨਰਮ ਸੁਭਾਓ ਵਿੱਚ ਬੋਲਣਾ ਆਦਿ।

6. **ਵਰਤਾਅ**

   a) ਵਿਦਿਆਰਥੀਆਂ ਨੂੰ ਸਰੀਰਕ ਸਜ਼ਾ :– ਬੱਚਿਆਂ ਨੂੰ ਮਿਲੀ ਸਰੀਰਕ ਸਜਾ, ਨਿਰਾਦਰ ਕਰਨਾ, ਨਾ ਮੰਨਣ ਯੋਗ ਗੱਲਾਂ ਹਨ ਜਿਸ ਨਾਲ ਕਿ ਅਧਿਆਪਕ ਤੇ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ ਤੇ ਸੇਵਾਵਾਂ ਖਤਮ ਹੋ ਸਕਦੀਆਂ ਹਨ।

   b) ਕੰਮ ਕਰਦੇ ਸਮੇਂ ਸਿਗਰਟ ਦੀ ਵਰਤੋਂ, ਡ੍ਰਿੰਕ ਕਰਨਾ ਅਤੇ ਮੋਬਾਇਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

Downloaded from https:// www.studiestoday.com

Downloaded from https:// www.studiestoday.com

c) ਗਲਤ ਭਾਸ਼ਾ ਦੀ ਵਰਤੋਂ , ਮਾੜਾ ਵਰਤਾਅ ਆਦਿ ਕਰਨਾ ਸਰਵਿਸ ਦੌਰਾਨ ਕਰਨ ਦੀ ਮਨਾਹੀ ਹੈ।

ਸਿੱਖਣ ਲਈ ਸਿਖਾਉਣਾ :- ਇਕ ਰਿਫ਼ਲੈਕਟਿਵ ਟੀਚਰ

ਦੁਹਰਾਈ :-

ਸਿੱਖਣ– ਸਿਖਾਉਣ ਦੀ ਪ੍ਰਤੀਕ੍ਰਿਆ ਵਿੱਚ ਇੱਕ ਚੰਗਾ ਅਧਿਆਪਕ ਆਪਣੇ ਵਿਸ਼ੇ ਸੰਬੰਧੀ ਪੂਰਾ ਗਿਆਨ ਰੱਖਦਾ ਹੋਵੇ ਉਸ ਨੂੰ ਆਪਣੇ ਵਿਸੇ ਦੀ ਮੁਹਾਰਤ ਹੋਵੇ, ਉਸ ਨੂੰ ਆਪਣੇ ਕਿੱਤੇ ਪ੍ਰਤੀ ਦਿਲਚਸਪੀ ਹੋਵੇ ਅਤੇ ਉਹ ਇੱਕ ਸਮਝ ਰੱਖਦਾ ਹੋਵੇ ਕਿ ਉਹ 'ਕੀ , ਕਿਉਂ ਅਤੇ ਕਿਵੇਂ ' ਆਦਿ ਨੂੰ ਵਿਸਥਾਰ ਪੂਰਵਕ ਦੱਸਣ ਦੀ ਜਾਣਕਾਰੀ ਰੱਖਦਾ ਹੋਵੇ ।

ਸਾਡੇ ਅਧਿਆਪਕਾਂ ਵਿੱਚ ਹੇਠ ਲਿਖੇ ਗੁਣ ਹੋਣੇ ਜਰੂਰੀ ਹਨ:–

- ਅਧਿਆਪਕ ਨੂੰ ਕਿੱਤੇ ਪ੍ਰਤੀ ਲਾਲਸਾ ਹੋਵੇ
- ਉਹ ਬਹੁਤ ਵਧੀਆ ਸੁਭਾਅ ਦਾ ਹੋਵੇ
- ਉਹ ਅਨੁਸ਼ਾਸ਼ਨ ਵਿੱਚ ਖੁਦ ਹੋਵੇ
- ਪ੍ਰੋਫੈਸ਼ਨਲ
- ਲਚਕਦਾਰ
- ਚੰਗਾ ਵਕਤਾ
- ਸਮਝਦਾਰੀ

ਜੇਕਰ ਅਸੀਂ ਅਧਿਆਪਕ ਦੇ ਗੁਣਾਂ ਨੂੰ ਕਈ ਭਾਗਾਂ ਵਿੱਚ ਵੰਡੀਏ ਤਾਂ ਉਹ ਵੰਡ ਹੇਠ ਲਿਖੇ ਅਨੁਸਾਰ ਬਣਦੀ ਹੈ ।



Downloaded from https:// www.studiestoday.com

Downloaded from https:// www.studiestoday.com

ਆਓ ਇਨ੍ਹਾਂ ਗੁਣਾਂ ਨੂੰ ਵਿਸਥਾਰ ਪੂਰਵਕ ਜਾਣੀਏ:-

ਨਿੱਜੀ ਗੁਣ (Personal Qualitie)	ਕੇਂਦਰੀ ਮੁੱਲ (Core Values)	ਸਮਾਜਿਕ ਹੁਨਰ (Social Skills)
• ਖੁਸ਼	• ਸੱਚਾ - ਸੁੱਚਾਂ	• ਗੱਲਬਾਤ ਦੀ ਕਲਾ
• ਲਚਕਦਾਰ	• ਸਬਰ	• ਪ੍ਰੋਫ਼ੈਸਨਲ
• ਰਿਫ਼ਲੈਕਟਿਵ	• ਵਾਅਦਾ ਨਿਭਾਉਣ ਵਾਲਾ	• ਯੋਜਨਾ ਅਤੇ ਸੰਗਠਨ
• ਉਦੇਸ਼	• ਸਾਫ਼ – ਸੁਥਰਾ	• ਗਿਆਨ
• ਨੇਤਾ	• ਮਿਹਨਤੀ	• ਸਮੱਸਿਆ ਦਾ ਹੱਲ ਕਰਨ ਵਾਲਾ
• ਸਹੀ ਸੋਚ ਵਾਲਾ	• ਸਮੇਂ ਦੀ ਕਦਰ ਤੇ ਲੋਕਾਂ ਦੀ ਕਦਰ	• ਪ੍ਰੋਫ਼ੈਸਨਲ
• ਛੱਡਦਾ ਨਹੀ	• ਭਰੋਸੇਯੋਗ	• ਯੋਜਨਾ ਅਤੇ ਸੰਗਠਨ

ਹੁਣ ਇਹ ਪ੍ਰਸ਼ਨ ਉੱਠਦਾ ਹੈ ਕਿ ਅਸੀਂ ਪੂਰਣ ਅਧਿਆਪਕ (Perfect Teacher) ਕਿਵੇਂ ਬਣ ਸਕਦੇ ਹਾਂ ? ਕੀ ਇਹ ਕਦੀ ਸੰਭਵ ਹੈ ?

ਇਸ ਦਾ ਉੱਤਰ ਹੈ 'ਹਾਂ ਜੀ' ਅਸੀਂ ਆਪਣੇ ਆਪ ਨੂੰ ਟਰੇਂਡ ਕਰ ਕੇ ਆਪਣੇ ਆਪ ਨੂੰ ਇੱਕ ਚੰਗੇ ਗੁਣਾਂ ਵਾਲਾ ਅਧਿਆਪਕ ਬਣਾ ਸਕਦੇ ਹਾਂ । ਇਸ ਵਾਸਤੇ ਸਿਰਫ ਸਾਨੂੰ ਲਗਾਤਾਰ ਪੜ੍ਹਨਾ/ਸਿੱਖਣਾ ਪਵੇਗਾ ਅਤੇ ਉਸਨੂੰ ਸੋਚਣਾ ਪਵੇਗਾ ।

ਸਿੱਖੋ ਅਤੇ ਲਾਗੂ ਕਰੋ ਜਿੰਨੀ ਬਾਰੀਕੀ ਨਾਲ ਹੋ ਸਕਦਾ ਹੈ ਆਪਣੇ ਵਿੱਚ ਇਹ ਗੁਣਵਤਾ ਪੈਦਾ ਕਰਨ ਵਾਸਤੇ ਅਤੇ ਨਿਪੁੰਨਤਾ ਪੈਦਾ ਕਰਨ ਵਾਸਤੇ ।

ਕਿਸ ਤਰੀਕੇ ਨਾਲ ਪੜ੍ਹਾਉਣਾ ਚਾਹੀਦਾ ਹੈ ।

1 • ਜ਼ਰੂਰੀ ਪੜ੍ਹਾਉਣਾ ਅਤੇ ਸਿਖਾਉਣਾ
2 • (ਪਲੈਨਡ) ਪੜ੍ਹਾਉਣਾ ਅਤੇ ਸਿਖਾਉਣਾ
3 • ਪਾਠ ਨੂੰ ਜੋੜਨਾ ਅਤੇ ਪ੍ਰੈਕਟਿਸ ਕਰਵਾਉਣ

Downloaded from https:// www.studiestoday.com

Downloaded from https:// www.studiestoday.com

ਰਿਫ਼ਲੈਕਟਿਵ ਟੀਚਿੰਗ (Reflective Teaching)

ਇੱਕ ਰਿਫ਼ਲੈਕਟਿਵ ਟੀਚਰ ਉਹ ਹੁੰਦਾ ਹੇ ਜੋ ਪੜ੍ਹਾਈ ਸੰਬੰਧੀ ਸਾਰੇ ਪ੍ਰੋਗਰਾਮ ਨੂੰ ਵਧੀਆ ਤਰੀਕੇ ਨਾਲ ਉਲੀਕਦਾ ਹੈ ਜੋ ਕਿ ਇੱਕ ਸਕੂਲ ਦੀ ਲੋੜ ਹੈ ।

ਰਿਫ਼ਲੈਕਟਿਵ ਟੀਚਰ ਉਹ ਹੁੰਦਾ ਹੇ ਜੋ ਪੜ੍ਹਾਉਣ ਦੇ ਵੱਖ - ਵੱਖ ਤਰੀਕਿਆਂ ਨੂੰ ਜਦੋਂ ਵੀ ਲੋੜ ਪੈਂਦੀ ਹੈ ਉਦੋਂ ਵਰਤਦੇ ਹਨ ।

ਰਿਫ਼ਲੈਕਟਿਵ ਟੀਚਰ ਲਈ ਵਿਦਿਆਰਥੀ ਕੇਂਦਰ ਹੁੰਦਾ ਹੈ ਤੇ ਪ੍ਰੋਗਰਾਮ ਉਸ ਦੇ ਆਲੇ - ਦੁਆਲੇ ਬਣਦਾ ਹੈ । ਆਓ ਇੱਕ ਆਮ ਟੀਚਰ ਤੇ ਰਿਫ਼ਲੈਕਟਿਵ ਟੀਚਰ ਦੇ ਅੰਤਰ ਨੂੰ ਸਮਝਣ ਲਈ ਅੰਤਰ ਦੇਖੀਏ ।

	ਆਮ ਅਧਿਆਪਕ	ਖਾਸ ਅਧਿਆਪਕ
ਅਕਾਦਮਿਕ ਸਾਲ ਦੀ ਯੋਜਨਾ	ਸਾਰੀਆਂ ਕਲਾਸਾਂ ਲਈ ਤੇ ਸਕੂਲ ਲਈ ਇਕੋ ਜਿਹੀ ਯੋਜਨਾ ਹੋਵੇਗੀ	ਸਕੂਲ ਪਲਾਨ ਮੁਤਾਬਿਕ ਹੋਵੇਗੀ । ਹਰ ਪਲਾਨ ਵਿਦਿਆਰਥੀਆਂ ਦੇ ਦੋ ਪੱਧਰ ਦੀ ਹੋਵੇਗੀ ।
ਪਾਠ ਪੜ੍ਹਾਉਣਾ	ਸਿਲੇਬਸ ਮੁਤਾਬਿਕ ਪੜ੍ਹਾਏਗਾ ਅਤੇ ਇਹ ਨਹੀਂ ਵੇਖੇਗਾ ਕਿ ਕੀ ਵਿਦਿਆਰਥੀਆਂ ਨੂੰ ਸਮਝ ਆਇਆ ਹੈ ਕਿ ਨਹੀਂ ਅਤੇ ਦੂਸਰਾ ਪਾਠ ਸ਼ੁਰੂ ਕਰ ਦੇਵੇਗਾ ਜਦੋਂ ਪਹਿਲਾਂ ਪਾਠ ਪੂਰਾ ਹੋ ਗਿਆ ।	ਵਿਦਿਆਰਥੀਆਂ ਮੁਤਾਬਿਕ ਪੜ੍ਹਾਏਗਾ, ਕਿ ਵਿਦਿਆਰਥੀਆਂ ਦੀ ਪਾਠ ਨੂੰ ਸਮਝਣ ਦੀ ਸ਼ਕਤੀ ਕਿੰਨੀ ਕੁ ਹੈ । ਕਿੰਨਾ ਕੁ ਪਾਠ ਹੋਰ ਸਮਝ ਆਉਂਦਾ ਹੈ । ਦੁਸਰਾ ਪਾਠ ਉਦੋਂ ਸ਼ੁਰੂ ਕਰੇਗਾ ਜਦੋਂ ਪਹਿਲਾ ਪਾਠ ਪੂਰੀ ਤਰ੍ਹਾਂ ਸਮਝ ਆਇਆ ਹੈ ।
ਪੜ੍ਹਾਉਣ ਦਾ ਤਰੀਕਾ	ਇਕੋ ਹੀ ਤਰੀਕੇ ਨਾਲ ਸਾਰਿਆਂ ਨੂੰ ਪੜ੍ਹਾਇਆ ਜਾਂਦਾ ਹੈ ।	ਕਲਾਸਾਂ ਅਤੇ ਵਿਦਿਆਰਥੀਆਂ ਦੇ ਅਨੁਸਾਰ ਪੜ੍ਹਾਉਣ ਦਾ ਤਰੀਕਾ ਅਪਣਾਇਆ ਜਾਂਦਾ ਹੈ । ਉਦਾਹਰਣ ਵਜੋਂ ਕੁੱਝ ਬੱਚੇ ਜ਼ਿਆਦਾ ਵਧੀਆ ਸਮਝਦੇ ਹਨ ਜਦੋਂ ਪਾਠ ਨੂੰ ਪ੍ਰੈਕਟੀਕਲ ਦੇ ਰੂਪ ਵਿੱਚ ਸਮਝਾਇਆ ਜਾਂਦਾ ਹੈ ਨਾਂ ਕਿ ਕੇਵਲ ਬੋਲ ਕੇ ।

Downloaded from https:// www.studiestoday.com

Downloaded from https:// www.studiestoday.com

ਪਾਠਕ੍ਰਮ	ਵਿਦਿਆਰਥੀਆਂ ਦੇ ਪੱਧਰ ਨੂੰ ਚੈੱਕ ਕੀਤਿਆ ਬਗੈਰ ਹੀ ਉਨ੍ਹਾਂ ਨੂੰ ਬੋਰਡ ਦੇ ਮਿਲੇ ਪਾਠਕ੍ਰਮ ਅਨੁਸਾਰ ਵਰਤਿਆ ਜਾਂਦਾ ਹੈ ।	ਸਭ ਤੋਂ ਪਹਿਲਾਂ ਬੱਚਿਆਂ ਦੀ ਸਮਰੱਥਾ ਅਤੇ ਸਮਝਣ ਦੀ ਸ਼ਕਤੀ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਪਾਠਕ੍ਰਮ ਜਰੂਰਤ ਅਨੁਸਾਰ ਡਿਜਾਇਨ/ਸੋਧ ਕੀਤੀ ਜਾਂਦੀ ਹੈ ।
ਸਮਾਨ ਤੇ ਸੁਵਿਧਾ	ਆਮ ਅਧਿਆਪਕ ਜੋ ਸਮਾਨ ਮੌਕੇ ਤੇ ਮੌਜੂਦ ਹੁੰਦਾ ਹੈ ਉਸ ਮੁਤਾਬਿਕ ਹੀ ਪੜ੍ਹਾ ਦਿੰਦਾ ਹੈ ।	ਵਧੀਆ ਅਧਿਆਪਕ ਕਿਰਿਆਵਾਂ ਨੂੰ ਸਮਾਨ ਮੁਤਾਬਿਕ ਐਡਜਸਟ ਕਰਕੇ ਕੰਮ ਕਰਵਾਉਂਦਾ ਹੈ ।
ਸੈਲਫ ਰਿਫ਼ਲੈਕਸ਼ਨ (ਆਪਣਾ ਪ੍ਰਤੀਬਿੰਬ)	ਆਮ ਅਧਿਆਪਕ ਆਪਣੀ ਸਫਲਤਾ ਤੇ ਅਸਫਲਤਾ ਬਾਰੇ ਕੁੱਝ ਨਹੀਂ ਸੋਚਦਾ ।	ਖਾਸ ਅਧਿਆਪਕ ਆਪਣੇ ਆਪ ਨੂੰ ਚੈਲੇਂਜ ਕਰਦਾ ਹੈ ਤੇ ਹੋਰ ਵਧੀਆ ਕੰਮ ਕਰਕੇ ਵਧੀਆ ਨਤੀਜੇ ਪ੍ਰਾਪਤ ਕਰਦਾ ਹੈ।
ਆਪਣੇ ਬਾਰੇ ਵਿਚਾਰ ਪ੍ਰਾਪਤ ਕਰਨੇ ।	ਆਮ ਅਧਿਆਪਕ ਕਿਸੇ ਤੋਂ ਵੀ ਨਹੀ ਪੁੱਛਦਾ ਕੀ ਮੇਰਾ ਅਧਿਆਪਨ ਠੀਕ ਰਿਹਾ ਹੈ ਜਾਂ ਨਹੀਂ ।	ਵਧੀਆ ਅਧਿਆਪਕ ਹਮੇਸ਼ਾ ਵਦਿਆਰਥੀਆਂ ਤੋਂ ਅਧਿਆਪਕਾਂ ਤੋਂ, ਮਾਪਿਆਂ ਅਤੇ ਪ੍ਰਿੰਸੀਪਲ ਤੋਂ ਪੁੱਛਦਾ ਰਹਿੰਦਾ ਹੈ ।
ਖੁਦ ਤਰੱਕੀ ਕਰਨਾ	ਉਹ ਸੋਚਦਾ ਹੈ ਕਿ ਹੋਰ ਕੁੱਝ ਸਿਖਣ ਦੀ ਲੋੜ ਨਹੀਂ ।	ਨਵੀਂਆਂ ਕਿਤਾਬਾਂ ਪੜ੍ਹਦਾ ਹੈ । ਵੀਡੀਓਜ਼ ਦੇਖਦਾ ਹੈ, ਨਵੇਂ ਕੋਰਸ ਕਰਦਾ ਹੈ । ਹਰੇਕ ਦੇ ਗਿਆਨ ਦਾ ਵਾਧਾ ਕਰਦਾ ਹੈ ।
ਸਮੱਸਿਆ ਦਾ ਹੱਲ	ਹਮੇਸ਼ਾ ਦੂਜਿਆਂ ਵਿਚ ਕੋਈ ਨਾ ਕੋਈ ਨੁਕਸ ਕੱਢਦਾ ਰਹਿੰਦਾ ਹੈ ।	ਸੋਚਦਾ ਹੈ ਕਿ ਕਿਸੇ ਵੀ ਸਮੱਸਿਆ ਦਾ ਹੱਲ ਕਿਵੇਂ ਹੋ ਸਕਦਾ ਹੈ ।

ਅਨੁਸ਼ਾਸਨ (Discipline) ਕੀ ਹੈ ?:-

ਅਨੁਸ਼ਾਸਨ ਇੱਕ ਚੰਗੇ ਤਰੀਕੇ ਨਾਲ ਵਰਤਾਅ ਕਰਨ ਨੂੰ ਕਿਹਾ ਜਾਂਦਾ ਹੈ । ਜਿਸ ਨਾਲ ਕਿਸੇ ਦੂਜੇ ਵਿਅਕਤੀ ਦਾ ਮਾਹੌਲ ਖਰਾਬ ਨਾ ਹੋ ਜਾਏ ।

ਅਨੁਸ਼ਾਸਨ ਹੇਠ ਲਿਖਿਆਂ ਬਾਰੇ ਨਹੀਂ ਹੈ :–

1. ਦੂਜਿਆਂ 'ਤੇ ਅਧਿਕਾਰ ਕਰਨਾ
2. ਉੱਚੀ ਚੀਕਣਾ ਤੇ ਉੱਚੀ ਚੀਖ ਮਾਰਨਾ
3. ਗਲਤ ਭਾਸ਼ਾ ਵਰਤਣਾ
4. ਗਾਲਾਂ ਕੱਢਣਾ
5. ਇਹ ਡਰ ਕਾਰਨ ਪ੍ਰਾਪਤ ਨਹੀਂ ਹੋ ਸਕਦਾ

Downloaded from https:// www.studiestoday.com

Downloaded from https:// www.studiestoday.com

ਅਧਿਆਪਕ ਦੇ ਨਜਰੀਏ ਤੋਂ :-
ਇਹ ਇਕ ਅਜਿਹਾ ਮੁੱਦਾ ਹੈ ਜਿਸ ਵਿੱਚ ਬੱਚੇ ਦੇ ਸੁਭਾਅ ਨਾਲ ਸੈਟਿੰਗ ਕਰਨੀ ਹੈ ਜਿਹੜਾ ਕਿ ਸਹੀ ਨਹੀਂ ਹੈ, ਬੱਚਿਆ ਦਾ ਸੁਭਾਅ ਅਨੁਸ਼ਾਸ਼ਿਤ ਨਹੀਂ ਹੈ ।

ਵਿਦਿਆਰਥੀ ਦੇ ਨਜਰੀਏ ਤੋਂ :-
ਅਨੁਸ਼ਾਸ਼ਨ ਸਹੀ ਸਮਾਜਿਕ ਵਰਤੀਰੇ ਨੂੰ ਜਿਹੋ ਜਿਹਾ ਸਮਾਂ ਹੋਵੇ ਉਸ ਅਨੁਸਾਰ ਚਲਣਾ ਅਤੇ ਉਸ ਤੇ ਅਮਲ ਕਰਨਾ ਹੈ ।

30 – 50 ਵਿਦਿਆਰਥੀਆਂ ਵਾਲੀ ਕਲਾਸ ਵਿਚ ਅਨੁਸ਼ਾਸਨ ਦੀ ਇੱਕ ਵੱਡੀ ਸਮੱਸਿਆ ਹੈ । ਇੱਥੇ ਕੁੱਝ ਹੋਣਗੇ ਜੋ ਕਿ ਕਲਾਸ ਦੇ ਨਿਯਮਾਂ ਮੁਤਾਬਿਕ ਚੱਲਣ ਨੂੰ ਪਸੰਦ ਨਹੀਂ ਕਰਨਗੇ ਅਤੇ ਕਲਾਸ ਦਾ ਵਾਤਾਵਰਣ ਖਰਾਬ ਕਰਨਾ ਚਾਹੁੰਦੇ ਹਨ ।

ਸਕੂਲਾਂ ਵਿੱਚ ਅਨੁਸ਼ਾਸਨ ਇੱਕ ਅਜਿਹਾ ਮੁੱਦਾ ਹੈ ਜਿਸ ਨਾਲ ਕਿ ਅਧਿਆਪਕ ਜੂਝ ਰਹੇ ਹਨ ਇਸ ਨਾਲ ਅਧਿਆਪਕ ਦੀ ਸਫਲਤਾ ਤੇ ਕਾਰਗੁਜਾਰੀ ਬਾਰੇ ਪਤਾ ਲੱਗਦਾ ਹੈ ।

ਕੀ ਤੁਸੀਂ ਅਜਿਹੀ ਰੋਜ਼ਾਨਾ ਜੀਵਨ ਦੀ ਉਦਾਹਰਣ ਲੱਭ ਸਕਦੇ ਹੋ ਜਿੱਥੇ ਢੁੱਕਵਾਂ ਵਰਤਾਅ ਲੋੜੀਂਦਾ ਹੋਵੇ ।

ਕੁੱਝ ਉਦਾਹਰਣਾ ਹਨ -

1. ਲਾਈਨ ਵਿੱਚ ਖੜ੍ਹੋ ਤੇ ਆਪਣੀ ਵਾਰੀ ਦੀ ਉਡੀਕ ਕਰੋ ਇਹ ਇੱਕ ਬੱਸ ਸਟਾਪ ਜਾਂ ਟਿਕਟ ਕਾਊਂਟਰ ਹੋ ਸਕਦਾ ਹੈ ।
2. ਟਰੈਫਿਕ ਜਾਮ ਵਿੱਚ ਲਾਈਨ ਅਨੁਸਾਰ ਇੰਤਜਾਰ ਕਰੋ ਨਾਂ ਕਿ ਸੜਕ ਕਾਨੂੰਨ ਦੀ ਉਲੰਘਣਾ ਕਰਕੇ ਸੜਕ ਦੇ ਦੂਜੇ ਪਾਸੇ ਤੋਂ ਲੰਘ ਜਾਓ ।
3. ਲੜਕਿਆਂ/ਦੋਸਤਾਂ ਨਾਲ ਮਿਲ ਕੇ ਲੜਕੀਆਂ ਛੇੜਨ ਲਈ ਨਾ ਜਾਣਾ
4. ਜਦੋਂ ਕੋਈ ਬੋਲ ਰਿਹਾ ਹੋਵੇ ਤਾਂ ਉਦੋਂ ਚੁੱਪ ਰਹੋ ।
5. ਜਨਤਕ ਥਾਵਾਂ ਤੇ ਨਾ ਥੁੱਕੋ ।

ਅਸੀਂ ਬੱਚਿਆਂ ਨੂੰ ਕਿਹੋ ਜਿਹਾ ਢੁੱਕਵਾਂ ਵਰਤਾਅ ਸਿਖਾਉਣਾ ਹੈ :

ਇਹ ਸਾਫ਼ ਹੈ ਕਿ ਅਨੁਸ਼ਾਸ਼ਨ ਉਦੋਂ ਸਿੱਖਿਆਂ ਜਾਂਦਾ ਹੈ ਜਦੋਂ ਅਸੀਂ ਕਿਸੇ ਵਿਅਕਤੀ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਸਿਫ਼ਤ ਕਰਦੇ ਹਾਂ । ਆਪਣੇ ਸੁਭਾਅ ਤੇ ਕੰਟਰੋਲ ਰੱਖਣਾ ਤਾਂ ਜੋ ਕਿਸੇ ਦਾ ਅਨੁਸ਼ਾਸ਼ਨ ਸਾਡੀ ਵਜਹ ਨਾਲ ਖਰਾਬ ਨਾ ਹੋਵੇ

ਆਪਣਾ ਵਰਤਾਅ ਅਜਿਹਾ ਰੱਖੋ ਕਿ ਦੂਜੇ ਤੁਹਾਡੇ ਤੋਂ ਤੰਗ ਨਾ ਹੋਣ, ਇਹ ਅਨੁਸ਼ਾਸਨ ਹੈ । ਸਫਲ ਇਨਸਾਨ ਬਣਨ ਦੀ ਕੋਸ਼ਿਸ ਨਾਂ ਕਰੋ ਬਲਕਿ ਮੁੱਲ ਪਾਉਣ ਵਾਲਾ ਆਦਮੀ ਬਣਨ ਦੀ ਕੋਸਿਸ ਕਰੋ ।

ਇਕ ਅਧਿਆਪਕ ਹੋਣ ਦੇ ਨਾਤੇ ਸਾਨੂੰ ਉੱਚੀਆਂ ਕਦਰਾਂ ਕੀਮਤਾਂ ਸਿਖਾਉਣੀਆਂ ਚਾਹੀਦੀਆਂ ਹਨ । ਸਾਨੂੰ ਦੂਜਿਆਂ ਦੇ ਗਿਆਨ, ਇਮਾਨਦਾਰੀ ਅਤੇ ਕੰਮ ਨੂੰ ਮਹੱਤਵ ਦੇਣਾ ਚਾਹੀਦਾ ਹੈ ਅਤੇ ਅਨੁਸ਼ਾਸ਼ਿਤ ਰਹਿਣਾ ਚਾਹੀਦਾ ਹੈ, ਜਿਵੇਂ ਅਸੀਂ ਦੂਜਿਆਂ ਤੋਂ ਉਮੀਦ ਕਰਦੇ ਹਾਂ ।

Downloaded from https:// www.studiestoday.com

Downloaded from https:// www.studiestoday.com

ਹੇਠ ਲਿਖੀ ਕੁੱਝ ਨੀਤੀਆਂ ਹਨ ਜੋ ਕਿ ਸਾਨੂੰ ਵਧੀਆ ਵਰਤਾਅ ਲਈ ਗ੍ਰਹਿਣ ਕਰ ਲੈਣੀਆਂ ਚਾਹੀਦੀਆਂ ਹਨ । ਆਉ ਇਨ੍ਹਾਂ 'ਤੇ ਬਹਿਸ ਕਰੀਏ ।

• **ਹਾਂ ਪੱਖੀ ਵਰਤਾਅ** :- ਅਧਿਆਪਕ ਦਾ ਵਤੀਰਾ ਹਾਂ ਪੱਖੀ ਹੋਣਾ ਚਾਹੀਦਾ ਹੈ । ਬੱਚਿਆਂ ਦੀ ਪ੍ਰਸ਼ੰਸਾ ਕਰੋ ਜਦੋਂ ਉਹ ਕਈ ਠੀਕ ਕੰਮ ਕਰਨ । ਜਦੋਂ ਤੁਸੀਂ ਉਨ੍ਹਾਂ ਨੂੰ ਠੀਕ ਕੰਮ ਕਰਦੇ ਵੇਖੋ ਤਾਂ ਉਨ੍ਹਾਂ ਦੀ ਪ੍ਰਸ਼ੰਸ਼ਾ ਕਰੋ ।
ਚੰਗੇ ਕੰਮਾਂ ਲਈ ਚੰਗਾ ਇਕੱਲੇ ਵਿਦਿਆਰਥੀ ਨੂੰ ਜਾਂ ਸਾਰੀ ਕਲਾਸ ਨੂੰ ਜੇਕਰ ਸਾਰਿਆਂ ਨੇ ਰਲ ਕੇ ਕੰਮ ਕੀਤਾ ਹੋਵੇ ।

• **ਅਪਣੱਤ ਨਾ ਕਰੋ**:- ਕਿਸੇ ਵੀ ਵਿਦਿਆਰਥੀ ਜਾਂ ਗਰੁੱਪ ਦੀ ਅਪਣੱਤ ਨਾ ਕਰੋ ਤੇ ਅਨੁਸ਼ਾਸਨ ਦੀ ਸਮੱਸਿਆ ਨੂੰ ਵੱਖਰੇ ਤੌਰ 'ਤੇ ਨਾ ਨਜਿਠੋ ।

• **ਹਾਂ ਪੱਖੀ ਵਿਚਾਰ ਦੁਹਰਉਂਦੇ ਰਹੋ** : ਉਨ੍ਹਾਂ ਨੂੰ ਦੱਸਦੇ ਰਹੋ ਕਿ ਕੀ ਠੀਕ ਹੈ ਤੇ ਕੀ ਠੀਕ ਨਹੀਂ ਹੈ ਇਸ ਸੰਬੰਧ ਵਿਚ ਹਦਾਇਤਾਂ ਦਿੰਦੇ ਰਹੋ । ਦੂਜੀਆਂ ਕਲਾਸਾਂ ਨੂੰ ਉਨ੍ਹਾਂ ਦੇ ਅੱਗੇ ਦੀ ਜਾ ਕੇ ਪ੍ਰੇਸ਼ਾਨ ਨਾ ਕਰੋ ।

ਨਾ ਪੱਖੀ ਹਦਾਇਤਾਂ - ਮੈਂ ਤੁਹਾਨੂੰ ਕਿਹਾ ਹੈ ਕਿ ਸਿੱਧੇ ਤੁਰੋ, ਤੁਸੀਂ ਇੰਝ ਨਹੀਂ ਕਰ ਸਕਦੇ ਜਿਵੇਂ ਤੁਹਾਨੂੰ ਕਿਹਾ ਗਿਆ ਹੈ ।

• **ਆਪਣਾ ਪਾਠ ਤਿਆਰ ਕਰਦੇ ਸਮੇਂ ਮਿਹਨਤ ਕਰੋ** :- ਕਲਾਸ ਨੂੰ ਹਮੇਸ਼ਾ ਕੰਮ ਤੇ ਲਾ ਕੇ ਰੱਖੋ । ਅਧਿਆਪਕ ਅਨੁਸ਼ਾਸਨਹੀਣਤਾ ਉਦੋਂ ਵੇਖਦੇ ਹਨ ਜਦੋਂ ਕਲਾਸ ਦਿਲਚਸਪੀ ਨਾ ਦਿਖਾਉਂਦਾ ਹੋਵੇ ਹਮੇਸ਼ਾ ਇਹ ਸੋਚਦੇ ਰਹੋ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਕਿਵੇਂ ਕੰਮ 'ਤੇ ਲਾ ਕੇ ਰੱਖੀਏ ਜੋ ਕਲਾਸ ਵਿੱਚ ਦਿਲਚਸਪੀ ਨਹੀਂ ਲੈ ਰਹੇ ।

• **ਦੱਸੋ, ਅਨੁਸ਼ਾਸਨ ਦਾ ਮਤਲਬ ਕੀ ਹੈ**:- ਬੱਚਿਆਂ ਨੂੰ ਜਾਗਰੂਕ ਕਰੋ ਅਤੇ ਦੱਸੋ ਕਿ ਅਨੁਸ਼ਾਸਨ ਦਾ ਕੀ ਮਤਲਬ ਹੈ । ਇਸ ਤਰ੍ਹਾਂ ਦਾ ਰੋਲ ਪਲੇਅ ਕਰੋ ਕਿ ਬੱਚਿਆਂ ਨੂੰ ਇਸ ਬਾਰੇ ਪਤਾ ਲੱਗੇ ਉਦਾਹਰਣ ਦੇ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਨੂੰ ਬੁਲਾਓ ਜੋ ਕਲਾਸ ਵਿੱਚ ਪੜ੍ਹਨ ਸਮੇਂ ਅਤੇ ਪੜ੍ਹਾਉਣ ਸਮੇਂ ਮਾੜਾ ਵਰਤਾਓ ਕਰਦੇ ਹਨ । ਉਨ੍ਹਾਂ ਨੂੰ ਲੈਕਚਰ ਦਿਓ ਕਿ ਜਦੋਂ ਬੱਚੇ ਪੜ੍ਹਾਉਣ ਸਮੇਂ ਅਧਿਆਪਕ ਨੂੰ ਕਲਾਸ ਵਿੱਚ ਨਹੀਂ ਸੁਣਦੇ ਤਾਂ ਕਿਵੇਂ ਮਹਿਸੂਸ ਹੁੰਦਾ ਹੈ ।ਆਖਰੀ ਕਲਾਸ ਵਿੱਚ ਇਸ ਸੰਬੰਧ ਵਿੱਚ ਨਿਯਮ ਬਣਾਓ ਤੇ ਸਖਤੀ ਨਾਲ ਲਾਗੂ ਕਰੋ । ਉਦਾਹਰਣ ਦੇ ਤੌਰ 'ਤੇ ਜੇਕਰ ਕੋਈ ਵਿਦਿਆਰਥੀ ਕਲਾਸ ਵਿੱਚ ਦੇਰੀ ਨਾਲ ਆਉਂਦਾ ਹੈ ਤੇ ਉਸਨੂੰ ਕਲਾਸ ਵਿੱਚ ਦਾਖਿਲ ਨਾ ਹੋਣ ਦਿਓ, ਉਹ ਕਲਾਸ ਅਟੈਂਡ ਨਹੀਂ ਕਰੇਗਾ । ਜਦੋਂ ਉਹ ਵਿਦਿਆਰਥੀ ਨੂੰ ਸ਼ੋਰ ਕਰਨ ਤੇ ਝਿੜਕੇਗਾ ਤਾਂ ਕਲਾਸ ਚੁੱਪ ਹੋ ਜਾਏਗੀ ।

ਵਿਦਿਆਰਥੀ ਨੂੰ ਸੁਣੋ :- ਵਿਦਿਆਰਥੀ ਅਧਿਆਪਕ ਦੇ ਵਰਤਾਅ ਤੋਂ ਬਹੁਤ ਕੁੱਝ ਸਿੱਖਦਾ ਹੈ ਜੇਕਰ ਕੋਈ ਅਧਿਆਪਕ ਵਿਦਿਆਰਥੀ ਨੂੰ ਨਹੀਂ ਸੁਣਦਾ ਤਾਂ ਵਿਦਿਆਰਥੀ ਵੀ ਅਧਿਆਪਕ ਨੂੰ ਨਹੀਂ ਸੁਣਨਗੇ ।

ਵਿਦਿਆਰਥੀ ਨੂੰ ਪੜ੍ਹਾਈ ਦੇ ਕੰਮ ਵਿੱਚ ਨਾਲ ਲੈ ਕੇ ਚਲੋ :- ਵਿਦਿਆਰਥੀ ਤੇ ਅਧਿਆਪਕ ਦੇ ਵਿਚਕਾਰ ਦਾ ਅੜਿਕਾ (ਬੈਰੀਅਰ) ਹਟਾਓ ਤੁਸੀਂ ਵਿਦਿਆਰਥੀ ਨੂੰ ਹਰ ਪ੍ਰਸ਼ਨ ਦੇ ਉੱਤਰ ਲਈ ਬੁਲਾਓ, ਵਿਦਿਆਰਥੀ ਨੂੰ ਇਹ ਵੀ ਕਹੋ ਕਿ ਉਹ ਜਦ ਅਧਿਆਪਕ ਕੋਲ ਆਉਣਗੇ ਉਹ ਲਾਈਨਾਂ ਵਿੱਚ ਆਓ । ਜਦੋਂ ਉਹ ਵਾਪਿਸ ਜਾਣਗੇ ਤਾਂ ਵੀ ਬਿਨ੍ਹਾਂ ਸ਼ੋਰ ਕੀਤਿਆਂ ਕਲਾਸ ਵਿੱਚ ਵਾਪਿਸ ਜਾਓ । ਤੁਸੀਂ ਮੋਨੀਟਰ ਬਣਾ ਸਕਦੇ ਹੋ ।

ਰੋਲ ਮਾਡਲ ਬਣੋ:- ਆਪਣੇ ਵਰਤਾਅ ਨਾਲ ਦੇਖੋ ਕਿ ਉਹ ਤੁਹਾਡੇ ਨਾਲ ਕਿਹੋ ਜਿਹਾ ਵਰਤਾਅ ਕਰ ਰਹੇ ਹਨ ।

Downloaded from https:// www.studiestoday.com

Downloaded from https:// www.studiestoday.com

ਰਿਐਕਟਿਵ ਨੀਤੀ (Reactive Strategy) ਇਹੋ ਜਿਹੀਆਂ ਚੀਜਾਂ ਉਦੋਂ ਕੀਤੀਆਂ ਜਾਂਦੀਆਂ ਹਨ ਜਦੋਂ ਕੋਈ ਅਨਹੋਣੀ ਘਟਨਾ ਵਾਪਰਦੀ ਹੈ ।

1. **ਅੱਖਾਂ ਨਾਲ ਸੰਪਰਕ** :- ਸਰਾਰਤੀ ਵਿਦਿਆਰਥੀਆਂ ਦੇ ਨੇੜੇ ਖੜ੍ਹਨਾ।

2. **ਆਹਮਣੇ-ਸਾਹਮਣੇ ਗੱਲ ਕਰਨਾ** : ਹਰੇਕ ਬੱਚੇ ਨਾਲ ਨਿੱਜੀ ਤੌਰ 'ਤੇ ਗੱਲ ਕਰੋ ਤਾਂ ਜੋ ਉਸ ਦੀ ਸਮੱਸਿਆ ਦਾ ਹੱਲ ਹੋ ਸਕੇ ।

3. **ਧਿਆਨ ਨਾ ਦੇਣਾ**:- ਕਈ ਵਾਰੀ ਇਹ ਵਧੀਆ ਹੁੰਦਾ ਹੈ ਕਿ ਜੇ ਕਿਸੀ ਵਿਦਿਆਰਥੀ ਨੇ ਕੋਈ ਛੋਟੀ-ਮੋਟੀ ਅਣਗਹਿਲੀ ਕੀਤੀ ਹੈ ਤਾਂ ਉਸ ਵੱਲ ਧਿਆਨ ਨਾ ਦਿਓ ।

4. ਵਿਦਿਆਰਥੀਆਂ ਨੂੰ ਕਹੋ ਕਿ ਉਨ੍ਹਾਂ ਨੇ ਕੰਮ ਕਰਨਾ ਕਿਉਂ ਛੱਡ ਦਿੱਤਾ ਹੈ ਜੋ ਉਹ ਕਰ ਰਹੇ ਹਨ ।

5. **ਕਲਾਸ ਤੋਂ ਵੱਖਰਾ ਕਰਨਾ/ਮਾਫ ਕਰਨਾ**:- ਬੱਚੇ ਨੂੰ ਕਲਾਸ ਦੀ ਕਿਸੇ ਕ੍ਰਿਆ ਵਿੱਚ ਭਾਗ ਨਾ ਲੈਣ ਦਿਓ । ਇਹ ਯੋਜਨਾ ਕੰਮ ਕਰੇਗੀ ਜੇ ਉਸਦਾ ਰੁਝਾਅ ਹੋਇਆ ਤਾਂ ਉਹ ਜ਼ਰੂਰ ਕਰੇਗਾ ।

6. ਜੇਕਰ ਤੁਹਾਨੂੰ ਆਪਣੇ ਢੰਗਾਂ ਅਨੁਸਾਰ ਕਰਵਾ ਰਹੇ ਕੰਮਾਂ ਵਿਚ ਠੀਕ ਸਫਲਤਾ ਪ੍ਰਾਪਤ ਨਹੀਂ ਹੋ ਰਹੀ ਤਾਂ ਉਸ ਵਿਦਿਆਰਥੀ ਦੇ ਮਾਪਿਆਂ ਅਤੇ ਪ੍ਰਿੰਸੀਪਲ ਨਾਲ ਸੰਪਰਕ ਕਰੋ ।

ਸਰੀਰਕ ਸਜਾ:- ਬੱਚੇ ਨੂੰ ਸਰੀਰਕ ਤੌਰ ਤੇ ਮਾਰਨਾ ਠੀਕ ਨਹੀਂ ਹੈ । ਇਹ ਕਾਨੂੰਨੀ ਤੌਰ ਤੇ ਵੀ ਗਲਤ ਹੈ। ਭਾਰਤ ਦੀ ਧਾਰਾ ਦੇ ਵਿਰੁੱਧ ਹੈ। ਇਸ ਤਰ੍ਹਾਂ ਦੀ ਸਜਾ ਵਿਦਿਆਰਥੀਆਂ ਨੂੰ ਨਹੀਂ ਦੇਣੀ ਚਾਹੀਦੀ । ਬੱਚਿਆਂ ਨੂੰ ਸਰੀਰਕ ਤੌਰ ਤੇ ਕਦੇ ਵੀ ਮਾਰਨਾ ਨਹੀਂ ਚਾਹੀਦਾ । ਇਕ ਚੰਗੇ ਅਧਿਆਪਕ ਨੂੰ ਚੰਗੇ ਤਰੀਕੇ ਨਾਲ ਕੰਮ ਕਰਵਾਉਣਾ ਚਾਹੀਦਾ ਹੈ ਤਾਂ ਜੋ ਉਹ ਸਦਾ ਵਿਦਿਆਰਥੀਆਂ ਨੂੰ ਕਲਾਸ ਦੇ ਕੰਮ ਵਿਚ ਵੀ ਲੀਨ ਰੱਖੇ ।

ਬੱਚਿਆਂ ਨੂੰ ਅਨੁਸ਼ਾਸ਼ਿਤ ਕਰਨ ਦੀ ਕ੍ਰਿਆ ਹਰ ਜਗ੍ਹਾ ਚਲ ਰਹੀ ਹੈ ਪਰ ਇਹ ਕੋਈ ਜਾਦੂ ਨਹੀਂ ਜੋ ਹਰ ਜਗ੍ਹਾ ਤੇ ਕੰਮ ਕਰੇ । ਇਕ ਅਧਿਆਪਕ ਨੂੰ ਕੋਸ਼ਿਸ ਕਰਨੀ ਹੈ ਅਤੇ ਇਸਦਾ ਨਤੀਜਾ ਦੇਖਣਾ ਹੈ ।

ਯਾਦ ਰੱਖਣ ਯੋਗ ਗੱਲਾਂ

Role of a teacher:- ਇਕ ਅਧਿਆਪਕ ਨੂੰ ਕੀ ਕਰਨਾ ਚਾਹੀਦਾ ਹੈ ।
Reflective:- ਗਹਿਰਾਈ ਵਿੱਚ ਸੋਚਣਾ ਕਿ ਆਸ ਪਾਸ ਕੀ ਹੋ ਰਿਹਾ ਹੈ ।
Self development:- ਆਪਣੇ ਆਪ ਨੂੰ ਬਿਹਤਰ ਬਨਾਉਣਾ ।
Punctual:- ਸਮੇਂ ਦੀ ਕਦਰ ।
Discipline:- ਅਨੁਸ਼ਾਸਨ ।
Body Language:- ਗੱਲ ਕਰਦੇ ਸਮੇਂ ਸਰੀਰ ਦਾ ਪੋਜ਼ ।
Lode of conduct:- ਸਿਧਾਂਤ ਜਿਹੜੇ ਤੁਹਾਨੂੰ ਬੋਲਣ ਅਤੇ ਕੰਮ ਕਰਨ ਦਾ ਤਰੀਕਾ ਸਿਖਾਉਂਦੇ ਹਨ ।
Problem Resolution:- ਮੁਸ਼ਕਿਲ ਦਾ ਹੱਲ ।
Reword:- ਇਨਾਮ ।
Encourafement:- ਹੌਂਸਲਾ ਦੇਣਾ ।
Positive Strategies:- ਹਾਂ ਪੱਖੀ ਸੋਚ ।

Downloaded from https:// www.studiestoday.com

Downloaded from https:// www.studiestoday.com

ਵਿਚਾਰ ਲੈਣੇ:- ਲੋਕਾਂ ਤੋਂ ਪੁੱਛਣਾ ਕਿ ਉਹ ਤੁਹਾਡੇ ਬਾਰੇ ਕੀ ਸੋਚਦੇ ਹਨ

ਅਭਿਆਸ

1. ਇੱਕ ਅਧਿਆਪਕ ਦਾ ਹਿੱਸਾ ਅਤੇ ਉਸ ਦੀਆਂ ਜਿੰਮੇਵਾਰੀਆਂ ਤੇ ਚਾਰਟ ਬਣਾਓ ।
2. ਇਕ ਪ੍ਰਸ਼ਨ ਪੱਤਰ ਤਿਆਰ ਕਰੋ ਜਿਸ ਵਿੱਚ ਇਹ ਪ੍ਰਸ਼ਨ ਰੱਖੋ ਕਿ ਇਕ ਅਧਿਆਪਕ ਵਿੱਚ ਕੀ ਗੁਣ, ਕਦਰਾਂ-ਕੀਮਤਾਂ, ਸਮਾਜਿਕ ਨਿਪੁੰਨਤਾ ਹੋਣੀ ਚਾਹੀਦੀ ਹੈ । ਆਪਣੇ ਕਲਾਸਮੇਟ ਤੋਂ ਇਸ ਦੀ ਰਿਪੋਰਟ ਲਓ ਅਤੇ ਉਹਨਾਂ ਦੀਆਂ ਉਮੀਦਾ ਪੁੱਛੋ ਅਤੇ ਉਸ ਬਾਰੇ ਰਿਪੋਰਟ ਤਿਆਰ ਕਰੋ । ਆਪਣੇ ਅਧਿਆਪਕ ਦੀ ਮਦਦ ਲਓ ਪ੍ਰਸ਼ਨ ਪੱਤਰ ਤਿਆਰ ਕਰਨ ਲਈ

ਮੁਲਾਂਕਣ

1. ਇਕ ਚੰਗੇ ਅਧਿਆਪਕ ਦੇ ਪੰਜ ਗੁਣਾਂ ਦੀ ਸੂਚੀ ਬਣਾਓ ।

1. .....
2. .....
3. .....
4. .....
5. .....

2. ਕਿਸੇ ਪੰਜ ਟੀਚਿੰਗ ਸਕਿਲਜ਼ ਦੀ ਸੂਚੀ ਬਣਾਓ ।

1. .....
2. .....
3. .....
4. .....
5. .....

3. ਇੱਕ ਚੰਗੇ ਅਧਿਆਪਕ ਦੇ ਕੋਈ ਤਿੰਨ ਪੇਸ਼ਾਵਰ ਗੁਣਾਂ ਦੀ ਸੂਚੀ ਬਣਾਓ ।

1. .....
2. .....
3. .....
4. .....
5. .....

Downloaded from https:// www.studiestoday.com

Downloaded from https:// www.studiestoday.com

4. ਕੋਈ ਚਾਰ ਗੁਣਾਂ ਦੀ ਲਿਸਟ ਬਣਾਓ ਜਿਹੜੇ ਪ੍ਰਭਾਵਿਤ ਅਤੇ ਸਾਧਾਰਨ ਸਿੱਖਿਆ ਵਿੱਚ ਫ਼ਰਕ ਦੱਸਦੇ ਹਨ ।

.....

.....

.....

.....

.....

.....

.....

.....

.....

.....

5. ਤੁਸੀਂ ਸਕੂਲ ਵਿਚ ਗ੍ਰੇਡ–4 ਦੇ ਅਧਿਆਪਕ ਹੋ। ਇਸ ਕਲਾਸ ਵਿੱਚ ਕੁਝ ਸ਼ਰਾਰਤੀ ਲੜਕੇ ਹਨ ਉਹ ਹਮੇਸ਼ਾ ਨੀਚੇ ਆ ਕੇ ਸ਼ੋਰ ਕਰਦੇ ਹਨ ਤੇ ਸਾਰੀਆਂ ਕਲਾਸਾਂ ਨੂੰ ਡਿਸਟਰਬ ਕਰਦੇ ਹਨ । ਕਦੀ - ਕਦੀ ਇਹ ਸ਼ਰਾਰਤੀ ਲੜਕੇ ਇੱਕ ਦੂਜੇ ਨੂੰ ਕੁੱਟ ਵੀ ਦਿੰਦੇ ਹਨ ਤੁਸੀਂ ਇਨ੍ਹਾਂ ਲਈ ਪਹਿਲਾਂ ਤੋਂ ਹੀ ਕਿਹੜੀ ਯੋਜਨਾ ਬਣਾਓਗੇ ?

.....

.....

.....

.....

.....

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

.....

.....

.....

.....

.....

.....

.....

.....

.....

.....

ਮੁਲਾਂਕਣ ਕਿਰਿਆ ਲਈ ਚੈਕਲਿਸਟ

ਭਾਗ (ੳ)

1. ਰਿਫ਼ਲੈਕਟਿਵ ਅਤੇ ਨਾਨ - ਰਿਫ਼ਲੈਕਟਿਵ ਅਧਿਆਪਕ ਵਿਚ ਅੰਤਰ ਦੱਸੋ ।
2. ਟੀਚਿੰਗ ਅਤੇ ਲਰਨਿੰਗ (Learning) ਵਿਚਕਾਰ ਅੰਤਰ ਦੱਸੋ ।
3. ਅਨੁਸ਼ਾਸਨ ਬਣਾਉਣ ਲਈ ਪ੍ਰੋਐਕਟਿਵ ਅਤੇ ਰਿਐਕਟਿਵ ਨਿਤੀਆਂ ਵਿਚਕਾਰ ਅੰਤਰ ਦੱਸੋ ।

ਭਾਗ (ਅ)

ਕਲਾਸ ਵਿੱਚ ਚਰਚਾ ਕਰੋ :-

1. ਰਿਫ਼ਲੈਕਟਿਵ ਅਧਿਆਪਕ ਦੇ ਗੁਣ ।
2. ਲੋਕ ਕਿਵੇਂ ਸਿੱਖਦੇ ਹਨ ?
3. ਸਰੀਰਕ ਸਿੱਖਿਆ ਪੜ੍ਹਨ ਲਈ ਲੈਸਨ (**Lesson**) ਪਲਾਨ ਕਿਵੇਂ ਤਿਆਰ ਕਰੋਗੇ ?
4. ਇੱਕ ਚੰਗਾ ਅਧਿਆਪਕ ਕਿਵੇਂ ਬਣਿਆ ਜਾ ਸਕਦਾ ਹੈ ?

ਭਾਗ (ੲ)

ਪ੍ਰਦਰਸ਼ਨ ਦੀ ਮਿਆਰ ਸ਼ਾਮਿਲ ਹੈ, ਪਰ ਸੀਮਿਤ ਨਹੀਂ:

Downloaded from https:// www.studiestoday.com

Downloaded from https:// www.studiestoday.com

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
1. ਸਮੇਂ ਦੀ ਪਾਬੰਦੀ ਨੂੰ ਪ੍ਰਦਰਸ਼ਨ ਕਰੋ ।		
2. ਅਨੁਸ਼ਾਸਨ ਨੂੰ ਪ੍ਰਦਰਸ਼ਿਤ ਕਰੋ ।		
3. ਸਫ਼ਾਈ ਅਤੇ ਚੰਗੀ ਆਦਤਾਂ ਨੂੰ ਪ੍ਰਦਰਸ਼ਿਤ ਕਰੋ ।		

Downloaded from https:// www.studiestoday.com

Downloaded from https:// www.studiestoday.com

ਸੈਸ਼ਨ 2: ਪੜ੍ਹਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਦੀ ਵਿਆਖਿਆ ਕਰਨੀ ।

ਜਾਣ-ਪਛਾਣ

ਪ੍ਰਭਾਵਿਤ ਪੜ੍ਹਾਉਣ ਦੇ ਤਰੀਕੇ:-

ਇਕ ਅਧਿਆਪਕ ਨੂੰ ਆਪਣੇ ਬੱਚਿਆਂ ਨੂੰ ਬਹੁਤ ਸਾਰਾ ਗਿਆਨ ਦੇਣ ਲਈ ਅਤੇ ਉਸ ਦਾ ਅਹਿਸਾਸ ਕਰਵਾਉਣ ਲਈ ਪਹਿਲਾਂ ਆਪ ਨੂੰ ਗਿਆਨ, ਢੰਗ ਅਤੇ ਗੁਣਵਤਾ ਸਿੱਖਣੀ ਚਾਹੀਦੀ ਹੈ । ਪੜ੍ਹਾਉਣ ਦੇ ਤਰੀਕੇ ਵੱਖਰੇ-ਵੱਖਰੇ ਦੱਸੇ ਗਏ ਹਨ ਜਾਂ ਸੁਝਾਅ ਦੱਸੇ ਗਏ ਹਨ ਪਰ ਇਹ ਸਾਰੇ ਵਿਦਿਆਰਥੀ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਗਿਆਨ ਦੇਣ ਲਈ ਹਨ । ਇਕ ਸਿਖਾਉਣ ਦੇ ਤਰੀਕੇ ਨੂੰ ਉਦੋਂ ਹੀ ਪ੍ਰਭਾਵਿਤ ਮੰਨਿਆ ਜਾਂਦਾ ਹੈ ਜਦੋਂ ਇਹ ਮਨਚਾਹੇ ਨਤੀਜੇ ਦਿੰਦਾ ਹੈ । ਇੱਕ ਚੰਗੇ ਅਧਿਆਪਕ ਜਾਂ ਕੋਚ ਨੇ ਇਹ ਸਮਝ ਕਿਆ ਹੈ ਕਿ ਵਿਦਿਆਰਥੀ ਨੂੰ ਕ੍ਰਿਆ ਵਿੱਚ ਸੰਮਿਲਤ ਕਰਨਾ ਜ਼ਿਆਦਾ ਵਧੀਆ ਹੈ ਗਿਆਨ ਬਸਤੇ ਨਾਲੋਂ ਕਿ ਉਸ ਨੂੰ ਇੱਕਲਾ ਦਿਖਾ ਦਿੱਤਾ ਜਾਵੇ ਜਾਂ ਕਰਨ ਨੂੰ ਕਹਿ ਦਿੱਤਾ ਜਾਵੇ । ਲੋਗ ਕਈ ਤਰੀਕਿਆਂ ਨਾਲ ਸਿੱਖਦੇ ਹਨ, ਇਕ ਪੜ੍ਹਾਉਣ ਦਾ ਤਰੀਕਾ ਜਿਹੜਾ ਇਕ ਵਿਅਕਤੀ ਲਈ ਕੰਮ ਕਰਦਾ ਹੈ ਜ਼ਰੂਰੀ ਨਹੀਂ ਉਹ ਦੂਜਿਆਂ ਤੇ ਵੀ ਕੰਮ ਕਰੇ । ਚਾਰ ਸਿੱਖਣ ਵਾਲੇ ਤਰੀਕਿਆਂ ਤੋਂ ਜਾਣੂ ਹੋਣਾ ਜ਼ਰੂਰੀ ਹੈ ਜਿਹੜੇ ਹਨ ਦੇਖ ਕੇ, ਸੁਣ ਕੇ, ਖੁਦਕਰਕੇ ਅਤੇ ਤਿੰਨਾਂ ਨੂੰ ਮਿਲਾ ਕੇ ।

1. ਇੱਥੇ ਸਿੱਖਣ ਵਾਲੇ ਵੱਖਰੇ -ਵੱਖਰੇ ਹਨ । ਕੁਝ ਸਿੱਖਣ ਵਾਲੇ ਦੇਖ ਕੇ ਜਲਦੀ ਸਿੱਖ ਲੈਂਦੇ ਹਨ । ਇਹਨਾਂ ਨੂੰ *ਵਿਯੂਓਲ (Visual) ਲਰਨਰ* ਕਹਿੰਦੇ ਹਨ ।

2. ਕੁਝ ਸੁਣ ਕੇ ਜਲਦੀ ਯਾਦ ਕਰ ਲੈਂਦੇ ਹਨ ।ਇਹਨਾਂ ਨੂੰ *ਆਡਟਰੀ(Auditory) ਲਰਨਰ* ਕਹਿੰਦੇ ਹਨ ।

3. ਕੁਝ ਕੋਈ ਵੀ ਕੰਮ ਖੁਦ/ਆਪ ਕਰ ਕੇ ਝੱਟ ਪੱਟ ਸਿੱਖ ਲੈਂਦੇ ਹਨ ਇਹਨਾਂ ਨੂੰ *ਕਾਇਨਸਥੈਟਿਕ (Kinaesthetic) ਲਰਨਰ* ਕਹਿੰਦੇ ਹਨ ।

4. ਕੁਝ ਜਲਦੀ ਸਿੱਖਦੇ ਹਨ ਪਰ ਚੀਜ ਨਾਲ ਜਿਵੇਂ ਦੇਖ ਕੇ, ਸੁਣ ਕੇ, ਅਤੇ ਕੰਮ ਕਰਕੇ । ਇਹਨਾਂ ਨੂੰ *ਮਲਾਪ (Combination) ਲਰਨਰ* ਕਹਿੰਦੇ ਹਨ ।

ਵਿਦਿਆਰਥੀ ਦੇ ਸਿੱਖਣ ਦੇ ਤਰੀਕੇ ਨੂੰ ਸਮਝਨਾ ਜ਼ਰੂਰੀ ਕਿਉਂ ਹੈ ?

Downloaded from https:// www.studiestoday.com

Downloaded from https:// www.studiestoday.com

ਲੋਕ ਭਿੰਨ - 2 ਤਰੀਕਿਆਂ ਨਾਲ ਸਿੱਖਦੇ ਹਨ। ਇੱਕ ਸਿੱਖਣ ਦਾ ਤਰੀਕਾ ਇੱਕ ਵਿਅਕਤੀ ਲਈ ਕੰਮ ਕਰ ਸਕਦਾ ਹੈ

ਉਹ ਦੂਜਿਆਂ ਲਈ ਜ਼ਰੂਰੀ ਨਹੀਂ ਹੋ ਸਕਦਾ। ਅਧਿਆਪਕ ਦੇ ਤੌਰ ਤੇ ਅਸੀਂ ਇਹ ਸਮਝਦੇ ਹਾਂ ਕਿ ਵਿਦਿਆਰਥੀ ਦੇ ਦੇ ਸਿੱਖਣ ਦੇ ਤਰੀਕੇ ਭਿੰਨ – 2 ਹਨ। ਅਸੀਂ ਵਿਦਿਆਰਥੀਆਂ ਨੂੰ ਸਿਖਾਉਣ ਲਈ ਆਪਣੇ ਪੜ੍ਹਾਉਣ ਦੇ ਤਰੀਕਿਆਂ ਸੰਬੰਧੀ ਵਾਅਦਾ ਕਰਦੇ ਹਾਂ ਇਸ ਲਈ ਸਾਨੂੰ ਪਹਿਲਾਂ ਕੁੱਝ ਪੜ੍ਹਾਉਣ ਦੇ ਤਰੀਕੇ ਸਿੱਖਣੇ ਚਾਹੀਦੇ ਹਨ।

ਕੋਈ ਕੋਚ ਕਦੇ ਹਮੇਸ਼ਾ ਗੇਮ ਜਿੱਤ ਨਹੀਂ ਸਕਦਾ ਜਿਸ ਬਾਰੇ ਉਸਨੂੰ ਗਿਆਨ ਹੋਵੇ , ਬਲਕਿ ਉਹ ਉਸ ਸਮੇਂ ਗੇਮ ਜਿੱਤੇਗਾ ਜਦੋਂ ਉਸ ਦੇ ਖਿਡਾਰੀ ਉਸ ਤੋਂ ਸਿੱਖ ਕੇ ਖੇਡਣਗੇ।

ਅਲੋਨਜੋ ਸਟੈਗ (ਅਮਰੀਕਾ ਦਾ ਦੌੜਾਕ ਅਤੇ ਕਾਲਜ ਕੋਚ ਦੇ ਤੌਰ 'ਤੇ ਕਈ ਖੇਡਾਂ ਵਿੱਚ ਅਗਵਾਈ ਕਰਨ ਵਾਲਾ ਪਹਿਲਾ ਅਮਰੀਕਨ ਫੁੱਟਬਾਲ)

1. **ਭਾਸ਼ਣ ਵਿਧੀ** :- ਅਧਿਆਪਕ ਉਸ ਚੀਜ਼ ਦੀ ਖੋਜ ਕਰਦਾ ਹੈ ਜੋ ਉਸ ਨੂੰ ਕਲਾਸ ਵਿੱਚ ਪੜ੍ਹਾਉਣਾ ਹੈ ਤੇ ਜੋ ਲੈਕਚਰ ਦੇਣਾ ਹੈ। ਜਿਆਦਾਤਰ ਵਿਦਿਆਰਥੀ ਚੁਸਤ ਤੇ ਸੁਸਤ ਹੁੰਦੇ ਹਨ। ਭਾਸ਼ਣ ਵਿਧੀ ਅਧਿਆਪਕ ਲਈ ਆਮ ਵਰਤਿਆ ਜਾਣ ਵਾਲਾ ਢੰਗ ਹੈ। ਅਧਿਆਪਕ ਦੁਆਰਾ ਜ਼ੁਬਾਨੀ ਨਿਰਦੇਸ਼ ਦਿੱਤੇ ਜਾਂਦੇ ਹਨ ਤੇ ਵਿਦਿਆਰਥੀ ਸੁਣਦੇ ਹਨ। ਅਧਿਆਪਕ ਇਸ ਤਰੀਕੇ ਵਿੱਚ ਹਦਾਇਤਾਂ ਅਤੇ ਗੱਲਬਾਤ ਬਹੁਤ ਸਾਫ ਸੁਥਰੀ ਹੋਣੀ ਚਾਹੀਦੀ ਹੈ। ਵਿਦਿਆਰਥੀ ਨੂੰ ਪੂਰੀ ਇਕਾਗਰਤਾ ਨਾਲ ਸੁਨਣਾ ਚਾਹੀਦਾ ਹੈ। ਇਸ ਲਈ ਵਿਦਿਆਰਥੀ ਚੁਸਤ ਸੁਣਨ ਵਾਲੇ ਹੋਣੇ ਚਾਹੀਦੇ ਹਨ।

2. **ਪ੍ਰਦਰਸ਼ਨ** :- ਸਿੱਖਣ ਦਾ ਬਹੁਤ ਚਧੀਆ ਤਰੀਕਾ ਜੋ ਤੁਸੀਂ ਦੇਖਦੇ ਹੋ ਉਂਝ ਹੀ ਕਰ ਸਕਦੇ ਹੋ। ਇਹ ਤਰੀਕਾ ਖੇਡਾਂ ਵਿੱਚ ਬਹੁਤ ਆਮ ਹੈ। ਇਹ ਬਹੁਤ ਸ਼ਕਤੀਸ਼ਾਲੀ ਹੈ ਕਿਉਂਕਿ ਇਸ ਲਈ ਕਿਸੇ ਵੀ ਭਾਸ਼ਾ ਜਾਂ ਸਿੱਧੇਸੰਚਾਰ ਦੀ ਲੋੜ ਨਹੀਂ। ਇੱਥੇ ਅਧਿਆਪਕ ਨੂੰ ਜੋ ਲੋੜ ਹੁੰਦੀ ਹੈ ਉਹ ਕਰਕੇ ਦਿਖਾਉਂਦਾ ਹੈ ਤੇ ਬੱਚੇ ਉਸ ਦੀ ਨਕਲ ਕਰਕੇ ਵਿਖਾਉਂਦੇ ਹਨ। ਉਦਾਹਰਨ ਲਈ ਇੱਕ ਖੇਡ ਅਧਿਆਪਕ ਪ੍ਰਦਰਸ਼ਿਤ ਕਰਦਾ ਹੈ ਕਿ ਫੁੱਟਬਾਲ ਨੂੰ ਕਿੱਕ ਕਿਵੇਂ ਮਾਰਨੀ ਹੈ ? ਵਿਦਿਆਰਥੀ ਉਂਝ ਹੀ ਕਰਨਗੇ।

3. **ਪੁੱਛ - ਗਿੱਛ ਵਿਧੀ** :- ਇਸ ਵਿਧੀ ਵਿੱਚ ਅਧਿਆਪਕ ਵਿਦਿਆਰਥੀ ਤੋਂ ਪ੍ਰਸ਼ਨ ਪੁੱਛਦਾ ਹੈ ਤੇ ਵਿਦਿਆਰਥੀ ਸਰਗਰਮੀ ਨਾਲ ਜਵਾਬ ਲੱਭਣ ਵਿੱਚ ਹਿੱਸਾ ਲੈਂਦੇ ਹਨ। ਇੱਥੇ ਅਧਿਆਪਕ ਧਿਆਨ ਨਾਲ ਪ੍ਰਸ਼ਨਾਂ ਨੂੰ ਪੁੱਛਦਾ ਹੈ।

Downloaded from https:// www.studiestoday.com

Downloaded from https:// www.studiestoday.com

ਤੇ ਅਧਿਆਪਕ ਵਿਦਿਆਰਥੀ ਦਾ ਇੰਤਜ਼ਾਰ ਕਰਦਾ ਹੈ ਤਾਂ ਜੋ ਉਹ ਸੋਚ ਕੇ ਉੱਤਰ ਦੇਣ । ਬੱਚਿਆਂ ਨੂੰ ਸਿੱਖਿਆ ਦੇਣ ਲਈ ਇਹ ਇੱਕ ਬਹੁਤ ਹੀ ਸ਼ਕਤੀਸ਼ਾਲੀ ਵਿਧੀ ਹੈ । ਇਸ ਨਾਲ ਗਿਆਨ ਵਿੱਚ ਵਾਧਾ ਹੁੰਦਾ ਹੈ ।

ਚਰਚਾ ਅਤੇ ਬਹਿਸ :- ਇਸ ਤਰੀਕੇ ਵਿੱਚ ਅਧਿਆਪਕ ਅਤੇ ਵਿਦਿਆਰਥੀ ਵਿਸ਼ੇ ਤੇ ਬਹਿਸ ਅਤੇ ਚਰਚਾ ਕਰਨ ਵਿੱਚ ਭਾਗ ਲੈਂਦੇ ਹਨ । ਬੱਚੇ ਇੱਕ ਦੂਜੇ ਤੋਂ ਸਿੱਖਦੇ ਹਨ । ਬੱਚਿਆਂ ਨੂੰ ਕੁੱਝ ਖੋਜ ਕਰਨ ਦੀ ਲੋੜ ਹੈ । ਅਧਿਆਪਕ ਨੂੰ ਇੱਕ ਗਾਈਡ ਜਾਂ ਸਲਾਹਕਾਰ ਦੀ ਭੂਮਿਕਾ ਨਿਭਾਉਣ ਦੀ ਲੋੜ ਹੈ । ਇਹ ਵੀ ਸਿੱਖਣ ਦਾ ਇੱਕ ਬਹੁਤ ਸ਼ਕਤੀਸ਼ਾਲੀ ਤਰੀਕਾ ਹੈ ।

ਰੋਲ ਪਲੇਅ (ਭੂਮਿਕਾ ਨਿਭਾਉਣੀ) :- ਰੋਲ ਪਲੇਅ ਤਰੀਕੇ ਵਿੱਚ ਵਿਦਿਆਰਥੀ ਰੋਲ ਪ੍ਰਾਪਤ ਕਰਕੇ ਸਿੱਖਦੇ ਹਨ । ਇਹ ਸਟੇਜ ਤੇ ਹੁੰਦੇ ਹਨ । ਇਸ ਲਈ ਅਸਲੀ ਜ਼ਿੰਦਗੀ ਨਾਲ ਇਸ ਦਾ ਕੋਈ ਸੰਬੰਧ ਨਹੀਂ । ਉਦਾਹਰਨ ਲਈ ਇੱਕ ਵਿਦਿਆਰਥੀ ਨੂੰ ਇੱਕ ਅਧਿਆਪਕ / ਮਾਤਾ - ਪਿਤਾ / ਮੁਖੀ ਦਾ ਰੋਲ ਅਦਾ ਕਰਨ ਲਈ ਕਿਹਾ ਜਾਂਦਾ ਹੈ । ਇਹ ਵੀ ਇੱਕ ਸ਼ਕਤੀਸ਼ਾਲੀ ਵਿਧੀ ਹੈ । ਜਿਸ ਵਿੱਚ ਅਸਲੀ ਜ਼ਿੰਦਗੀ ਤੋਂ ਹੱਟ ਕੇ ਤਜ਼ਰਬਾ ਹਾਸਿਲ ਕੀਤਾ ਜਾਂਦਾ ਹੈ । ਤੇ ਗਲਤੀਆਂ ਤੋਂ ਸਿੱਖਿਆ ਜਾਂਦਾ ਹੈ ।

ਪ੍ਰੋਜੈਕਟ :– ਵਿਦਿਆਰਥੀ ਇੱਕ ਪ੍ਰੋਜੈਕਟ ਚੁਣ ਕੇ ਸਿੱਖਦੇ ਹਨ । ਉਦਾਹਰਨ ਲਈ ਸਕੂਲ ਨੂੰ ਸਾਫ ਕਰਨ ਦਾ ਪ੍ਰੋਜੈਕਟ ਜਾਂ ਭੋਜਨ ਵਿੱਚ ਪੌਸ਼ਟਿਕਤਾ ਦਾ ਵਿਸ਼ਲੇਸ਼ਣ ਕਰਨਾ ਜਾਂ ਇੱਕ ਪ੍ਰੋਜੈਕਟ ਸਿਹਤ ਅਤੇ ਫਿਟਨੈਸ ਦੀ ਵੱਖ - 2 ਸਰੀਰਕ ਕਿਰਿਆਵਾਂ ਦੀ ਤੁਲਨਾ ਕਰਨ ਲਈ । ਪ੍ਰੋਜੈਕਟ ਨੂੰ ਇਕੱਲਾ ਜਾਂ ਗਰੁੱਪ ਵਿੱਚ ਕੀਤਾ ਜਾ ਸਕਦਾ ਹੈ ।

ਹੱਥਾਂ ਨਾਲ ਸਿੱਖਣਾ:- ਵਿਦਿਆਰਥੀ ਕਰਨ ਨਾਲ ਸਿੱਖਦੇ ਹਨ । ਉਦਾਹਰਨ ਲਈ ਇੱਕ ਖੇਡ ਦਿਵਸ ਦਾ ਪ੍ਰਬੰਧ ਕਰੋ ਜਿਸ ਵਿੱਚ ਵਿਦਿਆਰਥੀ ਜ਼ੋਰ ਸ਼ੋਰ ਨਾਲ ਭਾਗ ਲੈਣ । ਇਸ ਵਿੱਚ ਵਿਦਿਆਰਥੀ ਦੀ ਯੋਗਤਾ , ਯੋਜਨਾਬੰਦੀ ਤੇ ਪ੍ਰਬੰਧ ਕਰਨ ਵਿੱਚ ਚੁਸਤੀ ਨਾਲ ਭਾਗ ਲੈਣ ।

ਉਦਾਹਰਨਾਂ :-

1. ਟੂਰਨਾਮੈਂਟ ਦਾ ਪ੍ਰਬੰਧ ਕਿਵੇਂ ਕਰੋਗੇ ?

Downloaded from https:// www.studiestoday.com

Downloaded from https:// www.studiestoday.com

2. ਅਧਿਆਪਕ ਦਾ ਰੋਲ (Role) ਵਧੀਆ ਹੋ ਸਕਦਾ ਹੈ ਜੇਕਰ ਉਹ ਲੈਕਚਰ, ਚਰਚਾ ਅਤੇ ਬਹਿਸ ਕਰਨ ਆਦਿ ਦੇ ਤਰੀਕੇ ਵਰਤੇ ।

ਇੱਕ ਅਧਿਆਪਕ ਵਧੀਆ ਪ੍ਰਭਾਵਸ਼ਾਲੀ ਹੋ ਸਕਦਾ ਹੈ ਜੇਕਰ :-

1. ਸਿੱਖਣ ਦੇ ਟੀਚੇ ਅਤੇ ਉਦੇਸ਼

- ਉਸਨੂੰ ਸ਼ੈਸ਼ਨ ਦੇ ਅੰਤ ਵਿੱਚ ਟੀਚੇ ਅਤੇ ਉਦੇਸ਼ ਪ੍ਰਾਪਤ ਹੋਣ ।
- ਜੋ ਕਿਰਿਆਵਾਂ ਕਰਵਾਉਣੀਆਂ ਹਨ ਉਨ੍ਹਾਂ ਕਿਰਿਆਵਾਂ ਦੀ ਬਣਤਰ ਅਤੇ ਤਰਤੀਬ ਬਣਾਈ ਹੋਵੇ ਤਾਂ ਜੋ ਉਦੇਸ਼ ਅਤੇ ਨਿਸ਼ਾਨੇ ਦੀ ਪੂਰਤੀ ਲਈ ਹਰੇਕ ਕ੍ਰਿਆ ਨੂੰ ਪੂਰਾ ਕਰਨ ਲਈ ਟਾਈਮ ਲਾਈਨ ਸੈੱਟ ਕੀਤੀ ਹੋਵੇ ।

2. ਬੱਚਿਆਂ ਨੂੰ ਸਿਖਾਉਣ ਲਈ ਕੰਮ ਤੇ ਲਾਉਣਾ :-

- ਕਿਰਿਆਵਾਂ ਲਈ ਲੋੜੀਂਦਾ ਸਮਾਨ ਇਕੱਠਾ ਕਰੋ ।
- ਸਹੀ ਸਿੱਖਿਆ ਅਤੇ ਸਿਖਲਾਈ ਦੇ ਢੰਗ ਦੀ ਚੋਣ ਕਰੋ ।
- ਕਿਰਿਆ ਲਈ ਢੁੱਕਵਾਂ ਮਕਸਦ ਅਤੇ ਵਿਆਖਿਆ ਦਿਓ ।
- ਇਹ ਯਕੀਨੀ ਬਣਾਓ ਕਿ ਸਾਰੇ ਸਿੱਖਿਆਰਥੀ ਕੰਮ / ਕਿਰਿਆ ਕਰਨ ਦੇ ਯੋਗ ਹਨ ।
- ਨਿੱਜੀ ਬਹਿਸ, ਪ੍ਰਾਈਵੇਟ ਗੱਲਬਾਤ ਅਤੇ ਵਿਸ਼ੇ ਦੇ ਬਾਹਰ ਦੀ ਗੱਲਬਾਤ ਤੇ ਚਲਾਕੀ ਨਾਲ ਕਾਬੂ ਕਰੋ ।
- ਹਰੇਕ ਸਟੈਪ ਦੀ ਚੰਗੀ ਤਰ੍ਹਾਂ ਵਿਆਖਿਆ ਕਰੋ ਜਿਵੇਂ ਕਿ ਇਸਦਾ ਪ੍ਰਦਰਸ਼ਨ ਹੋ ਰਿਹਾ ਹੋਵੇ ।
- ਢੁੱਕਵੀਆਂ ਟੀਚਿੰਗ ਏਡ ਦੀ ਵਰਤੋਂ ਕਰੋ ਤਾਂ ਜੋ ਵਿਦਿਆਰਥੀ ਦੀ ਰੁਚੀ ਬਣੀ ਰਹੇ । ਵਿਦਿਅਰਥੀ ਨੂੰ ਦੇਣ ਵਾਲੇ ਹਰੇਕ ਲੈਕਚਰ ਵਿੱਚ ਵਧੀਆ ਮੈਟੀਰੀਅਲ ਹੋਵੇ ਤਾਂ ਜੋ ਵਿਸ਼ੇ ਵਿੱਚ ਰੁਚੀ ਪਾਈ ਜਾਵੇ ।
- ਕਿਰਿਆਵਾਂ ਵਿੱਚ ਸਾਰੇ ਵਿਦਿਆਰਥੀ ਸ਼ਾਮਿਲ ਕਰੋ ਨਾ ਕਿ ਕੇਵਲ ਚੁਸਤ ਵਿਦਿਆਰਥੀ ਹੀ ਸ਼ਾਮਿਲ ਹੋਣ ।
- ਹੌਲੀ ਸਿੱਖਣ ਵਾਲਿਆਂ ਵੱਲ ਜਿਆਦਾ ਧਿਆਨ ਦਿਓ ਤੇ ਸਪੈਸ਼ਲ ਲੋੜਾਂ ਵਾਲੇ ਵਿਦਿਆਰਥੀ ਨਾਲ ਹੀ ਇੰਝ ਕਰੋ ।
- ਸਾਰੇ ਕੰਮ ਦੀ ਸਮੀਖਿਆ ਕਰਕੇ ਉਸਨੂੰ ਪੂਰਾ ਕਰੋ ।

Downloaded from https:// www.studiestoday.com

Downloaded from https:// www.studiestoday.com

ਯਾਦ ਰੱਖਣਯੋਗ ਗੱਲਾਂ

Learner:- ਜਿਹੜੇ ਲੋਕ ਸਿੱਖਣਾ, ਵਧਣਾ ਚਾਹੁੰਦੇ ਹਨ ।

Auditor learner:- ਜਿਹੜੇ ਸੁਣ ਕੇ ਸਿੱਖਦੇ ਹਨ ।

Visual Learner:- ਜਿਹੜੇ ਦੇਖ ਕੇ ਸਿੱਖਦੇ ਹਨ ।

Kinesthetic Learner:- ਜਿਹੜੇ ਆਪ ਐਕਸ਼ਨ ਕਰ ਕੇ ਸਿੱਖਦੇ ਹਨ ।

Combination Learner:- ਜਿਹੜੇ ਤਿੰਨਾਂ ਤਰੀਕਿਆਂ ਨਾਲ ਜਿਵੇਂ ਸੁਣ ਕੇ, ਦੇਖ ਕੇ ਅਤੇ ਐਕਟ ਕਰ ਕੇ ਸਿੱਖਦੇ ਹਨ ।

Teaching Methodology:- ਅਧਿਆਪਕ ਕਿਸੇ ਖਾਸ ਟੋਪਿਕ ਤੇ ਪਹੁੰਚਣ ਲਈ ਜਿਹੜੀ ਤਕਨੀਕ ਵਰਤਦਾ ਹੈ ।

Enquiry:- ਪ੍ਰਸ਼ਨ ਪੁਛੱਣਾ ।

Role Play:- ਆਪਣੇ ਆਪ ਨੂੰ ਕਿਸੇ ਹੋਰ ਦੇ ਕਿਰਦਾਰ ਵਿੱਚ ਢਾਲਣਾ ।

Discussion:- ਲੋਗ ਆਪਣੇ ਵਿਚਾਰ ਦੂਜੇ ਅੱਗੇ ਰੱਖਦੇ ਹਨ ।

Debate:- ਲੋਗ ਕਿਸੇ ਵਿਸ਼ੇ ਤੇ ਬਹਿਸ ਕਰਦੇ ਹਨ ।

Observation:- ਦੇਖਣਾ ਅਤੇ ਸਮਝਣਾ ਕਿ ਐਕਸ਼ਨ ਠੀਕ ਹੈ ।

Demonstration:- ਆਪ ਕੰਮ ਕਰਕੇ ਦੂਜਿਆਂ ਨੂੰ ਕੰਮ ਕਰਨ ਲਈ ਪ੍ਰੇਰਿਤ ਕਰਨਾ

ਅਭਿਆਸ

1. ਆਪਣੀ ਕਲਾਸ ਵਿਚੋਂ ਆਪਣੇ ਸਹਿਪਾਠੀਆਂ ਨੂੰ ਇਹ ਪੁੱਛੋ ਕਿ ਉਹ ਸਿੱਖਣਾ ਕਿਵੇਂ ਪਸੰਦ ਕਰਨਗੇ ? ਉਨ੍ਹਾਂ ਦੇ ਨਾਮ ਲਿਖੋ ਅਤੇ ਉਹਨਾਂ ਨੂੰ ਲਰਨਿੰਗ ਦੇ ਤਰੀਕਿਆਂ ਬਾਰੇ ਟੇਬਲ ਵਿੱਚ ਲਿਖੋ ।

ਵਿਦਿਆਰਥੀ ਦਾ ਨਾਂ	ਚੁਣਿਆ ਗਿਆ ਲਰਨਿੰਗ ਦਾ ਤਰੀਕਾ

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ

1. ਮਿਲਾਉਣ ਦੇ ਤਿੰਨ ਢੰਗਾਂ ਦੀ ਸੂਚੀ ਬਣਾਓ । ਉਨ੍ਹਾਂ ਦੇ ਫਾਇਦੇ ਅਤੇ ਕਮੀਆਂ ਦਾ ਵਰਣਨ ਕਰੋ ।

.....

.....

.....

.....

.....

.....

.....

.....

.....

.....

.....

2. ਖਾਲੀ ਥਾਵਾਂ ਭਰੋ :-

ੳ) ਆਮ ਪੜ੍ਹਾਉਣ ਵਾਲਾ ਤਰੀਕਾ.....

ਅ) .....ਦੇ ਸੁਣਾਉਣ ਤੇ ਸਿੱਖਦਾ ਹੈ ।

ੲ) .....ਦੇ ਕਿਰਿਆ ਕਰਨ ਤੇ ਵਧੀਆ ਸਿੱਖਦਾ ਹੈ ।

ਸ) .....ਇਕ ਤਰੀਕਾ ਹੈ ਜਿੱਥੇ ਕੋਈ ਅਧਿਆਪਕ / ਟ੍ਰੇਨਰ ਕਿਸੇ ਵਿਧੀ ਰਾਹੀਂ ਦੱਸਦਾ ਹੈ ।

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਭਾਗ (ੳ)

ਅੰਤਰ ਦੱਸੋ

1. ਲੈਕਚਰ ਅਤੇ ਇਨਕੁਆਰੀ ਮੈਥਡ ।
2. ਹੱਥਾਂ ਤੋਂ ਸਿੱਖਣਾ ਅਤੇ ਪ੍ਰੋਜੈਕਟ ਤੋਂ ਸਿੱਖਣ ਸੰਬੰਧੀ ਅੰਤਰ ਦੱਸੋ ।

ਭਾਗ (ਅ)

ਕਲਾਸ ਵਿੱਚ ਚਰਚਾ ਕਰੋ :–

1. ਪੜ੍ਹਾਉਣ ਦੇ ਭਿੰਨ - 2 ਤਰੀਕਿਆਂ ਦੇ ਫਾਇਦੇ ਤੇ ਨੁਕਸਾਨ ਦੱਸੋ ।
2. ਕਿਹੜੇ - ਕਿਹੜੇ ਢੰਗ ਸਪੈਸ਼ਲ ਲਰਨਰਜ਼ ਨੂੰ ਸਿਖਾਉਣ ਲਈ ਅਪਣਾਏ ਜਾ ਸਕਦੇ ਹਨ ?

ਭਾਗ (ੲ)

ਪ੍ਰਦਰਸ਼ਨ ਦਾ ਮਿਆਰ ਸ਼ਾਮਿਲ ਹੈ ਪਰ ਸੀਮਿਤ ਨਹੀਂ

ਕਾਰਗੁਜ਼ਾਰੀ ਦਾ ਮਿਆਰ	ਹਾਂ	ਨਹੀਂ
1. ਗਿਆਨ ਇਕ ਰੋਲ ਮਾਡਲ ਦੀ ਤਰ੍ਹਾਂ ਦਿਉ ।		
2. ਗਿਆਨ ਭਾਸ਼ਨ ਤਰੀਕੇ ਨਾਲ ਦਿਉ ।		
3. ਗਿਆਨ ਬਹਿਸ ਤਰੀਕੇ ਨਾਲ ਦਿਉ ।		

Downloaded from https:// www.studiestoday.com

Downloaded from https:// www.studiestoday.com

ਸੈਸ਼ਨ-3 ਪ੍ਰਭਾਵਸ਼ਾਲੀ ਸੰਚਾਰ ਕਲਾਵਾਂ ਦੀ ਵਿਆਖਿਆ

ਜਾਣ-ਪਛਾਣ

ਸੰਚਾਰ ਦਾ ਮਤਲਬ ਜਾਣਕਾਰੀ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਤਕ ਪਹੁੰਚਾਣਾ ਹੈ । ਇਸ ਦਾ ਅਰਥ ਹੈ ਦੂਜੇ ਵਿਅਕਤੀ ਤੱਕ ਪਹੁੰਚਣਾ ਆਪਣੇ ਵਿਚਾਰਾਂ ਨਾਲ, ਤੱਥਾਂ ਨਾਲ, ਸੋਚ ਨਾਲ, ਜਜ਼ਬਾਤਾਂ ਨਾਲ ਅਤੇ ਕਦਰਾਂ ਕੀਮਤਾਂ ਨਾਲ । ਜਦੋਂ ਸੰਚਾਰ ਪ੍ਰਭਾਵਸ਼ਾਲੀ ਹੁੰਦਾ ਹੈ ਤਾਂ ਇਹ ਸੁਨੇਹੇ ਨੂੰ ਇਕ ਮਤਲਬ ਦਿੰਦਾ ਹੈ, ਸਮਝ ਦਿੰਦਾ ਹੈ ਅਤੇ ਰਿਸ਼ਤਾ ਦਿੰਦਾ ਹੈ । ਇਸ ਲਈ ਅਧਿਆਪਕ ਇਕ ਚੰਗਾ ਸੰਦੇਸ਼ਕ ਹੋਣਾ ਚਾਹੀਦਾ ਹੈ । ਆਓ ਅਸੀ ਪ੍ਰਭਾਵਸ਼ਾਲੀ ਸੰਚਾਰਕ ਬਣਨ ਦੇ ਗੁਣ ਸਿੱਖੀਏ ਅਤੇ ਸਿੱਖੀਏ ਕਿ ਇਕ ਪ੍ਰਭਾਵਸ਼ਾਲੀ ਅਧਿਆਪਕ ਕਿਵੇਂ ਬਣੀਏ ਆਪਣੀ ਸੰਚਾਰ ਪ੍ਰਤਿਭਾ ਨੂੰ ਸੁਧਾਰ ਕੇ ।

ਗੱਲਾਂ ਕਰਨੀਆਂ:- ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 35% ਲੋਗ ਜਾਂ ਅਸੀ ਆਪਣਾ ਸੰਚਾਰ ਦਾ ਸਮਾਂ ਗੱਲਾਂ ਵਿੱਚ ਬਿਤਾ ਦਿੰਦੇ ਹਾਂ । ਇਹ ਵੀ ਦਿਖਾਈ ਦੇਣ ਵਾਲਾ ਸੰਚਾਰ ਦਾ ਸਾਧਨ ਹੈ ।

ਆਓ ਅਸੀਂ ਹੁਣ ਸਾਰੇ ਤੱਤਾਂ ਬਾਰੇ ਵਿਸਥਾਰ ਨਾਲ ਜਾਣੀਏ:–

ਗੱਲਾਂ ਕਰਨੀਆਂ:- ਗੱਲਾਂ ਕਰਨੀਆਂ ਸੰਚਾਰ ਦਾ ਬਹੁਤ ਚੰਗਾ ਮਾਧਿਅਮ ਹੈ, ਇਕ ਚੰਗਾ ਸੰਚਾਰਕ ਜਿਆਦਾਤਰ ਆਪਣੀ ਬੋਲਚਾਲ ਤੋਂ ਪਹਿਚਾਣਿਆ ਜਾਂਦਾ ਹੈ । ਜਮਾਤ ਵਿੱਚ ਗੱਲਬਾਤ ਰਾਹੀਂ ਪਤਾ ਕਰੋ ਕਿ ਕਿਹੜਾ ਬੱਚਾ ਚੰਗਾ ਸੰਚਾਰਕ ਹੈ ਅਤੇ ਉਹਨਾਂ ਵਿਦਿਆਰਥੀਆਂ ਦੀ ਲਿਸਟ ਬਣਾਉ ਕਿ ਕਿਹੜੇ ਗੁਣ ਉਹਨਾਂ ਨੂੰ ਚੰਗਾ ਸੰਚਾਰਕ ਬਣਾਉਂਦੇ ਹਨ ।

ਗੱਲਾਂ ਕਰਨੀਆਂ:- ਜਦੋਂ ਤੁਸੀਂ ਆਪਣੇ ਆਪ ਨੂੰ ਸ਼ਬਦਾਂ ਅਤੇ ਵਾਕਾਂ ਨਾਲ ਦੂਜੇ ਅੱਗੇ ਪ੍ਰਗਟ ਕਰਦੇ ਹੋ ।

1. ਚੰਗੀ ਸ਼ਬਦਾਵਲੀ ਅਤੇ ਭਾਸ਼ਾ ਤੇ ਕੰਟਰੋਲ ਬਹੁਤ ਮਹੱਤਵਪੂਰਨ ਹੈ । ਬੜਾ ਮੁਸ਼ਕਿਲ ਹੁੰਦਾ ਹੈ ਉਸ ਭਾਸ਼ਾ ਵਿੱਚ ਗੱਲਬਾਤ ਕਰਨਾ ਜਿਸ ਵਿੱਚ ਤੁਸੀਂ ਮੁਹਾਰਤ ਹਾਸ਼ਿਲ ਨਹੀਂ ਹੋ ।
2. ਜਿਸ ਤਰੀਕੇ ਨਾਲ ਤੁਸੀਂ ਗੱਲ ਕਰਦੇ ਹੋ ਇਹ ਜ਼ਜਬਾਤ ਪੈਦਾ ਕਰਦੀ ਹੈ ।

Downloaded from https:// www.studiestoday.com

Downloaded from https:// www.studiestoday.com

3. ਜਦੋਂ ਤੁਸੀਂ ਬੋਲ ਰਹੇ ਹੋਵੋ , ਤਾਂ ਬੋਲਣ ਦਾ ਅਰਥ ਦੂਜਿਆਂ ਨੂੰ ਚੰਗੀ ਤਰ੍ਹਾਂ ਸਮਝ ਆਉਣਾ ਚਾਹੀਦਾ ਹੈ ।
4. ਜਿਸ ਗਤੀ ਨਾਲ ਤੁਸੀਂ ਗੱਲ ਕਰ ਰਹੇ ਹੋ ਉਹ ਸੁਣਨ ਵਾਲੇ ਵਾਸਤੇ ਅਸਾਨ ਜਾਂ ਮੁਸ਼ਕਿਲ ਹੋ ਸਕਦੀ ਹੈ ।
5. ਵਾਰਤਾਲਾਪ ਕਿਸੇ ਵੀ ਵਿਸ਼ੇ ਨੂੰ ਅਸਾਨ ਜਾਂ ਮੁਸ਼ਕਿਲ ਬਣਾ ਦਿੰਦਾ ਹੈ ।

ਆਓ ਕੁੱਝ ਉਦਾਹਰਨਾਂ ਲਈਏ :–

1. 'ਦਰਵਾਜਾ ਬੰਦ ਕਰੋ' । ਇਹ ਇੱਕ ਸਧਾਰਨ ਵਾਕ ਹੈ ਜਿਸਨੂੰ ਭਿੰਨ - 2 ਤਰੀਕਿਆਂ ਨਾਲ ਦਰਸ਼ਾਇਆ ਜਾ ਸਕਦਾ ਹੈ

ਉਪਰ ਵਾਂਗ ਦੱਸੇ ਗਏ ਵਾਕ ਅਨੁਸਾਰ ਹੋਰ ਵਾਕ ਕਲਾਸ ਦੇ ਵਿਦਿਆਰਥੀਆਂ ਨੂੰ ਦੱਸੋ ਤੇ ਪੁੱਛੋ ਕਿ ਤੁਸੀਂ ਇਹ ਗੱਲ ਬਾਤ ਕਿਵੇਂ ਸਮਝਦੇ ਹੋ ।

Listening (ਸੁਣਨਾ)

ਇਹ ਸੋਚਿਆ ਜਾਂਦਾ ਹੈ ਕਿ ਸਾਡੇ ਵਕਤ ਦਾ 40 % ਸਮਾਂ ਸੁਣਨ ਵਿੱਚ ਲਗ ਜਾਂਦਾ ਹੈ । ਕੁੱਝ ਲੋਕ ਗੱਲਬਾਤ ਵਿੱਚ ਉਲਝ ਜਾਂਦੇ ਹਨ ।

ਚੰਗਾ ਸੁਣਨ ਵਾਲੇ ਕਿਵੇਂ ਬਣ ਸਕਦੇ ਹਾਂ ?

ਇੱਕ ਚੰਗਾ ਸੁਣਨ ਵਾਲਾ ਬਣਨ ਵਾਸਤੇ ਸਾਨੂੰ ਹੇਠ ਲਿਖਿਆਂ ਗੱਲਾਂ ਦੀ ਲੋੜ ਹੈ ।

1. **ਬਿਨ੍ਹਾਂ ਕਿਸੇ ਰੋਕ - ਟੋਕ ਤੋਂ ਸੁਣੋ :-**

ਉਦਾਹਰਣ, ਜੇ ਤੁਹਾਨੂੰ ਕੋਈ ਵਿਦਿਆਰਥੀ ਕੁਝ ਕਹਿ ਰਿਹਾ ਹੈ ਤੇ ਤੁਸੀਂ ਕਿਸੇ ਅਧਿਆਪਕ ਨਾਲ ਗੱਲ ਕਰ ਰਹੇ ਹੋ ਜਾਂ ਆਪਣੇ ਫੋਨ ਵਿੱਚ ਵਿਅਸਤ ਹੋ ਤਾਂ ਤੁਸੀਂ ਸਹਿ ਤਰੀਕੇ ਨਾਲ ਸੁਣ ਨਹੀਂ ਰਹੇ । ਇਸ ਲਈ ਜਦੋਂ ਤੁਸੀਂ ਕਿਸੇ ਨੂੰ ਸੁਣ ਰਹੇ ਹੁੰਦੇ ਹੋ, ਕੋਈ ਹੋਰ ਕਿਰਿਆ ਨਾ ਕਰੋ ।

Downloaded from https:// www.studiestoday.com

Downloaded from https:// www.studiestoday.com

2. ਸੁਣਨ ਸਮੇਂ ਆਪਣਾ ਧਿਆਨ ਸੁਣਨ ਵਿੱਚ ਰੱਖੋ । ਜਿਨ੍ਹਾਂ ਕੁ ਤੁਸੀਂ ਕੰਨਾਂ ਨਾਲ ਸੁਣਦੇ ਹੋ ਉਨ੍ਹਾਂ ਹੀ ਅੱਖਾਂ ਦਾ ਧਿਆਨ ਵੀ ਸੁਣਨ ਵਿੱਚ ਰੱਖੋ । ਕਿਉਂਕਿ ਬੋਲਣ ਵਾਲੇ ਦੇ ਹਾਵ - ਭਾਵ ਅੱਖਾਂ ਅਤੇ ਕੰਨਾਂ ਨਾਲ ਠੀਕ ਤਰੀਕੇ ਨਾਲ ਸੁਣੇ ਜਾ ਸਕਦੇ ਹਨ । ਜੇਕਰ ਤੁਸੀਂ ਕੇਵਲ ਕੰਨਾਂ ਨਾਲ ਹੀ ਸੁਣੋਗੇ ਅਤੇ ਅੱਖਾਂ ਦੇ ਹਾਵ - ਭਾਵ ਜੋੜ ਕੇ ਨਹੀਂ ਰੱਖੋਗੇ ਤਾਂ ਤੁਸੀਂ ਅਸਲੀਅਤ ਤੋਂ ਪਰੇ ਹੋ ਸਕਦੇ ਹੋ ਅਤੇ ਇੰਝ ਵੀ ਹੋ ਸਕਦਾ ਹੈ ਕਿ ਤੁਹਾਨੂੰ ਸਹੀ ਗੱਲ ਦਾ ਪਤਾ ਹੀ ਨਾ ਚਲੇ ।

3. ਪ੍ਰਸ਼ਨ ਪੁੱਛਦੇ ਰਹੋ, ਜਿਸ ਨਾਲ ਕੇ ਸੁਣਨ ਵਾਲਾ ਵੀ ਠੀਕ ਢੰਗ ਨਾਲ ਸੁਣਦਾ ਹੈ ਜਦੋਂ ਤੁਹਾਨੂੰ ਕੋਈ ਵਿਚਾਰ ਕਲੀਅਰ ਨਾ ਹੋਵੇ ਤਾਂ ਪ੍ਰਸ਼ਨ ਪੁੱਛੋ । ਉਦਾਹਰਣ– ਤੁਹਾਨੂੰ ਸ਼ਾਮ ਦੀਆਂ ਕਲਾਸਾਂ ਲਾਉਣੀਆਂ ਕਿਉਂ ਮੁਸਕਿਲ ਹਨ ? ਅਸੀ ਤੁਹਾਡੇ ਲਈ ਸ਼ਾਮ ਦੀਆਂ ਕਲਾਸਾਂ ਲਾਉਣ ਲਈ ਕੀ ਸੰਭਵ ਯਤਨ ਕਰ ਸਕਦੇ ਹਾਂ ?

4. ਜੋ ਤੁਹਾਡੇ ਸਾਥੀ ਨੇ ਕਿਹਾ ਹੈ ਉਸ ਨੂੰ ਆਪਣੇ ਵਿੱਚ ਦੁਹਰਾਓ ਕਿ ਤੁਸੀਂ ਠੀਕ ਤਰ੍ਹਾਂ ਸਮਝਲਿਆ ਹੈ ।

5. ਆਪਣੇ ਸਾਥੀ ਨੂੰ ਆਪਣੀ ਹੋਂਦ ਅਜਿਹੇ ਸ਼ਬਦ ਬੋਲ ਕੇ ਦਰਸਾਓ. ਹਾਂ ਜੀ,ਹਾਂ ਜੀ ਮੈ ਸਮਝ ਗਿਆ, ਮੈਂ ਸਮਝ ਸਕਦਾ ਹਾਂ, ਮੈਂ ਸਮਝ ਗਿਆ ਤੁਸੀਂ ਕੀ ਕਹਿ ਰਹੇ ਹੋ, ਆਦਿ ।

ਇੱਥੇ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਗੱਲਬਾਤ ਇਸ ਪ੍ਰਕਾਰ ਹੈ:-

ਅਧਿਆਪਕ:- ਅੰਕਿਤ, ਗੁੱਡ ਮਾਰਨਿੰਗ ਅੱਜ ਤੁਸੀਂ ਕੀ ਕਰ ਰਹੇ ਹੋ ?

ਅੰਕਿਤ:- ਸਰ, ਮੈਂ ਠੀਕ ਕਰ ਰਿਹਾ ਹਾਂ, ਤੁਹਾਡੇ ਪੁੱਛਣ ਦਾ ਧੰਨਵਾਦ ।

ਅਧਿਆਪਕ:- ਕੀ ਤੁਸੀਂ ਨਿਉਟਰੀਸੀਅਨ ਪ੍ਰੋਜੈਕਟ ਤਿਆਰ ਕਰ ਲਿਆ ਹੈ ।

ਅੱਜ ਅਸੀ ਇਸਨੂੰ ਕਲਾਸ ਵਿਚ ਡਿਸਕਸ ਕਰਾਂਗੇ ।

ਅੰਕਿਤ:- ਸੌਰੀ ਸਰ, ਮੈ ਆਪਣਾ ਕੰਮ ਪੂਰਾ ਨਹੀ ਕਰ ਸਕਿਆ ।

ਅਧਿਆਪਕ ਨੂੰ ਫੋਨ ਆਉਂਦਾ ਹੈ ।
ਅਧਿਆਪਕ:- ਅੰਕਿਤ ਕੀ ਮੈਂ ਇਹ ਕਾਲ ਸੁਣ ਸਕਦਾ ਹਾਂ ?
ਅੰਕਿਤ:- ਹਾਂ ਜੀ ਸਰ ।

ਅਧਿਆਪਕ:- ਹੈਲੋ ਕਲਿਆਣੀ, ਜੇਕਰ ਜਰੂਰੀ ਨਹੀਂ ਹੈ ਤਾਂ ਮੈਂ ਤੈਨੂੰ ਦੁਬਾਰਾ ਕਾਲ ਕਰ ਲਵਾਂ । ਮੈ ਅੰਕਿਤ ਨਾਲ ਗੱਲ ਕਰ ਰਿਹਾ ਹਾਂ ।
ਅਧਿਆਪਕ ਨੇ ਫੋਨ ਬੰਦ ਕਰ ਦਿੱਤਾ ਤੇ ਅੰਕਿਤ ਨਾਲ ਦੁਬਾਰਾ ਗੱਲ ਕਰਨੀ ਸ਼ੁਰੂ ਕਰ ਦਿੱਤੀ ।

ਅਧਿਆਪਕ:- ਸੌਰੀ ਅੰਕਿਤ, ਤੁਸੀਂ ਕਿਹਾ ਹੈ ਕਿ ਮੈਂ ਪ੍ਰੋਜੈਕਟ ਪੁਰਾ ਨਹੀਂ ਕੀਤਾ। ਕੀ ਇਹ ਸੱਚ ਹੈ ?
ਅੰਕਿਤ:- ਹਾਂ ਜੀ ਸਰ ।

ਅਧਿਆਪਕ:- ਅੰਕਿਤ ਕਿਉਂ ?
ਅੰਕਿਤ:- ਸਰ, ਕੱਲ੍ਹ ਮੇਰੇ ਕੋਲ ਕੋਈ ਸਮਾਂ ਨਹੀਂ ਸੀ ।

ਅਧਿਆਪਕ:- ਕੀ ਤੁਸੀਂ ਕਿਹਾ ਹੈ ਕਿ ਤੁਹਾਡੇ ਕੋਲ ਸਮਾਂ ਨਹੀਂ ਸੀ ? ਤੁਹਾਡੇ ਕੋਲ ਸਮਾਂ ਕਿਉਂ ਨਹੀਂ ਸੀ ?
ਅੰਕਿਤ:- ਸਰ, ਸ਼ਾਮ ਨੂੰ ਮੇਰੇ ਪਿਤਾ ਜੀ ਨੇ ਮੈਂਨੂੰ ਬਾਜ਼ਾਰ ਜਾਣ ਨੂੰ ਕਿਹਾ ।

ਅਧਿਆਪਕ:- ਤੁਸੀਂ ਬਾਜ਼ਾਰ ਤੋਂ ਵਾਪਿਸ ਕਦੋਂ ਆਏ ?

Downloaded from https:// www.studiestoday.com

Downloaded from https:// www.studiestoday.com

ਅੰਕਿਤ:- ਲਗਭਗ -8 ਵਜੇ ਵਾਪਿਸ ਆਇਆ ।
ਅਧਿਆਪਕ:- ਕੀ ਤੁੰ ਆਪਣੇ ਪਿਤਾ ਜੀ ਨੂੰ ਕਿਹਾ ਸੀ ਕਿ ਮੈਂ ਆਪਣਾ ਪ੍ਰੋਜੈਕਟ ਪੂਰਾ ਕਰਨਾ ਹੈ ?
ਅੰਕਿਤ:- ਨਹੀਂ ਜੀ ।
ਅਧਿਆਪਕ:- ਅੰਕਿਤ ਕਿਉਂ ?
ਜੇ ਤੁਸੀਂ ਆਪਣੇ ਪਿਤਾ ਜੀ ਨੂੰ ਕਿਹਾ ਹੁੰਦਾ ਤਾਂ ਉਹ ਤੁਹਾਨੂੰ ਪ੍ਰੋਜੈਕਟ ਪੂਰਾ ਕਰਨ ਲਈ ਜਰੂਰ ਕਹਿੰਦੇ ।
ਅੰਕਿਤ:- ਸੰਭਵ ਹੈ ।
ਅਧਿਆਪਕ:- ਤਾਂ ਤੁਸੀਂ ਇਹ ਕਿਉਂ ਨਹੀਂ ਕੀਤਾ ? ਕੀ ਪ੍ਰੋਜੈਕਟ ਦਿਲਚਸਪ ਨਹੀਂ ਸੀ ?
ਅੰਕਿਤ:- ਸਰ, ਮੈਨੂੰ ਇਹ ਟੋਪਿਕ ਪਸੰਦ ਨਹੀਂ ਹੈ ।

ਇਹ ਸਾਰਾ ਕੁੱਝ ਕਲਾਸ ਵਿੱਚ ਡਿਸਕਸ ਕਰੋ ਅਤੇ ਇਕ ਚੰਗੇ ਸੁਣਨ ਵਾਲੇ ਬਣੋ ਅਤੇ ਇਸ ਗੱਲਬਾਤ ਨੂੰ ਕਲਾਸ ਵਿਚ ਲਾਗੂ ਕਰੋ । ਹਰੇਕ ਗੱਲਬਾਤ ਇਕ ਸੱਚੀ ਉਦਾਹਰਣ ਹੋ ਸਕਦੀ ਹੈ ਜਾਂ ਸਮੇਂ ਦੀ ਬਰਬਾਦੀ ।

ਰੋਜ਼ਾਨਾ ਜੀਵਨ ਦੀਆਂ ਇਸ ਤਰ੍ਹਾਂ ਦੀਆਂ ਉਦਾਹਰਣਾਂ ਲੱਭੋ ਜਿਸ ਨਾਲ ਗੱਲਬਾਤ ਪ੍ਰਭਾਵ ਪੂਰਨ ਬਣ ਸਕੇ ।

ਰੀਡਿੰਗ:-
ਸਾਡੇ ਸੰਚਾਰ ਦੇ ਟਾਈਮ ਦਾ 16% ਟਾਈਮ ਰੀਡਿੰਗ ਤੇ ਲੱਗਦਾ ਹੈ । ਇਹ ਇੱਕ ਵਧੀਆ ਤਰੀਕਾ ਹੈ ਜਿਸ ਨਾਲ ਕਿ ਕਿਸੇ ਦੇ ਕਹਿਣ ਬਾਰੇ ਪਤਾ ਲੱਗਦਾ ਹੈ ਕਿ ਉਹ ਕੀ ਕਹਿਣਾ ਚਾਹੁੰਦਾ ਹੈ ।

ਕੀ ਤੁਸੀਂ ਇਨ੍ਹਾਂ ਉਦਾਹਰਣਾਂ ਤੋਂ ਸੋਚ ਸਕਦੇ ਹੋ ਜਿੱਥੇ ਪੜ੍ਹਨਾ ਇੱਕ ਜ਼ਰੂਰੀ ਲੋੜ ਹੈ ।

1. ਖਰੀਦਦਾਰੀ ਤੋਂ ਬਾਅਦ ਬਿਲ ਪੜ੍ਹਨਾ
2. ਅਖਬਾਰ ਪੜ੍ਹਨਾ
3. ਗਿਆਨ ਸੰਬੰਧੀ ਕਿਤਾਬਾਂ ਪੜ੍ਹਨੀਆਂ
4. ਹਾਈਵੇ ਤੇ ਸਾਈਨ ਬੋਰਡ ਜਾਂ ਰੇਲਵੇ ਸਟੇਸ਼ਨ ਤੇ ਜਾਂ ਹਵਾਈ ਅੱਡੇ ਤੇ ਸਾਈਨ ਬੋਰਡ ਪੜ੍ਹਨੇ ।

Downloaded from https:// www.studiestoday.com

Downloaded from https:// www.studiestoday.com

5. ਆਪਣੇ ਰੋਜ਼ਗਾਰ ਦਾ ਕੰਟਰੈਕਟ ਪੜ੍ਹਨਾ ।
6. ਬੱਚਿਆਂ ਲਈ ਕਹਾਣੀ ਪੜ੍ਹਨਾ

ਰੀਡਿੰਗ ਇਕ ਨਾ ਦਖਲ ਦੇਣ ਵਾਲਾ ਸੰਚਾਰ ਦਾ ਸਾਧਨ ਹੈ ਕਿਉਂਕਿ

1. ਤੁਸੀਂ ਸਪੀਡ ਨਾਲ ਪੜ੍ਹ ਸਕਦੇ ਹੋ ।
2. ਤੁਸੀਂ ਇੱਕਲੇ ਵੀ ਪੜ੍ਹ ਸਕਦੇ ਹੋ ਤਾਂ ਜੋ ਤੁਹਾਨੂੰ ਇੱਕਲੇ ਪੜ੍ਹਦਿਆਂ ਕੋਈ ਦੇਖ ਨਾ ਸਕੇ ।
3. ਤੁਸੀਂ ਪੜ੍ਹਨ ਸਮੇਂ ਜਿਵੇਂ ਚਾਹੁੰਦੇ ਹੋ ਸੋਚ ਸਕਦੇ ਹੋ ਤੇ ਤਸੱਲੀ ਨਾਲ ਵਿਆਖਿਆ ਕਰ ਸਕਦੇ ਹੋ ।
4. ਤੁਸੀਂ ਜਿੰਨਾ ਵੀ ਚਾਹੋ ਉਨ੍ਹਾਂ ਪੜ੍ਹ ਸਕਦੇ ਹੋ । ਸਮੇਂ ਦੀ ਕੋਈ ਹੱਦ ਨਹੀਂ ।
5. ਤੁਸੀਂ ਆਪਣੀ ਇੱਛਾ ਅਨੁਸਾਰ ਆਪਣੀ ਪਸੰਦ ਦੇ ਟਾਪਿਕ ਪੜ੍ਹ ਸਕਦੇ ਹੋ ।
6. ਤੁਸੀਂ ਆਪਣੀ ਇੱਛਾ ਅਨੁਸਾਰ ਟਾਪਿਕ ਪੜ੍ਹ ਸਕਦੇ ਹੋ ਇਹ ਨਿਰਭਰ ਕਰਦਾ ਹੈ ਤੁਹਾਡੀ ਪਸੰਦ ਅਤੇ ਨਾ ਪਸੰਦ ਤੇ ।

ਕੀ ਤੁਸੀਂ ਸੋਚ ਸਕਦੇ ਹੋ ਕਿ ਪੜ੍ਹਨ ਨਾਲ ਤੁਸੀਂ ਕਿੰਨਾ ਅੱਗੇ ਵਧ ਸਕਦੇ ਹੋ ?

- ਪੜ੍ਹਨ ਨਾਲ ਤੁਹਾਡੇ ਗਿਆਨ ਵਿੱਚ ਬਹੁਤ ਜਲਦੀ ਵਾਧਾ ਹੋ ਸਕੇਗਾ ।
- ਪੜ੍ਹਨ ਨਾਲ ਤੁਹਾਡੀ ਸ਼ਬਦਾਵਲੀ ਤੇ ਭਾਸ਼ਾ ਵੀ ਸਕਿਲ ਵਿੱਚ ਵਾਧਾ ਹੋਵੇਗਾ ।
- ਪੜ੍ਹਨ ਨਾਲ ਤੁਹਾਨੂੰ ਬਹੁਤ ਕੁੱਝ ਹੋਰ ਟਾਪਿਕ ਤੇ ਸੋਚਣ ਨੂੰ ਮਿਲੇਗਾ ।
- ਪੜ੍ਹਨ ਨਾਲ ਤੁਹਾਡੇ ਗਿਆਨ ਵਿੱਚ ਵਾਧਾ ਹੋਵੇਗਾ ਤੇ ਤੁਹਾਡੇ ਕੋਲ ਪਲ-ਪਲ ਦੀ ਇੰਨਫਰਮੇਸ਼ਨ ਹੋਵੇਗੀ ।
- ਪੜ੍ਹਨ ਨਾਲ ਤੁਹਾਨੂੰ ਉਨ੍ਹਾਂ ਚੀਜ਼ਾਂ / ਵਸਤਾਂ ਬਾਰੇ ਪਤਾ ਲਗੇਗਾ ਜਿੰਨ੍ਹਾਂ ਬਾਰੇ ਤੁਹਾਨੂੰ ਪਹਿਲਾਂ ਗਿਆਨ ਨਹੀਂ ਸੀ ।

ਲਿਖਣਾ (Writing) :-

ਲਿਖਣਾ ਵੀ ਸੰਚਾਰ ਦਾ ਇੱਕ ਮਹੱਤਵਪੂਰਨ ਸਾਧਨ ਹੈ । ਇਸ ਵਿੱਚ ਸੰਚਾਰ ਦਾ 9% ਹਿੱਸਾ ਹੁੰਦਾ ਹੈ ।

ਇਹ ਰੂਪ ਠੀਕ ਹੈ ਇਹ ਪੜ੍ਹਨ ਵਾਲੇ ਨੂੰ ਸੋਚਣ ਅਤੇ ਵਿਆਖਿਆ ਕਰਨ ਦੀ ਆਜਾਦੀ ਦਿੰਦਾ ਹੈ । ਉਸ ਸਮੇਂ ਇਹ ਲਿਮਟਿਡ ਹੈ ਕਿਉਕਿ ਇਸ ਨਾਲ ਵਿਅਕਤੀ ਸੰਦੇਸ਼ਕ ਨੂੰ ਨਾ ਤਾਂ ਦੇਖ ਸਖਦਾ ਹੈ ਨਾ ਹੀ ਉਸਦੇ ਜ਼ਜਬਾਤਾਂ ਨੂੰ ਮਹਿਸੂਸ ਕਰ ਸਕਦਾ ਹੈ ।

ਇਸ ਤਰ੍ਹਾਂ ਦੇ ਸੰਦੇਸ਼ਾਂ ਦਾ ਇਹ ਫ਼ਾਇਦਾ ਹੈ:-

Downloaded from https:// www.studiestoday.com

Downloaded from https:// www.studiestoday.com

1. ਤੁਸੀਂ ਇਸ ਨਾਲ ਬਹੁਤ ਲੋਕਾਂ ਤਕ ਪਹੁੰਚ ਸਕਦੇ ਹੋ । ਕੀ ਤੁਸੀਂ ਉਦਾਹਰਨ ਬਾਰੇ ਸੋਚ ਸਕਦੇ ਹੋ ? ਉਦਾਹਰਨ ਲਈ ਜੇਕਰ ਮੈਂ ਇੱਕ ਪੋਸਟਰ ਬਣਾਵਾਂ ਅਤੇ ਇਸਨੂੰ ਸਕੂਲ ਬੋਰਡ ਤੇ ਲਗਾ ਦੇਵਾਂ , ਬਹੁਤ ਸਾਰੇ ਲੋਕ ਮੇਰੇ ਬੋਰਡ ਨੂੰ ਵੇਖਣ ਦੇ ਯੋਗ ਹੋ ਜਾਣਗੇ । ਜੇਕਰ ਮੈਂ ਕੋਈ ਲੇਖ ਲੋਕਲ ਅਖਬਾਰ ਵਿੱਚ ਲਿਖਾਂ , ਮੇਰੇ ਪਿੰਡ ਦੇ ਸਾਰੇ ਲੋਕ , ਸ਼ਾਇਦ ਮਾਰੇ ਜ਼ਿਲ੍ਹੇ ਵਾਲੇ ਵੀ ਇਸ ਨੂੰ ਪੜ੍ਹਨ ਦੇ ਯੋਗ ਹੋਣਗੇ ਕਿ ਮੈਂ ਕੀ ਲਿਖਿਆ ਹੈ ? ਜੇਕਰ ਮੈਂ ਕੋਈ ਕਿਤਾਬ ਲਿਖਦਾ ਹਾਂ ਤਾਂ ਮੈਂ ਆਪਣੇ ਦੇਸ਼ ਜਾਂ ਸੰਸਾਰ ਦੇ ਲੋਕਾਂ ਤੱਕ ਪਹੁੰਚ ਸਕਦਾ ਹਾਂ ।

2. ਅੱਜਕਲ ਦੇ ਈ-ਮੇਲ ਦੇ ਸਮੇਂ ਵਿੱਚ ਜਿਸਨੂੰ ਬਹੁਤ ਅਸਾਨੀ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ ।

3. ਇਸ ਰਸਮੀ ਤੌਰ ਤੇ ਦਸਤਾਵੇਜ਼ ਹੁੰਦਾ ਹੈ । ਇਹ ਇੱਕ ਦਸਤਾਵੇਜ਼ ਹੋਣ ਕਾਰਣ ਲੋਕ ਲਿਖਣ ਤੋਂ ਪਹਿਲਾਂ ਇਹ ਸੋਚਣਗੇ ਕਿ ਉਹ ਕੀ ਲਿਖ ਰਹੇ ਹਨ, ਲਿਖਣ ਦੀ ਕਲਾ, ਗਲਤੀ ਰਹਿਤ ਹੋਣੀ ਚਾਹੀਦੀ ਹੈ ਤੇ ਵਧੀਆ ਸੋਚ ਕੇ ਲਿਖਣਾ ਚਾਹੀਦਾ ਹੈ ।

ਇੱਕ ਚੰਗੀ ਲਿਖਤ ਵਿਕਸਿਤ ਕਰਨ ਲਈ ਸਾਨੂੰ ਹੇਠ ਲਿਖਿਆਂ ਬਾਰੇ ਸੁਚੇਤ ਹੋਣ ਦੀ ਲੋੜ ਹੈ ।

1. ਭਾਸ਼ਾ ਅਤੇ ਸ਼ਬਦਾਵਲੀ ਬਹੁਤ ਹੀ ਉਚਿਤ ਅਤੇ ਠੀਕ ਹੋਵੇ ।

2. ਇੱਕ ਵਾਰ ਲਿਖਿਆ ਸੰਭਵ ਨਹੀਂ ਕਿ ਵਾਪਿਸ ਲਇਆ ਜਾਵੇ ਕਿਉਂਕਿ ਇਹ ਇੱਕ ਦਸਤਾਵੇਜ਼ ਹੈ ।

3. ਭਾਵਨਾ ਭਰਪੂਰ ਵਿਸ਼ਾ ਵਸਤੂ ਨੂੰ ਚੰਗਾ ਹੋਵੇ , ਲਿਖਿਤ ਰੂਪ ਵਿੱਚ ਨਾ ਦੱਸਿਆ ਜਾਵੇ ।

4. ਇਹ ਮੁੱਖ ਤੌਰ ਤੇ ਔਪਚਾਰਿਕ ਗੱਲਬਾਤ ਵਿੱਚ ਵਰਤੀ ਜਾਂਦੀ ਹੈ ।

5. ਇਹ ਮੁੱਖ ਤੌਰ ਤੇ ਘਟਨਾਵਾਂ ਦੇ ਦਸਤਾਵੇਜ਼ ਤਿਆਰ ਕਰਨ ਰੱਖਣ ਲਈ ਵਰਤੀ ਜਾਂਦੀ ਹੈ ।

ਭੇਜਣ ਵਾਲਾ ਅਤੇ ਪ੍ਰਾਪਤ ਕਰਨ ਵਾਲਾ



ਸੰਦੇਸ਼ ਪਹੁੰਚਾਉਣ ਦੀ ਕਿਰਿਆ ਉਦੋਂ ਹੁੰਦਾ ਹੈ ਜਦੋਂ ਸੰਦੇਸ਼ ਭੇਜਣ ਵਾਲਾ ਬੋਲਦਾ ਹੈ ਤੇ ਸੰਦੇਸ਼ ਪ੍ਰਾਪਤ ਕਰਨ ਵਾਲਾ ਸੰਦੇਸ਼ ਠੀਕ ਤਰੀਕੇ ਨਾਲ ਸਮਝਦਾ ਹੈ ਕਿ ਸੰਦੇਸ਼ ਭੇਜਣ ਵਾਲਾ ਕੀ ਸਮਝਾਉਂਣਾ ਚਾਹੁੰਦਾ ਹੈ ।

ਜਦ ਤੱਕ ਸੰਦੇਸ਼ ਪ੍ਰਾਪਤ ਕਰਨ ਵਾਲਾ ਠੀਕ ਤਰੀਕੇ ਨਾਲ ਸਮਝ ਨਾ ਜਾਵੇ ਉਦੋਂ ਤੱਕ ਸੰਦੇਸ਼ ਅਧੂਰਾ ਰਹਿੰਦਾ ਹੈ ।

Downloaded from https:// www.studiestoday.com

Downloaded from https:// www.studiestoday.com

ਅਸੀਂ ਅਜਿਹਾ ਕੀ ਕਰ ਸਕਦੇ ਹਾਂ ਕਿ ਸੁਨੇਹਾ ਪ੍ਰਾਪਤ ਕਰਨ ਵਾਲਾ ਇਸ ਨੂੰ ਸਮਝ ਲਵੇ ?

ਇਥੇ ਬਹੁਤ ਅਜਿਹੀਆਂ ਚੀਜਾਂ ਹਨ ਜਿਸ ਦੁਆਰਾ ਅਸੀਂ ਨਿਸ਼ਚਿਤ ਕਰ ਸਕਾਂਗੇ ਕਿ ਆਪਸੀ ਤਾਲਮੇਲ/ਸੰਚਾਰ ਪੂਰਨ ਹੋ ਚੁੱਕਾ ਹੈ ।

1. ਸੁਨੇਹਾ ਇਵੇਂ ਦੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ ਕਿ ਸੁਨੇਹਾ ਪ੍ਰਾਪਤ ਕਰਨ ਵਾਲਾ ਇਸ ਨੂੰ ਆਸਾਨੀ ਨਾਲ ਸਮਝ ਸਕੇ । ਇਕ ਚੰਗਾ ਸੰਦੇਸ਼ਕ ਆਪਣੀ ਭਾਸ਼ਾ ਅਤੇ ਉਸ ਦਾ ਤਰੀਕਾ ਪ੍ਰਾਪਤ ਕਰਤਾ ਦੇ ਅਨੁਸਾਰ ਢਾਲ ਲੈਂਦਾ ਹੈ । ਉਦਾਹਰਨ ਦੇ ਤੌਰ ਤੇ ਜਦੋਂ ਕੋਈ ਵਿਦਿਆਰਥੀ ਆਪਣੇ ਪ੍ਰਿੰਸੀਪਲ, ਪਿਤਾ ਜਾਂ ਆਪਣੇ ਦੋਸਤਾਂ ਨਾਲ ਗੱਲ ਕਰਦਾ ਹੈ ਤਾਂ ਉਹ ਵੱਖਰੇ-ਵੱਖਰੇ ਸ਼ਬਦ ਅਤੇ ਤਰੀਕੇ ਵਰਤਦਾ ਹੈ ।

2. ਸੁਨੇਹਾ ਛੋਟਾ ਹੋਣਾ ਚਾਹੀਦਾ ਹੈ । ਛੋਟਾ ਮਤਲਬ ਇਸ ਵਿੱਚ ਜ਼ਰੂਰੀ ਗੱਲਾਂ ਹੀ ਹੋਣੀਆਂ ਚਾਹੀਦੀਆਂ ਹਨ । ਇਹ ਮਹੱਤਵਪੂਰਨ ਹੈ ਤਾਂ ਜੋ ਸੰਦੇਸ਼ ਪ੍ਰਾਪਤ ਕਰਨ ਵਾਲਾ ਉਲਝੇ ਨਾਂ ।

3. ਇਕ ਚੰਗਾ ਸੰਦੇਸ਼ਕ ਆਪਣਾ ਸੰਦੇਸ਼ ਦੂਜੇ ਦੇ ਸੰਦੇਸ਼ ਦੇ ਤਰੀਕੇ ਅਨੁਸਾਰ ਬਦਲ ਲੈਂਦਾ ਹੈ । ਉਦਾਹਰਨ ਦੇ ਤੌਰ ਤੇ ਜੇ ਸਿੱਧੇ ਤਰੀਕੇ ਨਾਲ ਸੰਦੇਸ਼ ਪ੍ਰਾਪਤ ਕਰਨ ਵਾਲੇ ਨਾਲ ਗੱਲ ਹੋਵੇ ਤਾਂ ਉਸਦੇ ਦੁਆਰਾ ਵਰਤੇ ਵੱਖਰੇ ਸ਼ਬਦ, ਵਾਕ, ਤਰੀਕਾ ਅਤੇ ਜਜਬਾਤ ਪਤਾ ਚਲਦੇ ਹਨ । ਅਗਰ ਉਹੀ ਸੰਦੇਸ਼ ਚਿੱਠੀ ਜਾਂ ਈਮੇਲ ਦੁਆਰਾ ਜਾਵੇਗਾ ਤਾਂ ਇਸ ਵਿੱਚ ਵੱਖਰੇ ਸ਼ਬਦ ਅਤੇ ਵਾਕ ਹੋਣਗੇ ।

4. ਸੰਦੇਸ਼ਕ ਨੂੰ ਸੰਦੇਸ਼ ਪ੍ਰਾਪਤ ਕਰਨ ਵਾਲੇ ਬਾਰੇ ਜਾਣਕਾਰੀ ਰੱਖਣੀ ਚਾਹੀਦੀ ਹੈ ਤਾਂ ਜੋ ਸੰਦੇਸ਼ ਸਹੀ ਤਰ੍ਹਾਂ ਸਮਝ ਆ ਸਕੇ । ਇਸ ਵਾਸਤੇ ਸੰਦੇਸ਼ਕ ਨੂੰ ਸੰਦੇਸ਼ ਪ੍ਰਾਪਤ ਕਰਨ ਵਾਲੇ ਨੂੰ ਪੁੱਛਣਾ ਪਵੇਗਾ ਕਿ ਉਸ ਨੂੰ ਸਮਝ ਆ ਰਹੀ ਹੋ । ਜਿਆਦਾਤਰ ਲੋਕ ਸੰਦੇਸ਼ ਭੇਜ ਦਿੰਦੇ ਹਨ ਪਰ ਪਤਾ ਨਹੀਂ ਕਰਦੇ ਕਿ ਅਗਲੇ ਨੇ ਪ੍ਰਪਾਤ ਕੀਤਾ ਹੈ ਜਾਂ ਨਹੀਂ ।

ਉਹ ਨੰ 1 ਲਾਇਨ ਕੰਮ ਕਰਦੇ ਹਨ ਪਰ ਨੰ 2 ਲਾਇਨ ਵਾਲਾ ਕੰਮ ਨਹੀਂ ਕਰਦੇ ।

ਯਾਦ ਰੱਖਣਯੋਗ ਗੱਲਾਂ

Communicaton: ਆਪਣੇ ਵਿਚਾਰ ਦੂਜੇ ਅੱਗੇ ਪ੍ਰਗਟ ਕਰਨੇ ਜਾਂ ਉਸ ਤੱਕ ਪਹੁੰਚਾਣੇ ।
Listening: ਕਿਸੇ ਨੂੰ ਸੁਨਣਾ, ਸਮਝਨਾ ।
Pronuciation: ਕਿਵੇਂ ਸਬਦਾਂ ਦਾ ਉਚਾਰਨ ਕਰਨਾ ਚਾਹੀਦਾ ਹੈ ।
Vocabulary: ਸ਼ਬਦਾ ਦਾ ਸਮੂਹ ।
Conversation: ਦੋ ਵਿਅਕਤੀਆਂ ਵਿੱਚ ਗੱਲਬਾਤ ।
Sender: ਜਿਹੜਾ ਸੰਦੇਸ਼ ਭੇਜਦਾ ਹੈ ।
Receiver: ਜੋ ਸੰਦੇਸ਼ ਪ੍ਰਾਪਤ ਕਰਦਾ ਹੈ ।
Gestures: ਸਰੀਰ ਦੇ ਪੋਜ਼
Tone: ਅਵਾਜ਼ ਜਿਸ ਵਿੱਚ ਤੁਸੀ ਗੱਲਬਾਤ ਕਰਦੇ ਹੋ ।

Downloaded from https:// www.studiestoday.com

Downloaded from https:// www.studiestoday.com

ਅਭਿਆਸ

1. ਹੇਠ ਲਿਖੇ ਡੱਬਿਆਂ ਵਿੱਚ ਸਹੀ ਸ਼ਬਦ ਚੁਣ ਕੇ ਭਰੋ ।



2. ਸੰਚਾਰ ਸਾਧਨਾਂ ਦੇ ਤੱਤਾਂ ਦੇ ਚਾਰਟ ਬਣਾਓ ।

ਮੁਲਾਂਕਣ

1. ਕਾਲਮ ਅ ਅਤੇ ਕਾਲਮ ਭ ਮਿਲਾਓ ।

A	B
1. ਇੱਕ ਤਰਫ਼ਾ ਸੰਚਾਰ	ਪੋਸਟਰ
2. ਦੋ ਤਰਫ਼ਾ ਸੰਚਾਰ	ਈ - ਮੇਲ
3. ਵਰਬਲ ਸੰਚਾਰ	ਲੈਕਚਰ
4. ਨਾਨ - ਵਰਬਲ ਸੰਚਾਰ	ਵਾਰਤਾਲਾਪ ਰਾਹੀਂ ਲੈਕਚਰ ਦੀ ਪਾਲਣਾ ਕਰਨੀ
5. ਲਿਖਤੀ ਸੰਚਾਰ	ਟੈਲੀਫੋਨ 'ਤੇ ਗੱਲ ਕਰਨਾ
6. ਵਿਜੂਅਲ ਸੰਚਾਰ	ਹਾਵ - ਭਾਵ

Downloaded from https:// www.studiestoday.com

Downloaded from https:// www.studiestoday.com

2. ਹੇਠ ਲਿਖਿਆਂ ਦੇ ਘੱਟੋ-ਘੱਟ ਦੋ-ਦੋ ਉਦਾਹਰਣਾਂ ਦਿਓ :

a) ਸੰਚਾਰ ਦਾ ਚੈਨਲ

b) ਵਿਜੂਅਲ ਸੰਚਾਰ

c) ਮੂੰਹ - ਜੁਬਾਨੀ ਸੰਚਾਰ

d) ਲਿਖਤੀ ਸੰਚਾਰ

e) ਨਾਨ - ਵਰਬਲ ਸੰਚਾਰ

1. ਖਾਲੀ ਥਾਵਾਂ ਭਰੋ

a) ਚਾਰ ਤਰ੍ਹਾਂ ਦੇ ਸੰਚਾਰ ਹਨ ਪੜ੍ਹਨ,_____, _____ ਅਤੇ_____

b) ਸੁਨਣਾ ਤੁਹਾਡੇ ਲਈਂ ਉਨਾਂ ਹੀ _____ਜਿੰਨੀ ਇਹ ਤੁਹਾਡੇ ਕੰਨਾਂ ਵਾਸਤੇ ।

c) _____ % ਸਾਡਾ ਰੋਜ਼ਾਨਾ ਸੰਚਾਰ ਸੁਣਨ ਨਾਲ ਹੈ ।

d) ਸੰਚਾਰ ਭੇਜਣ ਵਾਲੇ ਅਤ_____ ਵਿਚਕਾਰ ਹੁੰਦਾ ਹੈ ।

e) ਲਿਖਤੀ ਸੰਚਾਰ ਲਈ ਤੁਹਾਨੂੰ ਪੈੱਨ / ਪੈਨਸਿਲ ਅਤੇ_____ ਦੀ ਜਰੂਰਤ ਹੁੰਦੀ ਹੈ ।

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਹੇਠ ਲਿਖੀ ਚੈਕਲਿਸਟ ਦੇਖੋ ਅਤੇ ਧਿਆਨ ਦੇਵੋ ਕੀ ਤੁਸੀਂ ਸਾਰੀਆਂ ਮੁਲਾਂਕਣ ਲਈ ਜ਼ਰੂਰਤਾਂ ਪੂਰੀਆਂ ਕਰਦੇ ਹੋ ।

ਭਾਗ- A

ਅੰਤਰ ਦੱਸੋ :-

a) ਵਰਬਲ ਅਤੇ ਨਾਨ - ਵਰਬਲ
b) ਮੂੰਹ ਜੁਬਾਨੀ ਅਤੇ ਲਿਖਤੀ ਸੰਚਾਰ
c) ਵਿਚਾਰ (Idea)ਅਤੇ ਸੁਨੇਹਾ
d) ਅਸਲੀਅਤ ਅਤੇ ਸੁਨੇਹਾ

ਭਾਗ- B

ਹੇਠ ਲਿਖਿਆ ਦੀ ਕਲਾਸ ਵਿੱਚ ਚਰਚਾ ਕਰੋ:-

1. ਇੱਕ ਅਧਿਆਪਕ ਨੂੰ ਕਿਉਂ ਇੱਕ ਅਸਰਦਾਰ ਸੰਚਾਰ ਹੋਣਾ ਚਾਹੀਦਾ ਹੈ ?
2. ਸਾਨੂੰ ਇੱਕ ਸਮੇਂ ਥੋੜ੍ਹਾ ਸੰਚਾਰ ਕਿਉਂ ਕਰਨਾ ਚਾਹੀਦਾ ਹੈ ?
3. ਇੱਕ ਅਸਰਦਾਰ ਸੰਚਾਰ ਲਈ ਮੂਲ ਸਿਧਾਂਤ ਕੀ ਹਨ ?

ਭਾਗ- C

ਪ੍ਰਦਰਸ਼ਨ ਦਾ ਮਿਆਰ ਸ਼ਾਮਿਲ ਹੈ ਪਰ ਸੀਮਿਤ ਨਹੀਂ

ਕਾਰਗੁਜ਼ਾਰੀ ਦਾ ਮਿਆਰ	**ਹਾਂ**	**ਨਹੀਂ**
1. ਸੂਚਨਾਂ ਦੇ ਤੱਤਾਂ ਨੂੰ ਪਹਿਚਾਨਣਾ ।		
2. ਪ੍ਰਭਾਵਿਤ ਸੁਨਣ ਦੀ ਯੋਗਤਾ ਦਾ ਪ੍ਰਸਰਸ਼ਨ ਕਰਨਾ ।		
3. ਪ੍ਰਭਾਵਿਤ ਲਿਖਣ ਦੀ ਯੋਗਤਾ ਦਾ ਪ੍ਰਸਰਸ਼ਨ ਕਰਨਾ ।		
4. ਪ੍ਰਭਾਵਿਤ ਪੜ੍ਹਨ ਦੀ ਯੋਗਤਾ ਦਾ ਪ੍ਰਦਰਸ਼ਨ ਕਰਨਾ ।		
5. ਪ੍ਰਭਾਵਿਤ ਬੋਲਣ ਦੀ ਯੋਗਤਾ ਦਾ ਪ੍ਰਦਰਸ਼ਨ ਕਰਨਾ ।		
6. ਵੱਖ–ਵੱਖ ਸੂਚਨਾ ਦੇ ਸਾਧਨਾਂ ਨੂੰ ਪਹਿਚਾਨਣਾ ।		

Downloaded from https:// www.studiestoday.com

Downloaded from https:// www.studiestoday.com

ਸ਼ੈਸ਼ਨ 4 : ਕਿਸੇ ਘਟਨਾ ਨੂੰ ਯੋਜਨਾ ਬੱਧ ਕਰਨ ਦੀ ਵਿਆਖਿਆ

ਜਾਣ - ਪਛਾਣ

ਯੋਜਨਾ ਕੀ ਹੈ ?

ਸਾਧਾਰਨ ਸ਼ਬਦਾਂ ਵਿੱਚ ਯੋਜਨਾ ਇੱਕ ਕਿਰਿਆਵਾਂ ਦੀ ਲਿਸਟ ਹੈ ਜਿਸ ਨੂੰ ਸਮੇਂ ਸਿਰ ਪੂਰਾ ਕਰਨਾ ਹੁੰਦਾ ਹੈ ।

1. ਮੈਂ ਕੱਲ੍ਹ ਨੂੰ ਕੀ ਕਰਾਂਗਾ ?
2. ਮੈਂ ਸਵੇਰੇ 5:30 ਵਜੇ ਉਠਾਂਗਾ ।
3. ਸਕੂਲ 7:30 ਵਜੇ ਜਾਵਾਂਗਾ ।
4. 1:30 ਵਜੇ ਸਕੂਲ ਤੋਂ ਛੁੱਟੀ ਹੋ ਜਾਂਦੀ ਹੈ ।
5. ਮੈਂ ਦੁਪਿਹਰ ਦਾ ਖਾਣਾ ਖਾਣ ਤੋਂ ਬਾਅਦ ਰੁਚੀਰ ਨੂੰ ਮਿਲਣ ਜਾਵਾਂਗਾ ।
6. ਸ਼ਾਮ 4 ਵਜੇ ਤੋਂ 6 ਵਜੇ ਤੱਕ ਕ੍ਰਿਕੇਟ ਖੇਡਾਂਗਾ ।
7. ਸ਼ਾਮ ਨੂੰ 7 ਵਜੇ ਤੋਂ 9 ਵਜੇ ਤੱਕ ਪੜ੍ਹਾਂਗਾ ।
8. ਰਾਤ ਨੂੰ 10:30 ਵਜੇ ਸੋ ਜਾਵਾਂਗਾ ।

ਸਮਾਂ ਯੋਜਨਾਬੰਦੀ ਲਈ ਬਹੁਤ ਜ਼ਰੂਰੀ ਹੈ ।

ਇਹ ਇੱਕ ਵਿਦਿਆਰਥੀ ਲਈ ਸਾਧਾਰਨ ਯੋਜਨਾ (ਪਲਾਨ) ਹੈ ਜਿਸ ਨਾਲ ਕਿ ਸਾਰਾ ਦਿਨ ਵਿਦਿਆਰਥੀ ਕੰਮ ਵਿੱਚ ਲੱਗਾ ਰਹਿੰਦਾ ਹੈ ।

ਕੀ ਤੁਸੀਂ ਛੁੱਟੀ ਵਾਲੇ ਦਿਨ ਜਿਵੇਂ ਐਤਵਾਰ ਹੁੰਦਾ ਹੈ ਉਸ ਦਿਨ ਦੀ ਯੋਜਨਾ ਬਾਰੇ ਸੋਚੋਗੇ ।

ਯੋਜਨਾ ਤੋਂ ਅਸੀਂ ਸੋਚਾਂਗੇ ਕਿ ਕੱਲ੍ਹ ਅਸੀਂ ਕੀ ਕਰਾਂਗੇ, ਪੇਪਰਾਂ ਲਈ ਕਿਸ ਤਰ੍ਹਾਂ ਪੜ੍ਹਾਈ ਕਰਨੀ ਹੈ।ਅਸੀਂ ਲਗਾਤਾਰ ਯੋਜਨਾ ਬਣਾਵਾਂਗੇ ਕਿ ਕੀ ਅਸੀਂ ਪ੍ਰੀਖਿਆ ਲਈ ਜਾਗਰੂਕ ਹਾਂ ਕਿ ਨਹੀਂ ।

ਰੋਜ਼ਾਨਾ ਦੀ ਸਾਧਾਰਨ ਯੋਜਨਾ ਜੋ ਕਿ ਸਾਡੇ ਨਾਲ ਸੰਬੰਧਿਤ ਹੈ, ਕੀ ਅਸੀਂ ਇਸ ਤੋਂ ਇਲਾਵਾ ਦੂਜਿਆਂ ਬਾਰੇ ਵੀ ਸੋਚ ਸਕਦੇ ਹਾਂ ਤਾਂ ਜੋ ਅਸੀਂ ਆਪਣਾ ਟੀਚਾ ਪੂਰਾ ਕਰ ਸਕੀਏ ।

ਸਵੇਰ ਦੀ ਸਭਾ ਜਾਂ ਬਾਲ ਦਿਵਸ ਮਨਾਉਣ ਸੰਬੰਧੀ ਜਾਂ ਖੇਡ ਦਿਵਸ ਮਨਾਉਣ ਸੰਬੰਧੀ ਯੋਜਨਾ ਕਿਵੇਂ ਬਣਾਈਏ ?

Downloaded from https:// www.studiestoday.com

Downloaded from https:// www.studiestoday.com

ਤੁਸੀਂ ਕਿਉਂ ਸੋਚਦੇ ਹੋ ਕਿ ਯੋਜਨਾ ਸਾਡੇ ਲਈ ਜਰੂਰੀ ਹੈ ਜਾਂ ਯੋਜਨਾ ਸਾਡੀ ਕਿਵੇ ਸਹਾਇਤਾ ਕਰਦੀ ਹੈ ?

ਫੀਲਡ ਟ੍ਰਿਪ ਲੈ ਕੇ ਜਾਣ ਦੀ ਯੋਜਨਾ ਬਣਾਓ ਕਿ ਅਸੀਂ ਇਹ ਟ੍ਰਿਪ 'ਤੇ ਬੱਚਿਆਂ ਨੂੰ ਕਿਵੇਂ ਲੈ ਕੇ ਜਾਣਾ ਹੈ ?

1. ਮਿਤੀ ਤੇ ਸਥਾਨ ਜਿੱਥੇ ਬੱਚੇ ਲੈ ਕੇ ਜਾਣੇ ਹਨ ਨਿਸ਼ਚਿਤ ਕਰੋ ।
2. ਪ੍ਰਿੰਸੀਪਲ ਨੂੰ ਜਾਣ ਦੀ ਮਿਤੀ, ਸਥਾਨ, ਸਮਾਂ ਦੱਸਣਾ ਤੇ ਮਾਪਿਆਂ ਨੂੰ ਵੀ ਇਸ ਸੰਬੰਧ ਵਿੱਚ ਦੱਸਣਾ ।
3. ਵਿਦਿਆਰਥੀਆਂ ਨੂੰ ਵੀ ਦੱਸਣਾ ।
4. ਜੋ ਵਸਤਾਂ ਲੈ ਕੇ ਜਾਣੀਆਂ ਹਨ ਉਸ ਸੰਬੰਧ ਵਿੱਚ ਵਿਦਿਆਰਥੀਆਂ ਨੂੰ ਦੱਸਣਾ ਜਿਵੇਂ ਕਿ ਪਾਣੀ ਦੀ ਬੋਤਲ, ਡਰੈਸ (ਸਾਰੇ ਵਿਦਿਆਰਥੀ ਸਪੋਰਟਸ ਯੂਨੀਫ਼ਾਰਮ ਵਿਚ ਜਾਣਗੇ) ਅਤੇ ਸਾਰੇ ਵਿਦਿਆਰਥੀ ਸਨਾਖਤੀ ਕਾਰਡ ਵੀ ਲੈ ਕੇ ਜਾਣਗੇ ।
5. ਬੱਸ ਆਦਿ 'ਤੇ ਜਾਣ ਦਾ ਇੰਤਜ਼ਾਮ ਕਰਨਾ ।
6. ਜਿਸ ਸਥਾਨ 'ਤੇ ਜਾਣਾ ਹੈ ਉਸਦੇ ਮੁੱਖੀ ਤੋਂ ਵਿਦਿਆਰਥੀਆਂ ਨੂੰ ਲੈ ਕੇ ਆਉਣ ਦੀ ਆਗਿਆ ਲੈਣੀ ਜਿਵੇਂ ਕਿ ਸਟੇਡੀਅਮ ।
7. ਸਟੇਡੀਅਮ ਤੇ ਜਾ ਕੇ ਕੀ ਕਰਨਾ ਹੈ ? ਉਸ ਸੰਬੰਧ ਵਿੱਚ ਸੰਬੰਧਤ ਅਥਾਰਿਟੀ ਨਾਲ ਗੱਲ ਕਰਨੀ ਕੀ ਅਸੀਂ ਉੱਥੇ ਜਾ ਕੇ ਕੀ ਕਰਾਂਗੇ ।
8. ਦੁਪਿਹਰ ਦੇ ਖਾਣੇ ਤੇ ਸਨੈਕਸ ਬਾਰੇ ਵਿਚਾਰ ਕਰਨਾ ।
9. ਪੈਸੇ ਲੈ ਕੇ ਜਾਣਾ ।
10. ਮੌਸਮ ਅਨੁਸਾਰ ਸਮਾਨ ਲੈ ਕੇ ਜਾਣਾ ।
11. ਵਾਪਸੀ ਆਉਣ ਦਾ ਸਮਾਂ ।
12. ਸਾਰਿਆਂ ਨੂੰ ਉਸ ਯੋਜਨਾ ਸੰਬੰਧੀ ਦੱਸਣਾ ।

ਵਿਸਥਾਰ ਪੂਰਵਕ ਯੋਜਨਾ ਤਿਆਰ ਕਰਕੇ ਇਸ ਵਿੱਚ ਸਫਲਤਾ ਪਾਉਣਾ ।ਜੇਕਰ ਤੁਸੀਂ ਯੋਜਨਾ ਨਹੀਂ ਬਣਾਓਗੇ ਤਾਂ ਕੀ ਹੋਵੇਗਾ ?

ਕੀ ਤੁਸੀਂ ਉਮੀਦ ਕਰ ਸਕਦੇ ਹੋ ਕਿ ਇਸ ਯੋਜਨਾ ਦੇ ਕੀ ਫਾਇਦੇ ਹਨ ? ਜਾਂ ਅਸੀਂ ਇਸ ਯੋਜਨਾ ਨਾਲ ਕੀ ਪ੍ਰਾਪਤ ਕਰਨ ਜਾ ਰਹੇ ਹਾਂ ?

ਥੱਲੇ ਯੋਜਨਾ ਦੇ ਫਾਇਦਿਆਂ ਦੀ ਸੂਚੀ ਬਣਾਈ ਗਈ ਹੈ ।

1. ਯੋਜਨਾ ਇੱਕ ਕਸਰਤ ਹੈ ਜੋ ਤੁਹਾਨੂੰ ਸੋਚਣ ਤੇ ਮਜਬੂਰ ਕਰ ਦਿੰਦੀ ਹੈ ਕਿ ਅਸੀਂ ਸਾਰਿਆਂ ਕੰਮਾਂ ਨੂੰ ਕਿਵੇਂ ਤਿਆਰ ਕਰੀਏ ?

Downloaded from https:// www.studiestoday.com

Downloaded from https:// www.studiestoday.com

2. ਯੋਜਨਾ ਇੱਕ ਪਹਿਲਾ ਕਦਮ ਹੈ ਜਿਸ ਨਾਲ ਕਿ ਈਵੈਂਟ ਨੂੰ ਕਿਵੇਂ ਤਿਆਰ ਕਰਨਾ ਹੈ ।
3. ਯੋਜਨਾ ਨਾਲ ਹਰ ਆਇਟਮ ਬਾਰੇ ਡਿਟੇਲ ਵਿੱਚ ਸੋਚਿਆ ਜਾਂਦਾ ਹੈ ਤੇ ਟੀਮ ਨੂੰ ਕੰਮ ਕਰਨਾ ਆਸਾਨ ਹੋ ਜਾਂਦਾ ਹੈ ।
4. ਯੋਜਨਾ ਬਣਾਉਣ ਨਾਲ ਸਾਡੇ ਅੰਦਰ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਤੇ ਕੰਮ ਸਫਲਤਾ ਪੂਰਵਕ ਨੇਪਰੇ ਚਾੜਿਆ ਜਾਂਦਾ ਹੈ ।
5. ਯੋਜਨਾ ਵਿਸ਼ਵਾਸ ਦਿਲਾਂਦੀ ਹੈ ਕਿ ਅਸੀਂ ਹਰ ਘਟਨਾਂ ਤੋਂ ਸਿੱਖਾਂਗੇ ਅਤੇ ਸੁਧਾਰ ਕਰਾਂਗੇ । ਯੋਜਨਾ ਦਾ ਮਤਲਬ ਲਿਖਤੀ ਘਟਨਾਵਾ ਦਾ ਵਿਸਥਾਰ ਅਸੀਂ ਮਿਲਾ ਸਕਦੇ ਹਾਂ ਅਸਲੀ ਸੰਪਾਦਨ ਨੂੰ ਯੋਜਨਾ ਨਾਲ ।
6. ਯੋਜਨਾ ਸਾਨੂੰ ਚੈਕਲਿਸਟ ਬਣਾਉਣ ਦੇ ਮਜਬੂਰ ਕਰ ਦਿੰਦੀ ਹੈ ।
7. ਯੋਜਨਾ ਬਣਾ ਕੇ ਅਸੀਂ ਸਾਰੇ ਨੂੰ ਭਾਗਾਂ ਵਿੱਚ ਵੰਡ ਦਿੰਦੇ ਹਾਂ ਤਾਂ ਜੋ ਅਸਾਨੀ ਨਾਲ ਕੰਮ ਦਾ ਨਿਪਟਾਰਾ ਹੋ ਸਕੇ ।
8. ਯੋਜਨਾ ਬਣਾਉਣ ਨਾਲ ਕੋਈ ਵੀ ਕੰਮ ਦੁਹਰਾਇਆ ਨਹੀਂ ਜਾਏਗਾ ਭਾਵੇਂ ਕੋਈ ਦੂਜੀ ਟੀਮ ਦਾ ਮੈਂਬਰ ਆ ਕੇ ਕੰਮ ਕਰ ਲਵੇ ।

ਉਦਾਹਰਣ:- ਖੇਡ ਦਿਵਸ :-

ਕੀ ਤੁਸੀਂ ਸੋਚ ਸਕਦੇ ਹੋ ਕਿ ਖੇਡ ਦਿਵਸ ਵਰਗਾ ਦਿਨ ਬਿਨ੍ਹਾਂ ਯੋਜਨਾ ਤੋਂ ਮਨਾਇਆ ਜਾ ਸਕਦਾ ਹੈ ?

ਕੀ ਤੁਸੀਂ ਯੋਜਨਾ ਬਣਾ ਕੇ ਤੇ ਬਿਨ੍ਹਾਂ ਯੋਜਨਾ ਤੋਂ ਖੇਡ ਦਿਵਸ ਮਨਾਉਣ ਵਿੱਚ ਅੰਤਰ ਦੱਸ ਸਕਦੇ ਹੋ ?

ਸਰੀਰਕ ਕਿਰਿਆ ਕਰਨ ਵਾਸਤੇ ਇੱਕ ਟ੍ਰੇਨਰ ਦੀ ਯੋਜਨਾ ਬਣਾਉਣੀ ਬਹੁਤ ਜਰੂਰੀ ਹੈ ।

ਅਧਿਆਪਕ ਦੇ ਤੌਰ ਤੇ ਤੁਹਾਨੂੰ ਹੇਠ ਲਿਖੇ ਅਨੁਸਾਰ ਯੋਜਨਾ ਬਣਾਉਣੀ ਹੋਵੇਗੀ :=

1. ਪਾਠ ਯੋਜਨਾ
2. ਮਾਪੇ ਮਿਲਣੀ
3. ਖੇਡ ਦਿਵਸ
4. ਬਾਲ ਦਿਵਸ
5. ਅਧਿਆਪਕ ਦਿਵਸ
6. ਮੁਲਾਂਕਣ

Downloaded from https:// www.studiestoday.com

Downloaded from https:// www.studiestoday.com

ਤੁਹਾਨੂੰ ਯੋਜਨਾ ਬਣਾਉਣੀ ਪਵੇਗੀ ਜੇਕਰ ਤੁਸੀਂ ਯੋਜਨਾ ਨਹੀਂ ਬਣਾਓਗੇ ਤਾਂ ਤੁਸੀਂ ਸਫਲ ਨਹੀਂ ਹੋ ਸਕਦੇ ।

ਯੋਜਨਾ ਕੀ ਹੈ ?

- ਕੀ ਕੰਮ ਕਰਨਾ ਹੈ ?
- ਕਿੰਨੇ ਵਿਅਕਤੀਆਂ ਦੀ ਇਸ ਕੰਮ ਵਿੱਚ ਲੋੜ ਹੈ ?
- ਇਸ ਕੰਮ ਵਿੱਚ ਕਿਹੜੇ ਸਮਾਨ ਦੀ ਲੋੜ ਹੈ ?
- ਸਮਾਂ, ਕਿ ਕੰਮ ਕਿੰਨੀ ਦੇਰ ਵਿੱਚ ਖਤਮ ਹੋਵੇਗਾ ? ਕੌਣ ਕੀ ਕਰੇਗਾ
- ਚੈੱਕ - ਲਿਸਟ
- ਸ਼ੁਰੂ ਤੇ ਖਤਮ ਹੋਣ ਦਾ ਸਮਾਂ

ਆਓ ਨੌਵੀਂ ਤੇ ਦਸਵੀਂ ਜਮਾਤ ਦੇ ਫੁੱਟਬਾਲ ਮੈਚ ਕਰਾਉਣ ਦੀ ਯੋਜਨਾ ਬਣਾਈਏ ।

ਆਓ ਯੋਜਨਾ ਬਣਾਈਏ ਕਿ ਕੌਣ ਕੀ ਕਰੇਗਾ ?

1. ਮੈਚ ਕਦੋਂ ਹੋਵੇਗਾ ?
2. ਦੋਵੇਂ ਟੀਮਾਂ ਦੇ ਖਿਡਾਰੀ ਕਿਹੜੇ - ਕਿਹੜੇ ਹੋਣਗੇ ?
3. ਗਰਾਊਂਡ ਕਿੱਥੇ ਹੈ ?
4. ਗਰਾਊਂਡ ਮਾਰਚ ਕੌਣ ਕਰੇਗਾ ?
5. ਕੌਣ ਦੱਸੇਗਾ ਕਿ ਪਾਣੀ ਦਾ ਇੰਤਜ਼ਾਮ, ਡਸਟਬਿਨ, ਸ਼ਾਮਿਆਨਾ ਕੁਰਸੀਆਂ ਆਦਿ ਦਾ ਗਰਾਊਂਡ ਵਿੱਚ ਇੰਤਜ਼ਾਮ ਹੋ ਚੁੱਕਾ ਹੈ ?
6. ਰੈਫ਼ਰੀ ਕੌਣ ਹੋਣਗੇ, ਟੇਬਲ ਆਫੀਸੀਅਲ ਤੇ ਸਕਾਊਂਟ ਕੌਣ ਹੋਣਗੇ ?
7. ਮੈਚ ਦਾ ਫਾਰਮੈਟ ਕੀ ਹੋਵੇਗਾ ?
8. ਮੈਚ ਸੰਬੰਧੀ ਨਿਯਮ ਕੀ ਹੋਣਗੇ ਤੇ ਉਨ੍ਹਾਂ ਨੂੰ ਦੱਸਣ ਦਾ ਠੀਕ ਸਮਾਂ ਕੀ ਹੋਵੇਗਾ ?
9. ਮੁੱਖ ਮਹਿਮਾਨ ਕੌਣ ਹੋਵੇਗਾ ?
10. ਕੀ ਬਾਹਰਲੇ ਲੋਕਾਂ ਨੂੰ ਬੁਲਾਉਣਾ ਹੈ ਜੇਕਰ ਹਾਂ ਤਾਂ ਲਿਸਟ ਬਣਾਓ ਤੇ ਸੱਦਾ ਪੱਤਰ ਭੇਜੋ ?
11. ਕੀ ਟੀਮਾਂ ਨੂੰ ਪ੍ਰੈਕਟਿਸ ਕਰਨ ਦਾ ਟਾਈਮ ਦੇਣਾ ਚਾਹੀਦਾ ਹੈ ?
12. ਕੀ ਟੀਮਾਂ ਦੀਆਂ ਵਰਦੀਆਂ (ਡਰੈਸ ਕੋਡ) ਹੋਣੀਆਂ ਚਾਹੀਦੀਆਂ ਹਨ ?

ਤੁਸੀਂ ਦੇਖਦੇ ਹੋ ਕਿ ਯੋਜਨਾ ਬਣਾਉਣ ਵਿੱਚ ਸਮਝਦਾਰੀ ਦੀ ਲੋੜ ਹੁੰਦੀ ਹੈ ਤੇ ਯੋਜਨਾਬੰਦੀ ਨਾਲ ਕੰਮ ਸਫਲਤਾ ਪੂਰਵਕ ਨਿਬੜ ਜਾਂਦਾ ਹੈ ।

Downloaded from https:// www.studiestoday.com

Downloaded from https:// www.studiestoday.com

ਯਾਦ ਰੱਖਣਯੋਗ ਗੱਲਾਂ

Goal Setting: ਬਿਲਕੁਲ ਸਪਸ਼ਟ ਹੋਣਾ ਕਿ ਇਸ ਦਾ ਕੀ ਨਤੀਜਾ ਨਿਕਲੇਗਾ ।

Planning: ਸੋਚਣਾ ਅਤੇ ਸਾਰੇ ਕੰਮ ਪੂਰੇ ਕਰਨੇ ਗੋਲ ਤੱਕ ਪਹੁੰਚਣ ਲਈ ।

Chacklist: ਇਕ ਲਿਸਟ ਜੋ ਤੁਹਾਨੂੰ ਸਾਰਾ ਕੁਝ ਯਾਦ ਕਰਾਉਂਦੀ ਹੈ ਕਿ ਸਫਲ ਹੋਣ ਲਈ ਕਿਹੜੀਆਂ ਚੀਜ਼ਾਂ ਦੀ ਲੋੜ ਹੈ ।

ਅਭਿਆਸ

1. ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਲਈ ਖੇਡ ਦਿਵਸ ਸੰਬੰਧੀ ਯੋਜਨਾ ਬਣਾਓ । ਇਸ ਯੋਜਨਾ ਨੂੰ ਵਿਦਿਆਰਥੀਆਂ ਦੇ ਪੋਰਟਫੋਲੀਓ ਦਾ ਹਿੱਸਾ ਬਣਾਓ ।
2. ਤੁਹਾਡੇ ਵੋਕੇਸ਼ਨਲ ਕੋਰਸ ਕਰਨ ਦੇ ਕਿਹੜੇ-2 ਟੀਚੇ ਹਨ ? ਦਾ ਚਾਰਟ ਬਣਾਓ ।

ਮੁਲਾਂਕਣ

1. ਯੋਜਨਾ ਵਿੱਚ ਟੀਚਿਆਂ ਦਾ ਕੀ ਮਹੱਤਵ ਹੈ ?

.....

.....

.....

.....

.....

.....

.....

.....

Downloaded from https:// www.studiestoday.com

Downloaded from https:// www.studiestoday.com

ਮੁਲਾਂਕਣ ਕਿਰਿਆ ਲਈ ਚੈਕਲਿਸਟ

ਭਾਗ A

ਅੰਤਰ ਪਤਾ ਕਰੋ:-

1. ਕ੍ਰਿਆ ਕਰਨ ਦਾ ਵਿਵਸਥ ਅਤੇ ਅਵਿਵਸਥ ਢੰਗ
2. ਗੋਲ ਅਤੇ ਇੰਸਟ੍ਰਕਸ਼ਨਲ ਗੋਲ
3. ਸੁਨੇਹਾ (Knowledge) ਅਤੇ ਹਦਾਇਤ (advice)

ਭਾਗ B

ਹੇਠ ਲਿਖੇ ਦੀ ਕਲਾਸ ਵਿੱਚ ਚਰਚਾ ਕਰੋ:-

1. ਯੋਜਨਾ ਦੇ ਤੱਤ ਕਿਹੜੇ ਹਨ ?
2. ਪਾਠ ਯੋਜਨਾ ਕੀ ਹੈ ?

ਭਾਗ C

ਕਾਰਗੁਜਾਰੀ ਦਾ ਮਿਆਰ	ਹਾਂ	ਨਹੀ
ਬਾਲੀਬਾਲ ਮੁਕਾਬਲੇ ਦਾ ਪ੍ਰਬੰਧ ਕਰਨ ਲਈ ਬਣਾਈ ਯੋਜਨਾ ਦੇ ਗਿਆਨ ਦਾ ਪ੍ਰਦਰਸ਼ਨ		
ਸਕੂਲ ਵਿੱਚ ਖੇਡ ਦਿਵਸ ਦਾ ਪ੍ਰਬੰਧ ਕਰਨ ਲਈ ਬਣਾਈ ਯੋਜਨਾ ਦੇ ਗਿਆਨ ਦਾ ਪ੍ਰਦਰਸ਼ਨ		
ਕੰਮ ਕਰਨ ਦੀ ਯੋਜਨਾ ਦਾ ਪ੍ਰਬੰਧ, ਢੰਗ ਅਤੇ ਅਧਿਕਾਰੀਆਂ ਦੀਆਂ ਕਿਰਿਆਵਾਂ		
ਛੋਟੇ ਅਤੇ ਲੰਬੇ ਸਮੇਂ ਦੇ ਟੀਚੇ ਦਾ ਪ੍ਰਬੰਧ ਦੀ ਪਹਿਚਾਣ ਕਰਨੀ (ਕੰਮ, ਸਮਾਂ ਅਤੇ ਜਿੰਮੇਵਾਰੀਆਂ		
ਹਰ ਰੋਜ਼ ਦੀ ਵਿਅਕਤੀਗਤ ਸਿਹਤ ਅਭਿਆਸ ਦੀ ਕਿਰਿਆ ਯੋਜਨਾ ਦਾ ਵਿਕਾਸ		

Children Moving by George Graham, Shirley Ann Holt, Melissa Parker

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

ਸਰੀਰਕ ਸਿੱਖਿਆ ਅਤੇ ਖੇਡਾਂ

ਮਾਡਿਊਲ–6

ਸਪੋਰਟਸ ਈਵੈਂਟਸ ਦਾ ਪ੍ਰਬੰਧ ਕਰਨਾ

ਐੱਨ. ਐੱਸ. ਕਿਊ. ਐੱਫ. ਲੈਵਲ 2 – ਕਲਾਸ ਦਸਵੀਂ

ਵਿਦਿਆਰਥੀ ਕਾਰਜ ਪੁਸਤਕ

ਪੀ.ਐੱਸ.ਐੱਸ ਕੇਂਦਰੀ ਕਾਰਜ ਸਿੱਖਿਆ ਸੰਸਥਾ, ਐੱਨ. ਸੀ. ਈ. ਆਰ. ਟੀ, ਭੋਪਾਲ
PSS Central Institute of Vocational Education, NCERT, Bhopal

Downloaded from https:// www.studiestoday.com

Downloaded from https:// www.studiestoday.com

ਚੇਤਾਵਨੀ

ਪੀ.ਐੱਸ.ਐੱਸ. ਕੇਂਦਰੀ ਕਿੱਤਾ ਮੁਖੀ ਸੰਸਥਾ, 2014 ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ । ਕਾਪੀ ਰਾਈਟ ਐਕਟ ਅਧੀਨ ਅਧਿਕਾਰਤ ਮੰਤਵਾਂ ਤੋਂ ਇਲਾਵਾ, ਪੂਰਵ ਲਿਖਤੀ ਆਗਿਆ ਤੋਂ ਬਿਨਾਂ ਨਕਲ, ਰੂਪਾਂਤਰਣ, ਇਲੈਟ੍ਰੋਨਿਕ ਸੰਗ੍ਰਹਿਣ ਅਤੇ ਸੰਚਾਰਣ ਉਤੇ ਪੂਰੀ ਤਰ੍ਹਾਂ ਪਾਬੰਦੀ ਹੈ ।

Downloaded from https:// www.studiestoday.com

Downloaded from https:// www.studiestoday.com

ਵਿਸ਼ਾ- ਸੂਚੀ	
ਭੂਮਿਕਾ	320
ਖੇਤਰ ਬਾਰੇ	322
ਧੰਨਵਾਦ	324
ਤੁਹਾਡੀ ਕਾਰਜ ਪੁਸਤਕ ਬਾਰੇ	326
ਮਡਿਊਲ - 6 ਸਪੋਰਟਸ ਈਵੈਂਟ ਦਾ ਪ੍ਰਬੰਧ ਕਰਨਾ	327
ਸ਼ੈਸ਼ਨ– 1 : ਆਫੀਸ਼ਿਐਟਿੰਗ ਵਿੱਚ ਮੁਢਲੀ ਨਿਪੁੰਨਤਾ ਪੈਦਾ ਕਰਨੀ	329
ਸ਼ੈਸ਼ਨ– 2 : ਗਰਾਊਂਡ ਮੈਦਾਨ ਅਤੇ ਕੋਰਟ ਮਾਰਕਿੰਗ ਦੀ ਸਿੱਖਿਆ	353
ਸ਼ੈਸ਼ਨ –3 : ਸਪੋਰਟਸ ਸਹੂਲਤ ਅਤੇ ਸਮਾਨ ਦੀ ਸੰਭਾਲ ਦੀ ਸਿੱਖਿਆ	362
ਸ਼ੈਸ਼ਨ –4 : ਖੇਡ ਦਿਵਸ ਮਨਾਉਣ ਦੀ ਸਿੱਖਿਆ ਅਤੇ ਟੂਰਨਾਮੈਂਟ	368

Downloaded from https:// www.studiestoday.com

Downloaded from https:// www.studiestoday.com

ਭੂਮਿਕਾ

ਨੈਸ਼ਨਲ ਕਰੀਕੁਲਮ ਫਰੇਮਵਰਕ (NSQF) 2015 ਵਿਦਿਆਰਥੀਆਂ ਦੇ ਸਕੂਲੀ ਜੀਵਨ ਦੀ ਸਕੂਲ ਤੋਂ ਬਾਹਰ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਸਿੱਖਿਆ ਨਾਲ ਜੋੜਨ ਦੀ ਸਿਫਾਰਸ਼ ਕਰਦਾ ਹੈ । ਇਹ ਸਿਧਾਂਤ ਕਿਤਾਬੀ ਗਿਆਨ ਤੋਂ ਅਜਿਹੇ ਗਿਆਨ ਦੀ ਗੱਲ ਕਰਦਾ ਹੈ ਜਿਹੜੇ ਕਿ ਸਕੂਲ, ਘਰ, ਕਮਿਊਨਿਟੀ ਅਤੇ ਕੰਮ ਵਾਲੀ ਥਾਂ 'ਤੇ ਕਿਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

NSQF (National Skill Qualification Framwork) ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਤੇ ਖੇਡਾਂ ਦੇ ਲਈ ਇੱਕ ਅਜਿਹੀ ਅਭਿਆਸ ਪੁਸਤਿਕਾ ਦਿੰਦਾ ਹੈ ਜਿਹੜੀ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ (M H R D), ਭਾਰਤ ਸਰਕਾਰ (G O I) ਦੁਆਰਾ ਸਥਾਪਿਤ ਸਿਧਾਤਾਂ ਤੇ ਅਗਵਾਈ ਲੀਹਾਂ ਅਨੁਸਾਰ ਮਾਨਤਾ ਪ੍ਰਾਪਤ ਵਿਦਿਅਕ ਪ੍ਰੰਬੰਧ ਨੂੰ ਸਕੂਲਾਂ ਦੇ ਕਿੱਤਾ ਮਈ ਸਿੱਖਿਆ, ਟ੍ਰੇਨਿੰਗ ਸੰਸਥਾਵਾਂ, ਤਕਨੀਕੀ ਸਿੱਖਿਆ ਸੰਸਥਾਵਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਾਗੂ ਕਰਨ ਦੀ ਗੱਲ ਕਰਦਾ ਹੈ। N S Q F ਇੱਕ ਅਜਿਹੇ ਪਾਰਦਰਸ਼ੀ ਯੋਗਤਾਵਾਂ, ਅੰਤਰ-ਖੇਤਰ ਸਿੱਖਣਾ, ਵਿਦਿਆਰਥੀ ਕੇਂਦਰਤ ਸਿੱਖਣਾ ਅਤੇ ਵੱਖ-ਵੱਖ ਯੋਗਤਾਵਾਂ ਵਿੱਚ ਆਪਸੀ ਤਾਲਮੇਲ ਦੀ ਗੱਲ ਕਰਦਾ ਹੈ।ਜਿਸਦਾ ਕਿ ਜੀਵਨ ਭਰ ਪ੍ਰਭਾਵ ਰਹਿੰਦਾ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਗਰੇਡ IX ਤੋਂ ਗਰੇਡ XII ਤੱਕ ਵੱਖ-ਵੱਖ ਸੁਝਾਵਾਂ ਅਤੇ ਸੰਸਥਾਵਾਂ ਤੋਂ ਪ੍ਰਾਪਤ ਪ੍ਰਕ੍ਰਿਆ ਰਾਹੀਂ ਤਿਆਰ ਕੀਤੀ ਗਈ ਹੈ ।

SCEALS ਕਿ ਹਰਿਆਣਾ ਸਕੂਲ ਸਿੱਖਿਆ ਵਿਭਾਗ ਦਾ ਇੱਕ ਭਾਗ ਹੈ ਨੇ ਇੱਕ ਅਜਿਹਾ ਮੌਡੂਲਰ ਕਰੀਕੁਲਾ (Modular curricula) ਅਤੇ ਸਿੱਖਣ ਸਮੱਗਰੀ (ਇਕਾਈ) ਦਾ ਮੈਟੀਰੀਅਲ ਕਿੱਤਾ ਮਈ ਸਿੱਖਿਆ ਦੇ ਲਈ ਸਰੀਰਕ ਸਿੱਖਿਆ ਅਤੇ ਖੇਡਾਂ ਦੇ ਖੇਤਰ ਲਈ ਤਿਆਰ ਕੀਤਾ ਹੈ। ਸਰੀਰਕ ਸਿੱਖਿਆ ਟਰੇਨਰ ਦੀ ਭੂਮਿਕਾ N S Q F ਪੱਧਰ ਇੱਕ ਤੋਂ ਚਾਰ, ਪੱਧਰ ਇੱਕ ਗਰੇਡ IX ਦੇ ਸਮਾਨ ਹੈ । ਪੱਧਰ ਚਾਰ ਗਰੇਡ XII ਦੇ ਬਰਾਬਰ ਕੀਤਾ ਗਿਆ ਹੈ ।

ਵਿਦਿਆਰਥੀਆਂ ਦੀ ਅਭਿਆਸ ਪੁਸਤਿਕਾ ਤੋਤਾ-ਰਟਨ ਨੂੰ ਨਿਰਉਤਸ਼ਾਹਿਤ ਕਰਦੀ ਹੈ ਅਤੇ ਵੱਖਰੇ-ਵੱਖਰੇ ਵਿਸ਼ਿਆਂ ਵਿੱਚ ਜਰੂਰੀ ਭਾਗ ਬਣਾਉਂਦੀ ਹੈ । ਅਭਿਆਸ ਪੁਸਤਿਕਾ ਦੀ ਕੋਸ਼ਿਸ਼ ਹੈ ਜਿਸ ਨਾਲ ਪ੍ਰਯੋਗੀ ਸਿੱਖਿਆ ਛੋਟੇ ਭਾਗਾਂ ਵਿੱਚ ਵਿਚਾਰ, ਚਰਚਾ ਅਤੇ ਗਤੀਵਿਧੀਆਂ ਨੂੰ ਤਜਰਬੇ ਵਿੱਚ ਸ਼ਾਮਿਲ ਕਰਨ ਦੀ ਸਿੱਖਿਆ ਤੋਂ ਹੈ । ਸਾਨੂੰ ਉਮੀਦ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ 1986 ਵਿੱਚ ਵਿਦਿਆਰਥੀ ਕੇਂਦਰਿਤ ਪਹੁੰਚ ਕੀਤੀ । ਇਹ ਇੱਕ ਵੱਡਾ ਕਦਮ ਹੈ ।

ਇਸ ਯਤਨ ਦੀ ਸਫਲਤਾ ਸਕੂਲ ਮੁੱਖੀਆ ਅਤੇ ਅਧਿਆਪਕਾਂ ਦੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਕਲਪਨਾ ਸ਼ੀਲਤਾ ਵੱਲ ਲੈ ਜਾ ਕੇ ਗਤੀਵਿਧੀਆਂ ਕਰਾਉਣ ਤੇ ਨਿਰਭਰ ਕਰਦੀ ਹੈ । ਵਿਦਿਆਰਥੀਆਂ ਦੀ ਸਿੱਖਣ ਸਿਖਾਉਣ ਦੀ ਪ੍ਰਕਿਆ ਵਿੱਚ ਉਦੋਂ ਹੀ ਕੀਮਤਾਂ ਅਤੇ ਨਿਰਮਾਣ ਕਰਨ ਵਿੱਚ ਯੋਗਤਾ ਵਧੇਗੀ ਜੇਕਰ ਉਹ ਸੂਚਨਾ ਪ੍ਰਾਪਤ ਕਰਨ ਵਾਲੇ ਨਹੀ ਹੋਣਗੇ । ਰੋਜ਼ਾਨਾ ਸਮਾਂ ਸਾਰਣੀ ਵਿੱਚ ਇੰਨੀ ਕੁ ਲਚਕਤਾ ਹੋਣੀ ਚਾਹੀਦੀ ਹੈ ਜਿਸ ਨਾਲ ਇਹ ਕੰਮ ਰੂਟੀਨ ਵਿੱਚ ਜੇਕਰ ਨਾਂ ਹੋ ਸਕੇ ਤਾਂ ਪੜਾਉਣ ਦੇ ਦਿਨ ਵਧਾਉਣੇ ਚਾਹੀਦੇ ਹਨ ।

ਹਰੇਕ ਸਕੂਲ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਉਸ ਸਮੇਂ ਹੀ ਪੂਰਾ ਕਰ ਸਕੇਗਾ ਜੇਕਰ ਉਸ ਕੋਲ ਖੇਡਾਂ ਦੀ ਬੁਨਿਆਦੀ ਲੋੜਾਂ ਪੂਰੀਆਂ ਹਨ । ਇਸ ਦੇ ਲਈ ਗੁਆਂਢੀ ਇਲਾਕੇ ਦੇ ਸਕੂਲਾਂ ਦੀ ਵੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਕਿ ਸਥਾਨਕ ਪੱਧਰ ਤੇ ਖੇਡਾਂ ਦੇ ਪੱਧਰ ਨੂੰ ਪ੍ਰਫੁਲਿਤ ਕੀਤਾ ਜਾ ਸਕੇ ।

Downloaded from https:// www.studiestoday.com

Downloaded from https:// www.studiestoday.com

ਹਰੇਕ ਸਕੂਲ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਉਸ ਸਮੇਂ ਹੀ ਪੂਰਾ ਕਰ ਸਕੇਗਾ ਜੇਕਰ ਉਸ ਕੋਲ ਖੇਡਾਂ ਦੀ ਬੁਨਿਆਦੀ ਲੋੜਾਂ ਪੂਰੀਆਂ ਹਨ । ਇਸ ਦੇ ਲਈ ਗੁਆਂਢੀ ਇਲਾਕੇ ਦੇ ਸਕੂਲਾਂ ਦੀ ਵੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਕਿ ਸਥਾਨਕ ਪੱਧਰ ਤੇ ਖੇਡਾਂ ਦੇ ਪੱਧਰ ਨੂੰ ਪ੍ਰਫੁਲਿਤ ਕੀਤਾ ਜਾ ਸਕੇ ।

Downloaded from https:// www.studiestoday.com

Downloaded from https:// www.studiestoday.com

ਖੇਤਰ ਬਾਰੇ

ਸਰੀਰਕ ਸਿੱਖਿਆ ਅਤੇ ਖੇਡਾਂ ਦਾ ਖੇਤਰ ਇੱਕ ਅਜਿਹਾ ਹੈ ਜਿਸਦਾ ਅੱਗੇ ਬਹੁਤ ਸਕੋਪ ਹੈ, ਸਮਾਜ ਉਤੇ ਇਸ ਦਾ ਬਹੁਤ ਹੀ ਡੂੰਘਾ ਪ੍ਰਭਾਵ ਹੈ । ਦੇਸ਼ ਵਿੱਚ ਖੇਡਾਂ ਪ੍ਰਤੀ ਜਾਗਰੁਕਤਾ ਅਤੇ ਸਭਿਆਚਾਰ ਦੀ ਕਮੀ ਹੈ । ਆਮ ਧਾਰਨਾ ਹੈ ਕਿ ਖੇਡਾਂ ਨੂੰ ਪੜਾਈ ਦੀ ਕੀਮਤ ਤੇ ਹੀ ਵਧਾਇਆ ਜਾ ਸਕਦਾ ਹੈ । ਭਾਰਤ ਵਿੱਚ ਇਸ ਸੰਬੰਧ ਵਿੱਚ ਇੱਕ ਆਮ ਕਹਾਵਤ ਹੈ:

“ਪੜੋਗੇ ਲਿਖੋਗੇ ਬਣੋਗੇ ਨਵਾਬ , ਖੇਲੋਗੇ ਕੁਦੋਗੇ ਬਣੋਗੇ ਖਰਾਬ “ ਇਸ ਤਰ੍ਹਾਂ ਦੀਆਂ ਧਾਰਨਾਵਾਂ ਸਰੀਰਕ ਗਤੀਵਿਧੀਆਂ ਵੱਲ ਸਾਡਾ ਸੰਤੁਲਨ ਵਿਗਾੜਦੀਆਂ ਹਨ ।

ਜਿਸ ਤਰ੍ਹਾਂ ਕਿ ਅਸੀਂ ਇਨਾਂ ਸਾਰੇ ਮਸਲਿਆਂ ਜਿਵੇ ਖੜੀ ਜੀਵਨ ਸ਼ੈਲੀ, ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਭੋਜਨ ਆਦਤਾਂ, ਤਣਾਵ ਯੁਕਤ ਜੀਵਨ ਕ੍ਰਮ ਨਾਲ ਇੱਕੀਵੀ (21 ਵੀਂ) ਸਦੀ ਵਿੱਚ ਜੀ ਰਹੇ ਹਾਂ, ਇਸ ਅਸੰਤੁਲਨ ਨੂੰ ਬਦਲਣ ਦੀ ਜ਼ਰੂਰਤ ਹੈ, ਨਹੀ ਤਾਂ ਅਸੀਂ ਉਸ ਪੀੜੀ ਦਾ ਸਾਹਮਣਾ ਕਰਾਂਗੇ ਜਿਸਦਾ ਜੀਵਨ ਨਾਲ ਪਿਛਲੀਆਂ ਪੀੜੀਆ ਤੋਂ ਘੱਟ ਹੋਵੇਗਾ । ਇੱਕ ਅਧਿਐਨ ਅਨੁਸਾਰ 30% ਬੱਚੇ ਮੋਟੇ ਹਨ । ਮੋਟਾਪਾ ਇੱਕ ਬੀਮਾਰੀ ਹੈ । ਖੋਜ ਇਹ ਵੀ ਦਰਸ਼ਾਉਦੀ ਹੈ ਕਿ 80% ਮੋਟੇ ਬੱਚੇ ਵੱਡੇ ਹੋ ਕੇ ਮੋਟੇ ਹੀ ਰਹਿੰਦੇ ਹਨ ਜੋ ਕਿ ਚਿੰਤਾ ਦਾ ਅੰਕੜਾ ਹੈ । ਇਸ ਕੈਟਾਗਰੀ (ਸ਼੍ਰੇਣੀ) ਵਿੱਚ ਸ਼ੂਗਰ, ਉੱਚ ਕੋਲੋਸਟ੍ਰੋਜ ਅਤੇ ਤਨਾਵ ਸੰਬੰਧਿਤ ਅਨਿਯਤਾਵਾਂ ਆਮ ਹਨ ।

ਕਿਸੇ ਵੀ ਜੀਵਨ ਸੈਲੀ ਵਿੱਚ ਸਰੀਰਕ ਕ੍ਰਿਆਵਾਂ ਦਾ ਬੀਜ ਉਸਦੇ ਬਚਪਨ ਵਿਚੋਂ ਹੀ ਬੀਜਿਆ ਜਾ ਸਕਦਾ ਹੈ ।ਇਹ ਇੱਕ ਅਜਿਹੀ ਆਦਤ ਹੈ ਜੋ ਕਿ ਛੋਟੇ ਹੁੰਦਿਆਂ ਤੋਂ ਹੀ ਪਾਉਣੀ ਚਾਹੀਦੀ ਹੈ । ਇਸ ਤੋਂ ਇਹ ਸਪੱਸਟ ਹੋ ਜਾਂਦਾ ਹੈ ਕਿ ਸਰੀਰਕ ਸਿੱਖਿਆ ਸਾਡੀ ਸਿੱਖਿਆ ਦਾ ਇੱਕ ਅਟੁੱਟ ਅੰਗ ਹੈ । ਅਸੀਂ ਜੀਵਨ ਦੀਆਂ ਕਈ ਕ੍ਰਿਆਵਾਂ ਖੇਡਾਂ ਰਾਹੀ ਸਿੱਖਦੇ ਹਾਂ ਜੋ ਕਿ ਸਾਨੂੰ ਬਿਹਤਰ ਨਾਗਰਿਕ ਬਣਾਉਦੀਆਂ ਹਨ ।

ਸਰਕਾਰ ਨੇ ਸਿੱਖਿਆ ਵਿੱਚ ਸਰੀਰਕ ਸਿੱਖਿਆ ਨੂੰ ਇੱਕ ਅਟੁੱਟਵਾਂ ਹਿੱਸਾ ਹੋਣ ਦੀ ਜ਼ਰੂਰਤ ਨੂੰ ਪਹਿਚਾਣ ਲਿਆ ਸੀ ਅਤੇ ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਮਿਆਰੀ ਪੱਧਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ । ਭਾਰਤ ਵਿੱਚ ਇਹ ਤਾਂ ਇੱਕ ਹੇਠਲੇ ਪੱਧਰ ਦੀ ਦਖਲ ਹੈ ਜੋ ਕਿ ਹੌਲੀ-ਹੌਲੀ ਸਰੀਰਕ ਸਿੱਖਿਆ ਨੂੰ ਖੇਡ ਸੰਬੰਧੀ ਉਦਯੋਗ ਵੱਲ ਲੈ ਕੇ ਜਾਏਗੀ ।

ਇਸ ਸਮੇਂ ਫੌਰੀ ਤੌਰ ਤੇ ਵੱਖ-ਵੱਖ ਪੱਧਰ ਤੇ ਚੰਗੀ ਕਿਸਮ ਦੀ ਸਰੀਰਕ ਸਿੱਖਿਆ ਅਤੇ ਖੇਡ ਅਧਿਕਾਰੀਆਂ ਦੀ ਜ਼ਰੂਰਤ ਹੈ । ਇਹ ਜ਼ਰੂਰਤ ਆਉਣ ਵਾਲੇ ਸਾਲਾਂ ਵਿੱਚ ਇੱਕ ਧਮਾਕੇ ਨਾਲ ਉਹਨਾਂ ਸਾਰਿਆਂ ਨੂੰ ਮੌਕਾ ਪ੍ਰਦਾਨ ਕਰੇਗੀ ਜੋ ਕਿ ਖੇਡਾਂ ਨਾਲ ਜੁੜਨਾ ਅਤੇ ਖੇਡਾਂ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ । ਇਸ ਖੇਤਰ ਵਿੱਚ ਕਈ ਨੌਕਰੀਆਂ ਦੇ ਮੌਕੇ ਪਹਿਲਾਂ ਤੋ ਹੀ ਹਨ ਜਿਵੇਂ ਸਰੀਰਕ ਸਿੱਖਿਆ ਅਧਿਆਪਕ, ਸਪੋਰਟਸ ਕੋਚ, ਫਿਜੀ ਓਥਰੈਪਿਸਟਸ, ਪਾਲਣ ਪੋਸ਼ਣ ਕਰਤਾ, ਸਪੋਰਟਸ ਡਾਕਟਰ, ਖੇਡ ਅਧਿਕਾਰੀ, ਭਿੰਨ-ਭਿੰਨ ਖੇਡਾਂ ਦੇ ਮੈਨੇਜਰ ਆਦਿ ਕੁੱਝ ਇਨ੍ਹਾਂ ਵਿੱਚੋਂ ਹਨ ।

ਇਸ ਖੇਤਰ ਵਿੱਚ ਪੇਸ਼ਾਵਰਾਂ (Professionals) ਦੀ ਮੰਗ ਅਤੇ ਪੂਰਤੀ ਵਿੱਚ ਗੈਪ (ਪਾੜਾ) ਹੈ। ਜੋ ਕਿ ਗੁਣਤਾ ਦੇ ਨਾਲ-ਨਾਲ ਸੰਖਿਆ ਵਿੱਚ ਵੀ ਹੈ।ਸਰੀਰਕ ਸਿਖਲਾਈ ਅਤੇ ਖੇਡਾਂ ਵਾਲੇ ਕਿੱਤਾ ਮਈ ਕੋਰਸ (ਵੋਕੇਸ਼ਨਲ ਕੋਰਸ) ਇਸ ਖੇਤਰ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਬੁਨਿਆਦੀ ਪੱਧਰ ਵੀ ਦਿੰਦੇ ਹਨ । ਇਸ ਕੋਰਸ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸ਼ੁਰੂਆਤੀ ਦਰਜੇ ਦਾ ਗਿਆਨ ਹੋਣਾ ਚਾਹੀਦਾ ਹੈ । ਇਹ ਕਲਾਵਾਂ ਸਿੱਖਿਆ ਦੇ ਖੇਤਰ ਵਿੱਚ ਜਾਂ ਰੋਜਗਾਰ ਅੱਗੇ ਵੱਧਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਹਨ ।

Downloaded from https:// www.studiestoday.com

Downloaded from https:// www.studiestoday.com

ਵਿਦਿਆਰਥੀਆਂ ਨੂੰ ਖੇਡ ਦੇ ਖੇਤਰ ਵਿੱਚ ਜੋ ਮੌਕੇ ਚਾਹੀਦੇ ਹਨ, ਉਹ ਹੇਠ ਲਿਖੀ ਸਾਰਣੀ ਅਨੁਸਾਰ ਹਨ:-

ਸੈਲਫ (ਖੁਦ)	ਸਕੂਲਜ	ਸਪੋਰਟਸ ਅਕੈਡਮੀ	ਫਿਟਨੈੱਸ ਕੇਂਦਰ	ਹਸਪਤਾਲ	ਸਪੋਰਟਸ ਈਵੈਂਟਸ
ਪੇਸ਼ਾਵਰ ਖਿਡਾਰੀ	ਸਰੀਰਕ ਸਿੱਖਿਆ ਅਧਿਆਪਕ	ਸਪੋਰਟਸ ਕੋਚ	ਫਿਟਨੈੱਸ ਟਰੇਨਰਜ	ਸਪੋਰਟਸ ਡਾਕਟਰ	ਈਵੈਂਟ ਮੈਨੇਜਰ
	ਸ਼ੁਰੂਆਤ ਵਿੱਚ ਫਿਜੀਕਲ ਟਰੇਨਰਜ	ਸਹੂਲਤ ਮੈਨੇਜਰ	ਪਾਲਣ ਪੋਸ਼ਣ ਕਰਤਾ	ਫਿਜੀਓਥਰੈਪਿਸਟਸ	ਅਧਿਕਾਰੀ
	ਸਪੋਰਟਸ ਕੋਚ	ਅਕੈਡਮੀ ਮੈਨੇਜਰ		ਪਾਲਣ ਪੋਸ਼ਣ ਕਰਤਾ	ਟਿਪਣੀਕਾਰ ਜਰਨਲਇਸਟ (ਪੱਤਰਕਾਰ)

ਜਿਵੇਂ ਕਿ ਇਸ ਖੇਤਰ ਵਿੱਚ ਜ਼ਿਆਦਾਤਰ ਨੌਕਰੀਆਂ ਕਰਨ ਵਾਲੇ ਕਰਮਚਾਰੀ ਨੂੰ ਆਪਣੇ ਨਾਲ ਦੇ ਸਾਥੀਆਂ ਨਾਲ ਵਰਤਣਾ ਪੈਂਦਾ ਹੈ, ਇਸ ਸੰਬੰਧ ਵਿੱਚ ਉਨ੍ਹਾਂ ਨੂੰ ਕਈ ਕਲਾਵਾਂ ਲੋੜੀਂਦੀਆਂ ਹਨ । ਪੱਧਰ-1 ਦਾ ਵੋਕੇਸ਼ਨਲ ਕੋਰਸ ਵਿਦਿਆਰਥੀਆਂ ਨੂੰ ਕਈ ਕਲਾਵਾਂ ਸਿਖਾਉਣ ਵਿੱਚ ਮਦਦ ਕਰੇਗਾ । ਇਸ ਖੇਤਰ ਲਈ ਤਾਂ ਜੋ ਉਨ੍ਹਾਂ ਨੂੰ ਇਸਦੇ ਸਕੋਪ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਨੂੰ ਆਪਣੀ ਅੰਦਰੂਨੀ Choice ਨੂੰ ਘੋਖਣ ਦਾ ਮੌਕਾ ਮਿਲੇ ।

ਜਿਵੇਂ ਕਿ ਕੋਰਸ ਪੱਧਰ-2 ਤੱਕ ਵੱਧਦਾ ਹੈ ਵਿਦਿਆਰਥੀ ਗਰਾਊਂਡ ਮਾਰਕਿੰਗ ਕਰਨ ਵਿੱਚ ਪੱਕਾ ਹੋਵੇਗਾ, ਸਰੀਰਕ ਸਿੱਖਿਆਂ ਅਧਿਆਪਕ ਦੀ ਸਕੂਲ ਜਾਂ ਅਕੈਡਮੀ ਵਿੱਚ ਸਹਾਇਤਾ ਕਰੇਗਾ । ਪੱਧਰ-4 ਦੇ ਵਿਦਿਆਰਥੀ ਖੁੱਦ ਸਕੂਲ ਦੇ ਸਰੀਰਕ ਸਿੱਖਿਆ ਡਾਇਰੈਕਟਰ ਜਾਂ ਟੀਮ ਕੋਚ ਦੇ ਸਾਹਮਣੇ ਆਪਣਾ ਪਾਠ ਪੂਰਾ ਕਰੇਗਾ । ਉਨ੍ਹਾਂ ਨੂੰ ਸਰੀਰਕ ਸਿੱਖਿਆ ਦਾ ਬੁਨਿਆਦੀ ਗਿਆਨ ਜਿਵੇਂ- ਸਕਿਲ, ਨਿਯਮ, ਗਰਾਊਂਡ ਮਾਰਕਿੰਗ, ਟੂਰਨਾਮੈਂਟ ਕਰਾਉਣਾ, ਬੁਨਿਆਦੀ ਫਸਟ ਏਡ ਅਤੇ ਇਸ ਤਰ੍ਹਾਂ ਦੇ ਹੋਰ ਪਾਠ ਆਦਿ ਹੋ ਜਾਏਗਾ । ਉਨ੍ਹਾਂ ਨੂੰ Skill Verse Fitness ਅਤੇ ਉਨ੍ਹਾਂ ਦੋਵਾਂ ਦੀ ਸੁਧਾਰ ਲਈ ਕੀ ਕਰਨਾ ਚਾਹੀਦਾ ਹੈ ਤਾਂ ਗਿਆਨ ਹੋਵੇਗਾ ।

ਸਕੂਲਾਂ ਵਿੱਚ ਸਰੀਰਕ ਸਿੱਖਿਆ ਦੇ ਟਰੇਨਰਜ਼ ਦੀ ਖਾਸ ਲੋੜ ਹੈ ਜੋ ਕਿ ਵਿਦਿਆਰਥੀਆਂ ਨੂੰ ਸਰੀਰਕ ਕ੍ਰਿਆਵਾਂ ਕਰਾਉਣ ਲਈ ਉਤਸ਼ਾਹਿਤ ਕਰਨ, ਖੇਡਾਂ ਲਈ ਦਿਲਚਸਪੀ, ਸਮਾਜ ਵਿੱਚ ਰਹਿਣ ਆਦਿ ਲਈ ਵਿਦਿਆਰਥੀਆਂ ਨੂੰ ਇਹ ਕਰਨ ਲਈ ਯੋਗ ਕਰਨਗੇ ।

Downloaded from https:// www.studiestoday.com

Downloaded from https:// www.studiestoday.com

ਧੰਨਵਾਦ

ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਭਾਰਤੀ ਨੌਜਵਾਨਾਂ ਦੀ ਹਮੇਸ਼ਾ ਹੀ ਇੱਕ ਪ੍ਰੇਰਣਾਦਾਇਕ ਦੇਣ ਰਹੀ ਹੈ ।

ਅਸੀਂ ਉਨ੍ਹਾਂ ਸਕੂਲਾਂ ਦਾ ਧੰਨਵਾਦ ਕਰਦੇ ਹਾਂ ਜਿਹੜੇ ਕਿ ਸਾਡਾ ਹਿੱਸਾ ਬਣੇ ਅਤੇ ਜਿਨ੍ਹਾਂ ਨੇ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਮਜ਼ਬੂਤ ਕਰਨ ਵਿੱਚ ਸਾਡੀ ਸਹਾਇਤਾ ਕੀਤੀ । ਉਨ੍ਹਾਂ ਨੇ ਸਾਡੇ ਵਿਚਾਰਾਂ ਤੇ ਵਿਸ਼ਵਾਸ ਕੀਤਾ ਤੇ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿਸ ਦਾ ਸਹੀ ਪ੍ਰਭਾਵ ਸਹੀ ਉਮਰ ਵਿੱਚ ਪਿਆ ।

ਅਸੀਂ ਉਨ੍ਹਾਂ ਸਰੀਰਕ ਸਿੱਖਿਆ ਕਾਲਜਾਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨਾਂ ਕੇਵਲ ਸਾਨੂੰ ਅਗਵਾਈ ਅਤੇ ਵਿਦਿਆਰਥੀ ਦਿੱਤੇ ਸਗੋਂ ਆਪਣਾ ਸਮਰਥਨ ਵੀ ਜਦੋਂ ਅਸੀਂ ਚਾਹਿਆ ਉਦੋਂ ਹੀ ਦਿੱਤਾ । ਅਸੀਂ ਉਨ੍ਹਾਂ ਸਰੀਰਕ ਸਿੱਖਿਆ ਪੇਸ਼ਾਵਰਾਂ (Professionals) ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੇ ਸਾਡੇ ਨਾਲ ਕੰਮ ਕੀਤਾ, ਇਨ੍ਹਾਂ ਦੀ ਸਹਾਇਤਾ ਤੋਂ ਅਸੀਂ ਸਰੀਰਕ ਸਿੱਖਿਆ ਵਿੱਚ ਉਹ ਬਦਲਾਅ ਨਹੀਂ ਲਿਆ ਸਕਦੇ ਸੀ ਜੋ ਅਸੀਂ ਲਿਆਦੇ ਕਿਉਂਕਿ ਸਕੂਲ, ਅਧਿਕਾਰੀ, ਮਾਪੇ ਅਤੇ ਵਿਦਿਆਰਥੀ ਇਨ੍ਹਾਂ ਦੇ ਨਾਲ ਸਿੱਧੇ ਸੰਪਰਕ ਵਿੱਚ ਰਹੇ ।

ਅਸੀਂ ਭਾਰਤ ਦੇ ਉਨ੍ਹਾਂ ਖਿਡਾਰੀਆਂ ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇਹ ਕੰਮ ਯੋਗ ਤਰੀਕੇ ਨਾਲ ਕਰਨ ਲਈ ਰਸਤਾ ਵਿਖਾਇਆ ।

ਅਸੀਂ ਆਪਣੇ ਉਨ੍ਹਾਂ ਸਾਰੇ ਸ਼ੁਭਚਿੰਤਕਾਂ, ਦੋਸਤਾਂ ਅਤੇ ਸਾਰੇ ਨਿਵੇਸ਼ ਕਰਨ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਖੁੱਲਦਿਲੀ ਨਾਲ ਸਾਡੇ ਇਸ ਯਤਨ ਨੂੰ ਇੱਕ ਅਜਿਹਾ ਪਲੇਟਫਾਰਮ ਦਿੱਤਾ ਜਿੱਥੇ ਅਸੀਂ ਆਪਣੇ ਵਿਚਾਰ, ਉਤਪਾਦ ਅਤੇ ਸੇਵਾਵਾਂ ਉਨ੍ਹਾਂ ਦੇ ਸਾਹਮਣੇ ਰੱਖੀਆ ਜਿਹੜੀਆਂ ਕਿ ਉਨ੍ਹਾਂ ਦੁਆਰਾ ਦਿੱਤੇ ਮੌਕੇ ਤੇ ਵਿਸਵਾਸ਼ ਤੋਂ ਬਿਨਾਂ ਸੰਭਵ ਨਹੀਂ ਸਨ ।

ਸਾਡੀ ਇਸ ਪ੍ਰੇਰਣਾ ਨਾਲ ਕਿੱਤਾ ਮਈ ਕੋਰਸ ਸਕੂਲਾਂ ਵਿੱਚ ਸ਼ੁਰੂ ਹੋਏ ਅਤੇ ਸਾਨੂੰ ਵਿਦਿਆਰਥੀਆਂ ਦੇ ਚਿਹਰੇ ਤੇ ਮੁਸਕਰਾਹਟ ਦੇਖ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਅਸੀਂ ਸਿਹਤ ਅਤੇ ਤੰਦਰੁਸਤ ਰਾਸ਼ਟਰ ਵੱਲ ਇੱਕ ਕਦਮ ਵਧਾਇਆ ਹੈ।

ਅਸੀਂ ਮਨੁੱਖੀ ਸਰੋਤ ਮੰਤਰਾਲੇ (M H R D), ਭਾਰਤ ਸਰਕਾਰ (G O I) ਅਤੇ N S D C ਦਾ ਵੀ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਸਰੀਰਕ ਸਿੱਖਿਆ ਅਤੇ ਖੇਡਾਂ ਨੂੰ ਸਕੂਲ ਪਾਠਕ੍ਰਮ ਦਾ ਹਿੱਸਾ ਬਣਾਉਦੇ ਹੋਏ ਸਾਡੀ ਇਸ ਸਹਿਭਗਤਾ ਨੂੰ ਸਲਾਇਆ ।

ਅਸੀਂ Srividya MajMudar, Javed Azad Khan, Pavan Gamatam, Delix lssac , Anuradha Venkatraman ਅਤੇ Jyoti MajMudar ਦਾ ਜਿਨ੍ਹਾਂ ਦੇ ਇੱਕਠੇ ਯਤਨਾਂ ਸਦਕਾ ਨਾਲ ਹੈਂਡ ਬੁੱਕ ਪਾਠਕ੍ਰਮ ਪੱਧਰ – II ਲਿਆਉਣ ਵਿੱਚ ਮਦਦ ਕੀਤੀ ।

Downloaded from https:// www.studiestoday.com

Downloaded from https:// www.studiestoday.com

ਅਸੀਂ Dr. Vinay Swarup Mehrotra, ਹੈੱਡ ਪਾਠਕ੍ਰਮ ਵਿਕਾਸ ਅਤੇ ਮੁਲਾਂਕਣ ਕੇਂਦਰ (C D E C) , PSSCIVE , Prof-R.B Shivagunde ਸੰਯੁਕਤ ਡਾਇਰੈਕਟਰ, PSSCIVE , ਸਕੂਲ ਸਿੱਖਿਆ ਵਿਭਾਗ ਹਰਿਆਣਾ ਜਿਨ੍ਹਾਂ ਨੇ ਆਪਣੇ ਸਮਰਥਨ ਅਤੇ ਅਗਵਾਈ ਨਾਲ N S Q F ਅਨੁਸਾਰ ਪਾਠਕ੍ਰਮ ਤਿਆਰ ਕਰਨ ਵਿੱਚ ਸਹਾਇਤਾ ਕੀਤੀ ।

ਅਸੀਂ Edusports Lasourment ਅਤੇ Wadhworm ਫਾਊਡੇਸ਼ਨ ਵੱਲੋਂ ਵੀ ਦਿਤੀ ਗਈ ਦੇਣ ਅਤੇ ਸਹਾਇਤਾ ਲਈ ਵੀ ਇਸ ਪਾਠਕ੍ਰਮ ਨੂੰ ਤਿਆਰ ਕਰਨ ਲਈ ਧੰਨਵਾਦੀ ਹਾਂ ।

ਧੰਨਵਾਦ
S C E A L S
ਹਰਿਆਣਾ ਸਰਕਾਰ
ਫਰੀਦਾਬਾਦ ।

Downloaded from https:// www.studiestoday.com

Downloaded from https:// www.studiestoday.com

ਤੁਹਾਡੀ ਕਾਰਜ ਪੁਸਤਕ ਬਾਰੇ

ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਅਗਵਾਈ ਵਿੱਚ ਅਭਿਆਸ ਪੁਸਤਿਕਾ ਵਿੱਚੋ ਕਲਾਸ ਰੂਮ ਵਿੱਚ ਕੰਮ ਕਰਨਾ ਚਾਹੀਦਾ ਹੈ । ਇਸ ਕਿਤਾਬ ਵਿੱਚ ਸੈਸ਼ਨ ਹਨ ਜੋ ਤੁਹਾਨੂੰ ਲੋੜੀਂਦਾ ਗਿਆਨ ਤੇ ਭਿੰਨ-ਭਿੰਨ ਰੂਪ ਜੋ ਇਸ ਮਡਿਊਲ ਵਿੱਚ ਹਨ ਬਾਰੇ ਦਸਣਗੇ ।

ਹਰ ਸੈਸ਼ਨ ਇੰਨਾ ਕੁ ਛੋਟਾ ਹੁੰਦਾ ਹੈ ਕਿ ਅਗਲੇ ਸੈਸ਼ਨ ਤੇ ਜਾਣ ਤੋਂ ਪਹਿਲਾਂ ਇਸ ਨੂੰ ਅਸਾਨੀ ਨਾਲ ਜਜਬ ਕਰ ਲੈਦੇ ਹਾਂ। ਪਾਠ ਪੁਸਤਕ ਨੂੰ ਹੋਰ ਜਿਆਦਾ ਅੱਖਾਂ ਨੂੰ ਲੁਭਾਉਣ ਵਾਲੀ ਬਣਾਉਣ ਲਈ ਐਨੀਮੇਟਰ ਤਸਵੀਰਾਂ ਅਤੇ ਤਸਵੀਰਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ । ਇਸ ਦੀ ਵਿਸਥਾਰ ਪੂਰਵਕ ਸਿਰਜਨਾ ਲਈ ਤੁਸੀਂ ਆਪਣੀ ਕਲਪਨਾ ਅਨੁਸਾਰ ਕੋਸ਼ਿਸ ਕਰ ਸਕਦੇ ਹੋ ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ । ਆਓ ਦੇਖੀਏ ਸੈਸ਼ਨ ਦੇ ਇਸ ਭਾਗ ਵਿੱਚ ਤੁਹਾਡੇ ਲਈ ਕੀ ਹੈ ?

ਭਾਗ - 1 ਜਾਣ ਪਹਿਚਾਣ :- ਇਹ ਭਾਗ ਇਕਾਈ (Unit) ਦੇ ਵਿਸ਼ੇ ਨਾਲ ਜਾਣੂ ਕਰਵਾਉਂਦਾ ਹੈ।ਇਹ ਭਾਗ ਤੁਹਾਨੂੰ ਇਹ ਵੀ ਦੱਸੇਗਾ ਕਿ ਇਸ ਇਕਾਈ ਦੇ ਅੰਤਰਗਤ ਵੱਖ-ਵੱਖ ਸੈਸ਼ਨਾਂ ਰਾਹੀਂ ਤੁਸੀਂ ਕੀ ਸਿੱਖੋਗੇ ?

ਭਾਗ -2 ਢੁੱਕਵਾ ਗਿਆਨ : - ਇਹ ਭਾਗ ਤੁਹਾਨੂੰ ਇਸ ਸੈਸ਼ਨ ਦੇ ਅੰਦਰ ਆਉਦੇ ਵਿਸ਼ੇ / ਵਿਸ਼ਿਆਂ ਬਾਰੇ ਸੰਬੰਧਿਤ ਜਾਣਕਾਰੀ ਮੁੱਹਈਆ ਕਰਵਾਉਦਾ ਹੈ।ਇਸ ਭਾਗ ਰਾਹੀਂ ਪ੍ਰਾਪਤ ਕੀਤਾ ਗਿਆਨ ਤੁਹਾਨੂੰ ਕਈ ਕ੍ਰਿਆਵਾਂ ਕਰਨ ਦੇ ਯੋਗ ਬਣਾਉਂਦਾ ਹੈ । ਅਭਿਆਸ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਨੂੰ ਵਿਸ਼ੇ ਦੇ ਵੱਖ-ਵੱਖ ਤੱਥਾਂ ਤੇ ਆਪਣੀ ਸਮਝ ਵਧਾਉਣ ਲਈ ਦਿੱਤੀ ਜਾਣਕਾਰੀ ਨੂੰ ਪੜ੍ਹਨਾ ਚਾਹੀਦਾ ਹੈ ।

ਭਾਗ -3 ਅਭਿਆਸ : ਹਰ ਸੈਸ਼ਨ ਦੇ ਅਭਿਆਸ ਹਨ । ਜਿਨ੍ਹਾਂ ਨੂੰ ਕਿ ਤੁਹਾਨੂੰ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ । ਤੁਸੀਂ ਇਹ ਕ੍ਰਿਆਵਾਂ ਜਮਾਤ ਘਰ ਜਾਂ ਮੈਦਾਨ ਵਿੱਚ ਕਰੋਗੇ । ਇਸ ਭਾਗ ਵਿੱਚ ਆਉਂਦੀਆਂ ਕ੍ਰਿਆਵਾਂ ਤੁਹਾਡੇ ਕੰਮ ਦੀ ਜਗ੍ਹਾਂ 'ਤੇ ਸਮਰਥਾ ਨਾਲ ਕੰਮ ਕਰਨ ਲਈ ਲੋੜੀਂਦੇ ਗਿਆਨ, ਹੁਨਰ ਅਤੇ ਰਵੱਈਏ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ । ਇਹ ਕ੍ਰਿਆਵਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਟਰੇਨਰ ਦੀ ਨਿਗਰਾਨੀ ਹੇਠ ਕਰਨੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ । ਅਤੇ ਨਾਲ ਹੀ ਤੁਹਾਡੀ ਕਾਰਗੁਜ਼ਾਰੀ ਨੂੰ ਵਧੀਆ ਕਰਨ ਦਾ ਸੁਝਾਅ ਦੇਣਗੇ। ਇਸ ਨੂੰ ਪ੍ਰਾਪਤ ਕਰਨ ਲਈ ਆਪਣੇ ਅਧਿਆਪਕ ਜਾਂ ਟਰੇਨਰ ਦੀ ਸਲਾਹ ਨਾਲ ਇੱਕ ਸਮਾਂ ਸਾਰਣੀ ਤਿਆਰ ਕਰੋ ਅਤੇ ਸਖ਼ਤੀ ਨਾਲ ਤੈਅ ਕੀਤੇ ਦਰਜਿਆਂ ਅਤੇ ਨਿਯਮਾਂ ਦੀ ਪਾਲਣਾ ਕਰੋ। ਆਪਣੇ ਅਧਿਆਪਕ ਜਾਂ ਟਰੇਨਰ ਤੋਂ ਕੋਈ ਵੀ ਚੀਜ਼ ਪੁੱਛਣ ਤੋਂ ਸੰਕੋਚ ਨਾ ਕਰੋ ਜੋ ਤੁਹਾਨੂੰ ਸਮਝ ਨਾ ਆਈ ਹੋਵੇ ।

ਭਾਗ -4 ਅਸੈੱਸਮੈਂਟ : ਇਸ ਭਾਗ ਵਿੱਚ ਸ਼ਾਮਲ ਰੀਵਿਊ ਪ੍ਰਸ਼ਨ ਤੁਹਾਡੀ ਤਰੱਕੀ (ਉੱਨਤੀ) ਚੈਕ ਕਰਨਗੇ । ਤੁਸੀਂ ਅਗਲੇ ਸੈਸ਼ਨ ਜਾਣ ਤੋਂ ਪਹਿਲਾਂ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋਣੇ ਚਾਹੀਦੇ ਹੋ ।

ਭਾਗ -5 ਅਸੈੱਸਮੈਂਟ ਚੈਕਲਿਸਟ : ਚੈਕਲਿਸਟ ਨਾਲ ਤੁਹਾਨੂੰ ਮੌਕਾ ਮਿਲੇਗਾ ਕਿ ਤੁਸੀ ਇਸ ਵਿਸ਼ੇ ਦੇ ਸਾਰੇ ਟਾਪਿਕ ਕਵਰ ਕਰ ਲਏ ਹਨ । ਆਪਣੀ ਸਿੱਖਿਆ ਮਿਣਨ ਲਈ ਇਸ ਨੂੰ ਵਰਤੋਂ ।

Downloaded from https:// www.studiestoday.com

Downloaded from https:// www.studiestoday.com

ਪੀ ਐੱਸ 206 - ਐੱਨ ਕਿਊ 2014

ਸਪੋਰਟਸ ਈਵੈਂਟਸ ਦਾ ਪ੍ਰਬੰਧ ਕਰਨਾ

Downloaded from https:// www.studiestoday.com

Downloaded from https:// www.studiestoday.com

ਖੇਡ ਸਮਾਗਮ ਦਾ ਪ੍ਰਬੰਧ ਕਰਨਾ

ਜਾਣ - ਪਛਾਣ :-

ਖੇਡ ਸਮਾਗਮ ਨੂੰ ਆਯੋਜਨ ਕਰਨਾ ਅਤੇ ਪ੍ਰਬੰਧ ਕਰਨਾ ਦਿਨ ਪ੍ਰਤੀਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ । ਪਹਿਲਾਂ ਸਮਾਗਮ ਨਾਲ ਸਬੰਧਤ ਕੁੱਝ ਗਿਆਨ ਅਤੇ ਜੋਸ਼ ਨੂੰ ਇਕੱਠਾ ਕਰਨ ਦੀ ਲੋੜ ਸੀ ।

ਇਹ ਹੁਣ ਅਸਾਨ ਨਹੀਂ ਹੈ । ਸਮਾਗਮ ਦੇ ਮੈਨੇਜਰ ਬਹੁਤ ਵਧੀਆ ਹੋਣੇ ਚਾਹੀਦੇ ਹਨ । ਉਸ ਵਿੱਚ ਆਧੁਨਿਕ ਪ੍ਰਬੰਧਨ ਦੇ ਹੁਨਰ ਹੋਣੇ ਚਾਹੀਦੇ ਹਨ ਜਿਵੇਂ ਬਜਟ, ਇੰਤਜ਼ਾਮ ਕਰਨਾ, ਸਪਾਨਸਰਸ਼ਿਪ ਪ੍ਰਬੰਧਨ, ਸਥਾਨ ਦਾ ਪ੍ਰਬੰਧ ਕਰਨਾ, ਲੋਜਿਸਟਿਕ ਪ੍ਰਬੰਧ, ਸਹੂਲਤਾਂ ਦਾ ਪ੍ਰਬੰਧ ਆਦਿ ਚੰਗੇ ਤਜ਼ਰਬੇ ਉਨ੍ਹਾਂ ਨੂੰ ਇਹ ਕੰਮ ਕਰਨ ਵਿੱਚ ਉਤਸ਼ਾਹਿਤ ਕਰਨਾ ਹੈ ।

ਸਕੂਲ ਪੱਧਰ ਤੇ ਖੇਡ ਸਮਾਗਮ ਨੂੰ ਧਿਆਨ ਨਾਲ ਕਰਾਉਣਾ ਚਾਹੀਦਾ ਹੈ । ਹਰ ਪੱਲ ਉਸ ਵੱਲ ਨਿਗਰਾਨੀ ਰੱਖਣੀ ਚਾਹੀਦੀ ਹੈ । ਵੇਰਵੇ ਤੇ ਧਿਆਨ ਦੇਣ ਦੀ ਜਰੂਰਤ ਹੁੰਦੀ ਹੈ । ਇੱਥੇ ਬੱਚਿਆਂ ਨੂੰ ਖੇਡ ਸੰਸਾਰ ਬਾਰੇ ਪਹਿਚਾਣ ਕਰਾਉਣਾ ਜਰੂਰੀ ਹੈ । ਚੰਗੇ ਅਨੁਭਵ ਖੇਡ ਵਿੱਚ ਰਹਿਣ ਤੇ ਖੇਡ ਜਾਰੀ ਰੱਖਣ ਲਈ ਉਤਸ਼ਾਹਿਤ ਕਰਣਗੇ ।

'ਖੇਡ ਸਮਾਗਮ ਦਾ ਪ੍ਰਬੰਧਨ' ਦੇ ਮੋਡੀਊਲ ਦਾ ਇਹ ਸ਼ੈਸ਼ਨ ਪੂਰਾ ਹੋਣ ਤੇ ਤੁਸੀਂ ਯੋਗ ਹੋ ਜਾਵੋਗੇ ।

1. ਦਫ਼ਤਰੀ ਦੀ ਮੂਲ ਯੋਗਤਾ ਨੂੰ ਸਮਝਣ ਵਿੱਚ ।

2. ਕੋਰਟ / ਮੈਦਾਨ ਦੀ ਨਿਯਮਾਂ ਅਨੁਸਾਰ ਮਾਰਕਿੰਗ ਕਰਨ ਦੇ ਗਿਆਨ ਦਾ ਪ੍ਰਦਰਸ਼ਨ ।

3. ਲੋੜ ਅਨੁਸਾਰ ਸਮਾਨ ਦੀ ਸੰਭਾਲ ਅਤੇ ਰੱਖ - ਰਖਾਵ ।

4. ਸਪੋਰਟਸ ਡੇ (ਦਿਨ) ਅਤੇ ਟੁਰਨਾਮੈਂਟ ਦਾ ਪ੍ਰਬੰਧ ਕਰਨ ਦੇ ਗਿਆਨ ਦਾ ਪ੍ਰਦਰਸ਼ਨ ।

Downloaded from https:// www.studiestoday.com

Downloaded from https:// www.studiestoday.com

ਸੈਸ਼ਨ :1 ਔਫੀਸ਼ੀਏਟਿੰਗ ਵਿੱਚ ਮੁੱਢਲੀ ਨਿਪੁੰਨਤਾ ਪੈਦਾ ਕਰਨੀ

ਇੱਕ ਅਧਿਕਾਰੀ ਖੇਡ ਦੀ ਪ੍ਰਧਾਨਗੀ ਲਈ ਜਿੰਮੇਵਾਰ ਹੈਂ ਇਹ ਅਧਿਕਾਰੀ ਖੇਡ ਦੇ ਅੰਤ ਤੱਕ ਸਾਰੇ ਫੈਸਲੇ ਲੈਂਦਾ ਹੈ ਇਸ ਵਿੱਚ ਖੇਡ ਸੰਬੰਧੀ ਨਿਯਮ ਵੀ ਲਾਗੂ ਹੁੰਦੇ ਹਨ/ ਇਸ ਅਧਿਕਾਰੀ ਨੂੰ ਰੈਫਰੀ ਬਣਨ ਤੋਂ ਇਲਾਵਾ ਹੋਰ ਵੀ ਟਾਇਟਲ ਦਿੱਤੇ ਜਾਂਦੇ ਹਨ ਜਿਵੇਂ ਅੰਪਾਇਰ, ਜੱਜ, ਆਰਬਿਟਰ, ਲਾਈਨਮੈਨ, ਟਾਇਮ- ਕੀਪਰ, ਤਕਨੀਕੀ ਅਧਿਕਾਰੀ ਆਦਿ / ਇਹ ਟਾਇਟਲ ਨੀਚੇ ਲਿਖੀਆਂ ਖੇਡਾਂ ਅਨੁਸਾਰ ਲਾਗੂ ਹੋਣਗੇ:

ਖੇਡ ਦਾ ਨਾਂ	ਅਧਿਕਾਰੀ
ਫੁੱਟਬਾਲ	ਰੈਫਰੀ
ਬਾਸਕਟ	ਬਾਲ ਰੈਫਰੀ, ਸਕੋਰਰ, ਟਾਈਮਰ
